ੴ

# ਸਲੋਕ ਸਹਸਕ੍ਰਿਤੀ ਤੇ ਗਾਥਾ ਸਟੀਕ

ਭਾਈ ਜੋਗਿੰਦਰ ਸਿੰਘ ਤਲਵਾੜਾ

੧ੴ ਸਤਿਗੁਰਪ੍ਰਸਾਦਿ ॥

# ਸਲੋਕ ਸਹਸਕ੍ਰਿਤੀ
# ਤੇ
# ਗਾਥਾ ਸਟੀਕ


*ਟੀਕਾਕਾਰ :*

**ਭਾਈ ਜੋਗਿੰਦਰ ਸਿੰਘ ਤਲਵਾੜਾ**



**ਸਿੰਘ ਬ੍ਰਦਰਜ਼**

ਅੰਮ੍ਰਿਤਸਰ

# SALOK SAHASKRITI TE GATHA STEEK

*by*

BHAI JOGINDER SINGH TALWARA

ISBN 81-7205-144-1 (ਪੇਪਰ-ਬੈਕ)

ਸਤੰਬਰ 1981, ਜੂਨ 1985, ਅਪ੍ਰੈਲ 1990, ਜਨਵਰੀ 1995, ਮਾਰਚ 1998,
ਨਵੰਬਰ 2000, ਫ਼ਰਵਰੀ 2002, ਜੁਲਾਈ 2006, ਸਤੰਬਰ 2008
ਨੌਂਵੀਂ ਵਾਰ ਫ਼ਰਵਰੀ 2010

**ਮੁੱਲ : 25-00 ਰੁਪਏ**

*ਪ੍ਰਕਾਸ਼ਕ :*

**ਸਿੰਘ ਬ੍ਰਦਰਜ਼**

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ - 143 006

S.C.O. 223-24, ਸਿਟੀ ਸੈਂਟਰ, ਅੰਮ੍ਰਿਤਸਰ - 143 001

*E-mail* : singhbro@vsnl.com
*Website* : www.singhbrothers.com

*ਛਾਪਕ :*

ਪ੍ਰਿੰਟਵੈੱਲ, 146, ਇੰਡਸਟ੍ਰੀਅਲ ਫ਼ੋਕਲ ਪੁਆਇੰਟ, ਅੰਮ੍ਰਿਤਸਰ

# ਸਮਰਪਣ

ਗੁਰਬਾਣੀ ਦੇ ਆਸ਼ਕ ਹੰਸਲੇ ਗੁਰਸਿੱਖਾਂ

ਨੂੰ

ਜੋ ਗੁਰਬਾਣੀ ਰੂਪੀ ਮਾਣਕ ਮੋਤੀਆਂ ਦੀ ਅੰਮ੍ਰਿਤ-ਚੋਗ ਚੁਗਦੇ ਹੋਏ

ਆਪ ਵਿਗਸਦੇ ਹਨ

ਅਤੇ

ਸੰਸਾਰ ਨੂੰ ਵਿਗਾਸ ਬਖ਼ਸ਼ਦੇ ਹਨ !

# ਤਤਕਰਾ


ਆਰੰਭਕ ਬੇਨਤੀ ੫

ਸਹਾਇਕ ਗ੍ਰੰਥ ੮

**ਸਲੋਕ ਸਹਸਕ੍ਰਿਤੀ** ੯ ਤੋਂ ੮੪

(ਉਚਾਰਣ, ਪਦ ਅਰਥ, ਅਰਥ, ਸਾਰੰਸ਼)

**ਗਾਥਾ** ੮੫ ਤੋਂ ੧੦੩

(ਉਚਾਰਣ, ਪਦ ਅਰਥ, ਅਰਥ, ਸਾਰੰਸ਼)

# ਆਰੰਭਕ ਬੇਨਤੀ

**ਮੈ ਗੁਰਬਾਣੀ ਆਧਾਰੁ ਹੈ ਗੁਰਬਾਣੀ ਲਾਗਿ ਰਹਾਉ ॥**

*(ਸੂਹੀ ਮ: ੪, ਪੰਨਾ ੭੫੯)*

ਇਹ ਮਹਾਂ-ਵਾਕ ਚੌਥੇ ਪਾਤਿਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਦਾ ਹੈ। ਇਸ ਵਿੱਚੋਂ ਸਤਿਗੁਰਾਂ ਦੀ, ਗੁਰਬਾਣੀ ਪ੍ਰਤੀ ਆਸ਼ਕੀ ਫੁਟ ਫੁਟ ਪੈਂਦੀ ਹੈ। ਸਿਦਕੀ ਗੁਰਸਿੱਖਾਂ ਦੀ ਵੀ ਗੁਰਬਾਣੀ ਪ੍ਰਤੀ ਅਜਿਹੀ ਹੀ ਆਸ਼ਕੀ ਅਤੇ ਸ਼ਰਧਾ ਹੈ। ਗੁਰਸਿੱਖ ਗੁਰਬਾਣੀ ਨੂੰ ਰਸ ਰਸ ਕੇ ਗਾਉਂਦੇ ਹਨ ਤੇ ਗਾ ਗਾ ਰੱਜਦੇ ਨਹੀਂ। ਗੁਰਬਾਣੀ ਅੰਮ੍ਰਿਤ-ਸੰਪੰਨ ਹੈ।

ਗੁਰਬਾਣੀ ਦਾ ਗਾਉਣਾ, ਵੀਚਾਰਨਾ ਅਤੇ ਫਿਰ ਅਮਲ ਵਿਚ ਲਿਆਉਣਾ, ਇਹ ਸਾਰੇ ਉੱਦਮ ਸਫਲ ਤੇ ਸੁਖਦਾਈ ਹਨ:

**ਗੁਰਬਾਣੀ ਗਾਵਹ ਭਾਈ ॥**
**ਓਹ ਸਫਲ ਸਦਾ ਸੁਖਦਾਈ ॥** *(ਸੋਰਠਿ ਮ: ੫, ਪੰਨਾ ੬੨੮)*

ਮਨ ਗੁਰਬਾਣੀ ਵਿਚ ਵਧੇਰੇ ਜੁੜ ਸਕਦਾ ਹੈ ਜੇ ਬਾਣੀ ਦਾ ਬੋਧ ਹੋਵੇ। ਇਸੇ ਤਰ੍ਹਾਂ ਬਾਣੀ ਤਾਂ ਹੀ ਅਮਲ ਵਿਚ ਆ ਸਕਦੀ ਹੈ, ਜੇ ਬਾਣੀ ਦਾ ਬੋਧ ਹੋਵੇ। ਬਾਣੀ ਦਾ ਬੋਧ ਹੋਣਾ ਹਰੇਕ ਜੀਵ ਲਈ ਜ਼ਰੂਰੀ ਹੈ, ਇਸ ਨਾਲ ਜਗਿਆਸੂ ਦੇ ਮਨ ਨੂੰ ਗੁਰਬਾਣੀ ਵਿਚ ਨਿਰੂਪਨ ਕੀਤੇ ਗਏ ਭਾਵਾਂ ਨਾਲ ਇਕ-ਸੁਰ ਹੋਣ ਵਿਚ ਸਹਾਇਤਾ ਮਿਲਦੀ ਹੈ। ਗੁਰਬਾਣੀ ਦੇ ਲਾਸਾਨੀ ਦਰਸ਼ਨਾਚਾਰੀਆ ਭਾਈ ਗੁਰਦਾਸ ਜੀ ਦਾ ਫ਼ੁਰਮਾਨ ਹੈ:

**ਗੁਰਮੁਖਿ ਜਨਮੁ ਸਕਾਰਥਾ ਗੁਰਬਾਣੀ ਪੜ੍ਹਿ ਸਮਝਿ ਸੁਣੇਹੀ ॥**

*(ਵਾਰ ੧, ਪਉੜੀ ੩)*

ਬਾਣੀ ਦਾ ਬੋਧ ਕਰਾਉਣ ਵਾਲੇ ਕੇਂਦਰ ਅਥਵਾ ਵਸੀਲੇ ਪੰਥ ਵਿੱਚੋਂ ਬਹੁਤ ਘਟ ਗਏ ਹਨ ਤੇ ਦਿਨੋ-ਦਿਨ ਹੋਰ ਘਟਦੇ ਜਾ ਰਹੇ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕੁਝ ਬਾਣੀਆਂ ਬਹੁਤ ਮਹਿੰਗੀਆਂ ਹਨ, ਜਿਨ੍ਹਾਂ

ਦਾ ਸ਼ੁੱਧ ਉਚਾਰਣ ਅਤੇ ਅਰਥ-ਬੋਧ ਉਚੇਚੇ ਤੇ ਵਿਸ਼ੇਸ਼ ਉੱਦਮ ਕੀਤੇ ਬਗ਼ੈਰ ਆ ਸਕਣਾ ਅਸੰਭਵ ਹੈ। 'ਸਲੋਕ ਸਹਸਕ੍ਰਿਤੀ' ਅਤੇ 'ਗਾਥਾ' ਨਾਮ ਦੀਆਂ ਬਾਣੀਆਂ ਇਨ੍ਹਾਂ ਮਹਿੰਗੀਆਂ ਬਾਣੀਆਂ ਵਿੱਚੋਂ ਹਨ।

ਕਈ ਚੰਗੇ ਚੰਗੇ ਅਖੰਡ ਪਾਠੀ ਸੱਜਣ ਵੀ ਇਨ੍ਹਾਂ ਬਾਣੀਆਂ ਦਾ ਉਚਾਰਣ ਗ਼ਲਤ ਕਰਦੇ ਵੇਖੇ ਜਾਂਦੇ ਹਨ। ਕਾਰਨ ਇਹ ਪ੍ਰਤੀਤ ਹੁੰਦਾ ਹੈ ਕਿ ਉਨ੍ਹਾਂ ਨੂੰ ਇਹਨਾਂ ਬਾਣੀਆਂ ਦਾ ਅਰਥ-ਬੋਧ ਨਹੀਂ ਹੁੰਦਾ। ਅਰਥ-ਬੋਧ ਬਗ਼ੈਰ ਉਚਾਰਣ ਸ਼ੁੱਧ ਹੋ ਨਹੀਂ ਸਕਦਾ। ਇਸ ਤੱਥ ਤੋਂ ਪ੍ਰਭਾਵਤ ਹੋ ਕੇ ਉਪਰੋਕਤ ਬਾਣੀਆਂ ਦੀ ਵਿਸ਼ੇਸ਼ ਵਿਚਾਰ ਕੀਤੇ ਜਾਣ ਅਤੇ ਸਰਲ ਅਰਥ ਲਿਖੇ ਜਾਣ ਦੀ ਪ੍ਰੇਰਨਾ ਮਿਲੀ।

ਇਸ ਟੀਕੇ ਦੇ ਵੀਚਾਰ-ਵਟਾਂਦਰੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਸਟੱਡੀ ਟੀਮ ਦੇ ਮੈਂਬਰਾਂ ਭਾਈ ਜੋਗਿੰਦਰ ਸਿੰਘ ਜੀ ਵੇਦਾਂਤੀ, ਭਾਈ ਸੇਵਾ ਸਿੰਘ ਜੀ ਅਤੇ ਗੁਰਮੁਖਿ ਭੈਣ ਬੀਬੀ ਦਲਜੀਤ ਕੌਰ ਜੀ ਦਾ ਵਿਸ਼ੇਸ਼ ਮਿਲਵਰਤਣ ਮਿਲਿਆ। ਖਰੜੇ ਨੂੰ ਕਈ ਵਾਰ ਲਿਖਣ ਦੀ ਸੇਵਾ ਭਾਈ ਸੇਵਾ ਸਿੰਘ ਜੀ ਨਿਭਾਂਦੇ ਰਹੇ।

ਟੀਕਾ ਕਰਨ ਵਿਚ ਪੁਰਾਤਨ ਸਾਰੇ ਪ੍ਰਮੁੱਖ ਟੀਕਿਆਂ ਤੋਂ, ਖ਼ਾਸ ਕਰਕੇ ਪ੍ਰੋਫ਼ੈਸਰ ਸਾਹਿਬ ਸਿੰਘ ਜੀ ਦੇ ਟੀਕੇ ਤੋਂ, ਕਾਫ਼ੀ ਸਹਾਇਤਾ ਮਿਲੀ ਹੈ। ਵੱਧ ਤੋਂ ਵੱਧ ਜਤਨ ਇਹ ਕੀਤਾ ਗਿਆ ਹੈ ਕਿ ਮੂਲ ਬਾਣੀ ਦੀ ਸ਼ਬਦੀ ਬਣਤਰ ਦੇ ਨੇੜੇ ਰਹਿ ਕੇ, ਭਾਵ ਅਤੇ ਪ੍ਰਸੰਗ ਅਨੁਸਾਰ, ਗੁਰਬਾਣੀ ਦੀ ਲਗ-ਮਾਤ੍ਰੀ ਨਿਯਮਾਵਲੀ ਦੀ ਰੌਸ਼ਨੀ ਵਿਚ ਸਰਲ ਅਤੇ ਸੰਖੇਪ ਅਰਥ ਕੀਤੇ ਜਾਣ। ਇਸ ਵਿਚ ਕਿੰਨੀ ਕੁ ਸਫਲਤਾ ਹੋਈ ਹੈ, ਇਸ ਦਾ ਅੰਦਾਜ਼ਾ ਪਾਠਕ ਲਾ ਸਕਦੇ ਹਨ।

ਗੁਰਬਾਣੀ ਅਥਾਹ ਸਾਗਰ ਹੈ। ਇਸ ਦਾ ਗਿਆਨ ਅਗਾਧ ਬੋਧ ਹੈ। ਇਕ ਅਲਪਗ ਬੁੱਧੀ ਵਾਲੇ ਜੀਵ ਲਈ ਬਾਣੀ ਦਾ ਟੀਕਾ ਲਿਖਣਾ ਅਸੰਭਵ ਹੈ। ਅਰਥ-ਵਿਚਾਰ ਕਰਨ ਦੇ ਪਿਛੋਕੜ ਵਿਚ ਭਾਵਨਾ ਕੇਵਲ ਇੱਕੋ ਹੈ:

> "ਗੁਰੂ ਕੇ ਪਿਆਰੇ ਗੁਰਸਿੱਖ ਗੁਰ-ਭਾਈਆਂ ਨਾਲ ਪਿਉ ਦਾਦੇ ਦੇ ਇਸ ਅਮੋਲਕ ਵਿਰਸੇ ਦੀ ਵਿਚਾਰ-ਸਾਂਝ ਕਰਨੀ।"

ਇਸ ਵਜੋਂ ਜੇ ਕਿਣਕਾ ਕੁ ਦਾਸ ਨੂੰ ਬਖ਼ਸ਼ਸ਼ ਹੋ ਜਾਵੇ ਤਾਂ ਅਹੁ ਭਾਗ!

ਇਸ ਵਿਚ ਰਹਿ ਗਈਆਂ ਉਕਾਈਆਂ ਬਾਰੇ ਸੁਝਾਅ ਮਿਲਣ 'ਤੇ, ਉਨ੍ਹਾਂ ਨੂੰ ਧੀਰਜ ਨਾਲ ਵਿਚਾਰਿਆ ਜਾਵੇਗਾ ਅਤੇ ਉਨ੍ਹਾਂ ਤੋਂ ਲਾਭ ਪ੍ਰਾਪਤ ਕਰਨ ਦਾ ਜਤਨ ਕੀਤਾ ਜਾਵੇਗਾ।

ਅੰਮ੍ਰਿਤਸਰ **ਜੋਗਿੰਦਰ ਸਿੰਘ ਤਲਵਾੜਾ**

੨੨-੮-੮੧

# ਤੀਜੀ ਛਾਪ

ਸਹਸਕ੍ਰਿਤੀ ਸਲੋਕਾਂ ਵਿਚ 'ਯ' ਅੱਖਰ ਦੀ ਸੁਰ ਰੂਪ ਵਿਚ ਵਰਤੋਂ ਬਹੁਤ ਕੀਤੀ ਹੋਈ ਹੈ। ਅਜਿਹੇ ਸਾਰੇ ਸ਼ਬਦਾਂ ਦਾ 'ਉਚਾਰਣ' ਵੀ ਥਾਉਂ ਥਾਈਂ ਸਪੱਸ਼ਟ ਕਰ ਦਿੱਤਾ ਗਿਆ ਹੈ।

੨੭-੩-੯੦ **ਜੋਗਿੰਦਰ ਸਿੰਘ ਤਲਵਾੜਾ**

# ਚੌਥੀ ਛਾਪ

ਹੁਣ ਪੁਸਤਕ ਦੀ ਚੌਥੀ ਛਾਪ ਸੁਹਿਰਦ ਪਾਠਕਾਂ ਦੀ ਸੇਵਾ ਵਿਚ ਪੇਸ਼ ਹੈ। ਪਿਛਲੀਆਂ ਛਾਪ ਵਿਚਲੀਆਂ ਛਪਾਈ ਦੀਆਂ ਗ਼ਲਤੀਆਂ ਦੀ ਸੋਧ ਕਰ ਕੇ, ਇਸ ਦੀ ਕੰਪੋਜ਼ਿੰਗ ਕੰਪਿਊਟਰ 'ਤੇ ਕਰਾ ਕੇ ਆਫ਼ਸੈੱਟ ਪ੍ਰੈਸ ਰਾਹੀਂ ਛਪਵਾਈ ਕਰਾਈ ਗਈ ਹੈ। ਆਪਣੇ ਵੱਲੋਂ ਪੂਰੀ ਸਾਵਧਾਨੀ ਵਰਤੀ ਗਈ ਹੈ ਕਿ ਅਰਥ ਹਰ ਤਰ੍ਹਾਂ ਸ਼ੁੱਧ ਰੂਪ ਵਿਚ ਪੇਸ਼ ਕੀਤੇ ਜਾਣ। ਜੇ ਅਤੇ ਜਿਥੇ ਕੋਈ ਉਕਾਈ ਦਿਸੇ, ਸੂਚਿਤ ਕਰਨ ਦੀ ਕਿਰਪਾਲਤਾ ਕਰਨੀ।

੨੬-੧੦-੯੪ **ਜੋਗਿੰਦਰ ਸਿੰਘ ਤਲਵਾੜਾ**

# ਪੰਜਵੀਂ ਛਾਪ

ਗੁਰਬਾਣੀ ਦੇ ਉਚਾਰਣ, ਅਰਥ ਅਤੇ ਅਰਥ-ਭਾਵ ਸੰਗਤਾਂ ਤਕ ਸੁਖੈਨ ਤੋਂ ਸੁਖੈਨ ਢੰਗ ਨਾਲ ਪਹੁੰਚਣ—ਇਹ ਪ੍ਰਬਲ ਦਿਲੀ ਇੱਛਾ ਗੁਰਪੁਰਵਾਸੀ ਭਾਈ ਸਾਹਿਬ ਜੋਗਿੰਦਰ ਸਿੰਘ ਜੀ ਤਲਵਾੜਾ ਦੀ ਰਹੀ ਹੈ। ਇਸੇ ਭਾਵਨਾ-ਅਧੀਨ ਹੀ ਉਨ੍ਹਾਂ ਦੇ ਵਿਦਿਆਰਥੀ ਭਾਈ ਭਰਪੂਰ ਸਿੰਘ ਜੀ, ਅਰਦਾਸੀਆ, ਸ੍ਰੀ ਹਰਿਮੰਦਰ ਸਾਹਿਬ ਨੇ ਸਟੱਡੀ ਟੀਮ ਦੇ ਹੋਰ ਸੁਯੋਗ ਮੈਂਬਰਾਂ ਨਾਲ ਮਿਲ ਕੇ ਉਚਾਰਣ-ਬੋਧ ਵੱਲ ਵਿਸ਼ੇਸ਼ ਧਿਆਨ ਦੇ ਕੇ ਪਾਠਕਾਂ ਤਕ ਇਹ ਪੰਜਵੀਂ ਐਡੀਸ਼ਨ ਪਹੁੰਚਾਣ ਦਾ ਜਤਨ ਕੀਤਾ ਹੈ।

**ਸ੍ਰੀ ਗੁਰੂ ਗ੍ਰੰਥ ਸਾਹਿਬ ਸਟੱਡੀ ਟੀਮ**
ਸੇਵਾ ਵਾਲਾ ਕਮਰਾ, ਸਿੱਖ ਰੈਫ਼ਰੈਂਸ ਲਾਇਬ੍ਰੇਰੀ ਦੇ ਥੱਲੇ,
ਆਟਾ ਮੰਡੀ, ਅੰਮ੍ਰਿਤਸਰ

## ਸਹਾਇਕ ਗ੍ਰੰਥ :


੧. *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ* (ਪ੍ਰੋ: ਸਾਹਿਬ ਸਿੰਘ ਜੀ)
੨. *ਸਲੋਕ ਸਹਸਕ੍ਰਿਤੀ ਸਟੀਕ* (ਭਾਈ ਸਾਹਿਬ ਵੀਰ ਸਿੰਘ ਜੀ)
੩. *ਸ਼ਬਦਾਰਥ* (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ)
੪. *ਸ੍ਰੀ ਗੁਰੂ ਗ੍ਰੰਥ ਸਾਹਿਬ ਸਟੀਕ* (ਫ਼ਰੀਦਕੋਟ ਵਾਲਾ)
੫. *ਭਗਤ ਬਾਣੀ ਸਟੀਕ* (ਗਿ: ਭਗਵਾਨ ਸਿੰਘ ਜੀ)
੬. *ਭਗਤ ਬਾਣੀ ਸਟੀਕ* (ਸੰਤ ਸੰਪੂਰਨ ਸਿੰਘ ਜੀ)

## ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥

*(ਪੰਨਾ ੧੩੫੩)*

***ਉਚਾਰਣ-ਬੋਧ :*** ੴ—ਇਕ ਓਅੰਕਾਰ।

***ਪਦ ਅਰਥ :*** ੴ—ਵਾਹਿਗੁਰੂ ਇਕ ਹੈ ਅਤੇ ਇਕ-ਰਸ ਵਿਆਪਕ ਹੈ। ਸਤਿ ਨਾਮੁ—ਵਾਹਿਗੁਰੂ ਦਾ ਨਾਮ ਸਦਾ ਸੱਚ (ਸਦੀਵੀ ਹੋਂਦ ਵਾਲਾ) ਹੈ। ਕਰਤਾ—ਸ੍ਰਿਸ਼ਟੀ ਦਾ ਰਚਣਹਾਰ। ਪੁਰਖੁ—ਵਿਆਪਕ। ਨਿਰਭਉ—ਭਉ-ਰਹਿਤ। ਅਕਾਲ ਮੂਰਤਿ—ਜਿਸ ਦੀ ਹੋਂਦ (ਹਸਤੀ) ਕਾਲ-ਰਹਿਤ ਹੈ। ਅਜੂਨੀ—ਜੂਨਾਂ ਵਿਚ ਆਉਣ ਤੋਂ ਮੁਕਤ, ਜਨਮ ਮਰਨ ਦੇ ਗੇੜ ਤੋਂ ਪਰੇ। ਸੈਭੰ—ਸੁਤੇ ਪ੍ਰਕਾਸ਼ ਹੈ, ਕਿਸੇ ਦਾ ਬਣਾਇਆ ਹੋਇਆ ਨਹੀਂ। ਗੁਰ ਪ੍ਰਸਾਦਿ—ਗੁਰੂ ਦੀ ਕਿਰਪਾ ਦੁਆਰਾ।

***ਅਰਥ :*** ਵਾਹਿਗੁਰੂ ਇਕ ਹੈ ਤੇ ਇਕ-ਰਸ ਵਿਆਪਕ ਹੈ। ਉਸ ਦਾ ਨਾਮ ਸਦਾ ਸੱਚ (ਸਦੀਵੀ ਹੋਂਦ ਵਾਲਾ) ਹੈ। ਉਹ ਸ੍ਰਿਸ਼ਟੀ ਦਾ ਰਚਣਹਾਰ ਹੈ ਅਤੇ ਸਭ ਵਿਚ ਵਿਆਪਕ ਹੈ। ਉਹ ਡਰ ਤੋਂ ਰਹਿਤ ਹੈ, ਵੈਰ ਤੋਂ ਰਹਿਤ ਹੈ। ਉਸ ਦੀ ਹੋਂਦ (ਹਸਤੀ) ਕਾਲ-ਰਹਿਤ ਹੈ। ਉਹ ਜੂਨਾਂ ਵਿਚ ਨਹੀਂ ਆਉਂਦਾ। ਉਸ ਦਾ ਪ੍ਰਕਾਸ਼ ਆਪਣੇ ਆਪ ਤੋਂ ਹੈ। ਅਕਾਲ ਪੁਰਖ ਬਾਰੇ ਉਪਰੋਕਤ ਗਿਆਨ ਅਥਵਾ ਉਸ ਦੀ ਪ੍ਰਾਪਤੀ ਗੁਰੂ ਦੀ ਕਿਰਪਾ ਦੁਆਰਾ ਹੀ ਸੰਭਵ ਹੈ।

***ਸਾਰੰਸ਼ :*** **ਏਕਮ ਏਕੰਕਾਰੁ ਨਿਰਾਲਾ ॥**
**ਅਮਰੁ ਅਜੋਨੀ ਜਾਤਿ ਨ ਜਾਲਾ ॥**
**ਅਗਮ ਅਗੋਚਰੁ ਰੂਪੁ ਨ ਰੇਖਿਆ ॥**
**ਖੋਜਤ ਖੋਜਤ ਘਟਿ ਘਟਿ ਦੇਖਿਆ ॥**

*(ਬਿਲਾਵਲੁ ਮ: ੧ ਥਿਤੀ, ਪੰਨਾ ੮੩੮)*

# ਸਲੋਕ ਸਹਸਕ੍ਰਿਤੀ ਮਹਲਾ ੧ ॥

ਪੜਿ ਪੁਸ੍ਤਕ ਸੰਧਿਆ ਬਾਦੰ ॥
ਸਿਲ ਪੂਜਸਿ ਬਗੁਲ ਸਮਾਧੰ ॥
ਮੁਖਿ ਝੂਠੁ ਬਿਭੂਖਨ ਸਾਰੰ ॥
ਤ੍ਰੈਪਾਲ ਤਿਹਾਲ ਬਿਚਾਰੰ ॥
ਗਲਿ ਮਾਲਾ ਤਿਲਕ ਲਿਲਾਟੰ ॥
ਦੁਇ ਧੋਤੀ ਬਸਤ੍ਰ ਕਪਾਟੰ ॥
ਜੋ ਜਾਨਸਿ ਬ੍ਰਹਮੰ ਕਰਮੰ ॥
ਸਭ ਫੋਕਟ ਨਿਸਚੈ ਕਰਮੰ ॥
ਕਹੁ ਨਾਨਕ ਨਿਸਚੌ ਧ੍ਯਾਵੈ ॥
ਬਿਨੁ ਸਤਿਗੁਰ ਬਾਟ ਨ ਪਾਵੈ ॥੧॥ *(ਪੰਨਾ ੧੩੫੩)*

***ਉਚਾਰਣ-ਬੋਧ :*** ਧ੍ਯਾਵੈ—ਇਸ ਸ਼ਬਦ ਵਿਚ ਅੱਖਰ 'ਧ' ਦਾ ਪੈਰ-ਚਿੰਨ੍ਹ 'ਯ' ਸ੍ਵਰ ਰੂਪ ਵਿਚ ਆਇਆ ਹੈ ਅਤੇ ਿ + ਅ ਦੀ ਧੁਨੀ ਦਾ ਸੂਚਕ ਹੈ—ਧਿਆਵੈ। (ਨੋਟ : ਇਸੇ ਨੇਮ ਅਧੀਨ ਹੀ ਇਸ ਬਾਣੀ ਵਿਚ ਅਤੇ ਹੋਰ ਥਾਂ ਆਏ ਸ਼ਬਦਾਂ ਦਾ ਉਚਾਰਣ ਕਰਨਾ ਹੈ ਜੀ)।

***ਪਦ ਅਰਥ :*** ਸਹਸਕ੍ਰਿਤੀ—ਸਹਸਕ੍ਰਿਤੀ; ਸੰਸਕ੍ਰਿਤ, ਪਾਲੀ ਅਤੇ ਪ੍ਰਾਕ੍ਰਿਤ ਤੋਂ ਬਣੀ ਹੋਈ ਇਕ ਭਾਸ਼ਾ, ਜਿਸ ਦਾ ਨਾਉਂ ਗਾਥਾ ਭੀ ਹੈ। ਇਹ ਸੰਸਕ੍ਰਿਤ ਤੋਂ ਵੱਖਰੀ ਹੈ। ਪੜਿ—ਪੜ੍ਹਦਾ ਹੈ। ਪੁਸ੍ਤਕ—ਧਰਮ-ਪੁਸਤਕਾਂ, ਵੇਦ ਸ਼ਾਸਤਰ ਆਦਿ ਗ੍ਰੰਥ। ਸੰਧਿਆ—ਸੂਰਜ ਦੇ ਨਿਕਲਣ ਅਤੇ ਛਿਪਣ ਦੇ ਸਮੇਂ ਦੇਵਤਾਦਿ ਨੂੰ ਨਮਸਕਾਰ ਕਰਨ ਦੀ ਕਿਰਿਆ। ਬਾਦੰ—ਵਾਦ-ਵਿਵਾਦ, ਚਰਚਾ। ਸਿਲ—ਪੱਥਰ ਦੀ ਮੂਰਤੀ। ਪੂਜਸਿ—ਪੂਜਦਾ ਹੈ। ਮੁਖਿ—ਮੂੰਹ ਤੋਂ। ਬਿਭੂਖਨ—ਗਹਿਣੇ। ਸਾਰੰ—ਸ੍ਰੇਸ਼ਟ, ਸੁੰਦਰ। ਤ੍ਰੈਪਾਲ—ਤਿੰਨਾਂ ਪਾਲਾਂ ਵਾਲਾ ਗਾਇਤ੍ਰੀ-ਮੰਤ੍ਰ। ਤਿਹਾਲ—ਤਿੰਨ ਵੇਲੇ। ਗਲਿ—ਗਲ ਵਿਚ। ਲਿਲਾਟੰ—ਮੱਥੇ ਉੱਤੇ। ਕਪਾਟੰ—ਤਾਲੂਏ ਉੱਤੇ, ਸਿਰ ਉੱਤੇ। ਜੋ—ਜਿਹੜਾ। ਜਾਨਸਿ—ਜਾਣਦਾ ਹੈ। ਬ੍ਰਹਮੰ ਕਰਮੰ—ਬ੍ਰਹਮ-ਪ੍ਰਾਪਤੀ ਦਾ ਕਰਮ। ਫੋਕਟ—ਫੋਕੇ, ਬੇਅਰਥ। ਨਿਸਚੈ—ਨਿਸਚੇ ਕਰਕੇ, ਯਕੀਨਨ। ਨਿਸਚੌ—ਦ੍ਰਿੜ੍ਹਤਾ ਨਾਲ, ਪ੍ਰਤੀਤ ਧਾਰ ਕੇ। ਧ੍ਯਾਵੈ—ਧਿਆਉਂਦਾ ਹੈ। ਬਾਟ—ਵਾਟ, ਰਸਤਾ।੧।

***ਅਰਥ :*** (ਪੰਡਿਤ) ਧਾਰਮਿਕ ਪੁਸਤਕਾਂ ਪੜ੍ਹਦਾ ਹੈ, ਸੰਧਿਆ ਕਰਦਾ ਹੈ, ਪਰ ਨਾਲ ਹੀ ਵਾਦ-ਵਿਵਾਦ ਕਰਦਾ ਹੈ। ਪੱਥਰ (ਦੀ ਮੂਰਤੀ) ਪੂਜਦਾ ਹੈ ਅਤੇ ਬਗਲੇ ਵਾਂਗ ਸਮਾਧੀ ਲਾ ਬਹਿੰਦਾ ਹੈ। ਮੂੰਹ ਤੋਂ ਬੋਲੇ ਝੂਠ ਨੂੰ (ਮੁਲੰਮੇ ਦੇ) ਸੁੰਦਰ ਗਹਿਣਿਆਂ ਵਾਂਗ (ਸੱਚ ਬਣਾ ਕੇ) ਪੇਸ਼ ਕਰਦਾ ਹੈ। ਤ੍ਰੈ-ਪਾਲਾਂ ਵਾਲੇ ਗਾਇਤ੍ਰੀ-ਮੰਤ੍ਰ ਨੂੰ (ਦਿਨ ਵਿਚ) ਤਿੰਨ ਵੇਲੇ ਵੀਚਾਰਦਾ ਹੈ। ਗਲ ਵਿਚ ਮਾਲਾ ਰੱਖਦਾ ਹੈ ਅਤੇ ਮੱਥੇ 'ਤੇ ਤਿਲਕ ਲਾਂਦਾ ਹੈ। ਦੋ ਧੋਤੀਆਂ ਰੱਖਦਾ ਹੈ ਅਤੇ (ਸੰਧਿਆ ਕਰਨ ਵੇਲੇ) ਤਾਲੂਏ 'ਤੇ ਕੱਪੜਾ ਰੱਖ ਲੈਂਦਾ ਹੈ।

(ਸਤਿਗੁਰੂ ਜੀ ਫੋਕਟ ਕਰਮਾਂ ਦਾ ਪਾਜ ਖੋਲ੍ਹ ਕੇ ਹੁਣ ਅਸਲੀਅਤ ਦਰਸਾਉਂਦੇ ਹਨ):

ਜਿਹੜਾ ਮਨੁੱਖ ਬ੍ਰਹਮ-ਪ੍ਰਾਪਤੀ ਦੇ (ਸ੍ਰੇਸ਼ਟ) ਕਰਮ (ਪ੍ਰੇਮਾ-ਭਗਤੀ) ਨੂੰ ਜਾਣ ਲੈਂਦਾ ਹੈ, ਉਸ ਨੂੰ ਦ੍ਰਿੜ੍ਹ ਵਿਸ਼ਵਾਸ ਹੋ ਜਾਂਦਾ ਹੈ ਕਿ ਕਰਮ-ਕਾਂਡ ਦੀ ਸਾਰੀ ਕਿਰਿਆ ਫੋਕਟ ਹੈ, ਬੇਅਰਥ ਹੈ। 'ਨਾਨਕ' ਦਾ ਕਥਨ ਹੈ ਕਿ ਅਜਿਹਾ ਵਡਭਾਗਾ ਵਿਅਕਤੀ ਪ੍ਰਤੀਤ ਧਾਰ ਕੇ ਪ੍ਰਭੂ ਨੂੰ ਧਿਆਉਂਦਾ ਹੈ, ਪਰ ਇਹ ਵਾਟ (ਜੀਵਨ-ਮਾਰਗ) ਸਤਿਗੁਰੂ ਤੋਂ ਬਿਨਾਂ (ਕੋਈ ਵੀ) ਪ੍ਰਾਪਤ ਨਹੀਂ ਕਰ ਸਕਦਾ।੧।

***ਸਾਰੰਸ਼ :*** ਪੂਰਨ ਪ੍ਰੀਤ ਅਤੇ ਪ੍ਰਤੀਤ ਸਹਿਤ ਕੀਤਾ ਪ੍ਰਭੂ ਦਾ ਸਿਮਰਨ ਹੀ ਸਹੀ ਜੀਵਨ-ਮਾਰਗ ਹੈ ਅਤੇ ਇਹ ਸਤਿਗੁਰੂ ਰਾਹੀਂ ਹੀ ਪ੍ਰਾਪਤ ਹੁੰਦਾ ਹੈ। ਹੋਰ ਦਿਖਾਵੇ ਦੇ ਬਾਹਰਮੁਖੀ ਕਰਮ ਸਭ ਫੋਕਟ ਹਨ।

**ਭਾਈ ਰੇ ਗੁਰਮੁਖਿ ਬੂਝੈ ਕੋਇ ॥**
**ਬਿਨੁ ਬੂਝੇ ਕਰਮ ਕਮਾਵਣੇ, ਜਨਮੁ ਪਦਾਰਥੁ ਖੋਇ ॥੧॥ਰਹਾਉ॥੫੦॥**

*(ਸਿਰੀਰਾਗੁ ਮਹਲਾ ੩, ਪੰਨਾ ੩੩)*

**ਨਿਹਫਲੰ ਤਸ੍ਯ ਜਨਮਸ੍ਯ**
**ਜਾਵਦ ਬ੍ਰਹਮ ਨ ਬਿੰਦਤੇ ॥**
**ਸਾਗਰੰ ਸੰਸਾਰਸ੍ਯ**
**ਗੁਰ ਪਰਸਾਦੀ ਤਰਹਿ ਕੇ ॥**
**ਕਰਣ ਕਾਰਣ ਸਮਰਥੁ ਹੈ**
**ਕਹੁ ਨਾਨਕ ਬੀਚਾਰਿ ॥**
**ਕਾਰਣੁ ਕਰਤੇ ਵਸਿ ਹੈ**
**ਜਿਨਿ ਕਲ ਰਖੀ ਧਾਰਿ ॥੨॥** *(ਪੰਨਾ ੧੩੫੩)*

***ਉਚਾਰਣ-ਬੋਧ :*** ਤਸੁ—ਤਸਿਅ। ਜਨਮਸੁ—ਜਨਮਸਿਅ। ਸੰਸਾਰਸੁ—ਸੰਸਾਰਸਿਅ।

***ਪਦ ਅਰਥ :*** ਨਿਹਫਲੰ—ਬੇਅਰਥ। ਤਸੁ—ਤਿਸ ਦਾ, ਉਸ ਦਾ। ਜਨਮਸੁ—ਜਨਮ ਅਸਿ, ਜਨਮ ਹੈ। ਜਾਵਦ—ਜਦ ਤਕ, ਜਿਤਨਾ ਚਿਰ। ਬ੍ਰਹਮ—ਵਾਹਿਗੁਰੂ। ਨ ਬਿੰਦਤੇ—ਨਹੀਂ ਚੀਨਦਾ, ਨਹੀਂ ਪਛਾਣਦਾ। ਸਾਗਰੰ ਸੰਸਾਰਸੁ—ਸਾਗਰ ਰੂਪ ਜੋ ਸੰਸਾਰ ਹੈ। ਤਰਹਿ—ਤਰਦੇ ਹਨ। ਕੇ—ਕੋਈ ਟਾਵੇਂ ਟਾਵੇਂ। ਕਰਣ ਕਾਰਣ ਸਮਰਥੁ—ਜਗਤ-ਰਚਨਾ ਨੂੰ ਬਣਾਉਣ ਦੇ ਸਮਰੱਥ, ਪ੍ਰਭੂ। ਬੀਚਾਰਿ—ਵੀਚਾਰ ਕਰ। ਕਾਰਣੁ—ਸਬੱਬ। ਕਹੁ—ਆਖ। ਵਸਿ—ਵੱਸ ਵਿਚ। ਜਿਨਿ—(ਕਰਤਾ ਕਾਰਕ, ਇਕ-ਵਚਨ, ਪੜਨਾਂਵ), ਜਿਸ (ਪ੍ਰਭੂ) ਨੇ। ਕਲ—ਕਲਾ, ਸੱਤਾ। ਰਖੀ ਧਾਰਿ—ਧਾਰ ਰੱਖੀ ਹੈ, ਟਿਕਾਅ ਰੱਖੀ ਹੈ।੨।

***ਅਰਥ :*** ਤਿਸ ਮਨੁੱਖ ਦਾ ਜਨਮ (ਓਦੋਂ ਤਕ) ਬੇਅਰਥ ਹੈ, ਜਦੋਂ ਤਕ ਉਹ ਵਾਹਿਗੁਰੂ ਨੂੰ ਨਹੀਂ ਪਛਾਣਦਾ। ਇਹ ਸੰਸਾਰ (ਇਕ ਭਿਆਨਕ) ਸਮੁੰਦਰ ਹੈ (ਜਿਸ ਵਿਚ ਲੋਕੀਂ ਗੋਤੇ ਖਾਂਦੇ ਰਹਿੰਦੇ ਹਨ)। ਕੋਈ ਵਿਰਲੇ ਟਾਵੇਂ ਮਨੁੱਖ ਸਤਿਗੁਰੂ ਦੀ ਕਿਰਪਾ ਦੁਆਰਾ (ਪ੍ਰਭੂ ਨੂੰ ਪਛਾਣ ਕੇ) ਸੰਸਾਰ-ਸਮੁੰਦਰ ਤੋਂ ਪਾਰ ਲੰਘ ਜਾਂਦੇ ਹਨ।

ਕਰਤਾ ਪੁਰਖ ਵਾਹਿਗੁਰੂ ਹੀ ਜਗਤ-ਰਚਨਾ ਕਰਨ ਦੇ ਸਮਰੱਥ ਹੈ। ਮੂਲ-ਕਾਰਨ (ਜਿਸ ਕਰਕੇ ਜਗਤ-ਰਚਨਾ ਹੋਂਦ ਵਿਚ ਆਈ ਹੈ), ਵੀ ਉਸ ਕਰਤੇ ਪੁਰਖ ਦੇ ਹੱਥ ਵੱਸ ਹੈ, ਜਿਸ ਨੇ ਆਪਣੀ ਸੱਤਾ (ਬ੍ਰਹਿਮੰਡ ਵਿਚ) ਟਿਕ੍ਹਾਅ ਰੱਖੀ ਹੈ। 'ਨਾਨਕ'! ਉਸ ਕਰਤੇ ਪੁਰਖ ਦਾ ਨਾਮ ਹੀ (ਮੁਖ ਤੋਂ) ਉਚਾਰਣ ਕਰ ਅਤੇ ਉਸ ਦੀ ਹੀ (ਹਿਰਦੇ ਵਿਚ) ਵੀਚਾਰ ਕਰ।੨।

***ਸਾਰੰਸ਼ :*** ਕਰਣ ਕਾਰਣ ਸਮਰੱਥ ਵਾਹਿਗੁਰੂ ਨੂੰ ਚੀਨੇ ਬਿਨਾਂ ਜੀਵਨ ਸਫਲ ਨਹੀਂ ਹੋ ਸਕਦਾ। ਇਹ ਪਛਾਣ ਸਤਿਗੁਰੂ ਦੁਆਰਾ ਹੀ ਹੁੰਦੀ ਹੈ ਤੇ ਗੁਰੂ-ਮੇਹਰ ਸਦਕਾ ਹੀ ਸੰਸਾਰ-ਸਾਗਰ ਤੋਂ ਪਾਰ-ਉਤਾਰਾ ਹੁੰਦਾ ਹੈ।

**ਜੋਗ ਸਬਦੰ ਗਿਆਨ ਸਬਦੰ**
**ਬੇਦ ਸਬਦੰ ਤ ਬ੍ਰਾਹਮਣਹ ॥**
**ਖ੍ਹਤ੍ਰੀ ਸਬਦੰ ਸੂਰ ਸਬਦੰ**
**ਸੂਦ੍ਰ ਸਬਦੰ ਪਰਾ ਕ੍ਰਿਤਹ ॥**

**ਸਰਬ ਸਬਦੰ ਤ ਏਕ ਸਬਦੰ**
**ਜੇ ਕੋ ਜਾਨਸਿ ਭੇਉ ॥**
**ਨਾਨਕ ਤਾ ਕੋ ਦਾਸੁ ਹੈ**
**ਸੋਈ ਨਿਰੰਜਨ ਦੇਉ ॥੩॥** *(ਪੰਨਾ ੧੩੫੩)*

***ਉਚਾਰਣ-ਬੋਧ :*** ਖ੍ਤ੍ਰੀ—ਖਿਅਤ੍ਰੀ। ਕ੍ਰਿਤਹ—'ਸਿਹਾਰੀ' ਦਾ ਉਚਾਰਣ 'ਕ' ਦੇ ਪੈਰ ਵਿਚ ਲੱਗੇ ਅੱਧੇ 'ਰ' ਨਾਲ ਕਰਨਾ ਹੈ—'ਕਰਿਤਹ' ਵਾਂਗ। (ਨੋਟ : 'ਆਸਾ ਕੀ ਵਾਰ' ਦੀ ਬਾਰ੍ਹਵੀਂ ਪਉੜੀ ਦੇ ਨਾਲ ਆਏ ਮ: ੨ ਦੇ ਦੋ ਸਲੋਕਾਂ ਅਤੇ ਇਨ੍ਹਾਂ ਦੋ ਸਲੋਕਾਂ ਦਾ ਲਗ-ਮਾਤ੍ਰੀ ਤੇ ਅੱਖਰਾਂ ਦਾ ਭੇਦ ਹੈ। ਸੁਚੇਤ ਹੋ ਕੇ ਦੋਵਾਂ ਥਾਵਾਂ 'ਤੇ ਪਾਠ ਕਰਨ ਦੀ ਲੋੜ ਹੈ।)

***ਪਦ ਅਰਥ :*** ਜੋਗ ਸਬਦੰ—ਜੋਗੀਆਂ ਦਾ ਧਰਮ। ਬ੍ਰਾਹਮਣਹ—ਬ੍ਰਾਹਮਣਾਂ ਦਾ। ਤ—ਤਾਂ, ਹੀ। ਖ੍ਤ੍ਰੀ ਸਬਦੰ—ਖਤਰੀਆਂ ਦਾ ਧਰਮ। ਸੂਰ—ਸੂਰਮਤਾ। ਸੂਦ੍ ਸਬਦੰ—ਸ਼ੂਦਰਾਂ ਦਾ ਧਰਮ। ਪਰਾ ਕ੍ਰਿਤਹ—ਪਰਾਈ ਕਿਰਤ ਕਰਨੀ। ਸਰਬ ਸਬਦੰ—ਸਾਰਿਆਂ ਦਾ ਧਰਮ। ਏਕ ਸਬਦੰ—ਇੱਕੋ ਹੀ (ਪ੍ਰਭੂ-ਸਿਮਰਨ) ਦਾ ਧਰਮ। ਕੋ—ਕੋਈ। ਜਾਨਸਿ—ਜਾਣ ਲਵੇ। ਭੇਉ—ਭੇਤ। ਤਾ ਕੋ—ਉਸ ਦਾ। ਨਿਰੰਜਨ—ਨਿਰ + ਅੰਜਨ, ਮਾਇਆ ਦੇ ਪ੍ਰਭਾਵ ਤੋਂ ਮੁਕਤ, ਵਾਹਿਗੁਰੂ। ਦੇਉ—ਪ੍ਰਕਾਸ਼ ਸਰੂਪ (ਵਾਹਿਗੁਰੂ)।੩।

***ਅਰਥ :*** ਜੋਗੀਆਂ ਦਾ ਧਰਮ ਇਹ ਹੈ ਕਿ ਗਿਆਨ-ਪ੍ਰਾਪਤੀ ਦੇ ਧਰਮ ਦੀ ਪਾਲਨਾ ਕੀਤੀ ਜਾਏ। ਬ੍ਰਾਹਮਣਾਂ ਦਾ ਧਰਮ ਤਾਂ ਵੇਦਾਂ ਦਾ ਪਠਨ-ਪਾਠਨ ਕਰਨਾ ਹੈ। ਖਤਰੀਆਂ ਦਾ ਧਰਮ ਇਹ ਹੈ ਕਿ ਸੂਰਮਗਤੀ ਦੇ ਧਰਮ ਦੀ ਪਾਲਨਾ ਕੀਤੀ ਜਾਏ। ਸ਼ੂਦਰਾਂ ਦਾ ਧਰਮ ਪਰਾਈ ਕਿਰਤ (ਸੇਵਾ) ਕਰਨੀ ਹੈ।

ਸਾਰੇ ਧਰਮਾਂ ਦਾ ਸ੍ਰੇਸ਼ਟ ਧਰਮ ਇੱਕੋ ਹੀ ਹੈ—(ਨਿਰੰਜਨ ਦੇਉ ਵਾਹਿਗੁਰੂ ਦਾ ਸਿਮਰਨ)। ਜੇ ਕੋਈ (ਵਡਭਾਗਾ ਮਨੁੱਖ) ਇਸ ਗੁਹਜ ਗੱਲ ਨੂੰ ਸਮਝ ਲਵੇ, ਉਹ ਮਾਇਆ ਤੋਂ ਨਿਰਲੇਪ ਪ੍ਰਕਾਸ਼-ਸਰੂਪ ਵਾਹਿਗੁਰੂ ਦਾ ਹੀ ਰੂਪ ਹੋ ਜਾਂਦਾ ਹੈ। 'ਨਾਨਕ'! ਉਸ (ਧਰਮੀ ਪੁਰਸ਼) ਦਾ ਦਾਸ ਹੈ।੩।

***ਸਾਰੰਸ਼ :*** ਸਭ ਕਰਮਾਂ ਧਰਮਾਂ ਤੋਂ ਸ੍ਰੇਸ਼ਟ ਨਾਮ-ਧਰਮ ਹੈ :

**ਸਰਬ ਧਰਮ ਮਹਿ ਸ੍ਰੇਸਟ ਧਰਮੁ ॥**
**ਹਰਿ ਕੋ ਨਾਮੁ ਜਪਿ ਨਿਰਮਲ ਕਰਮੁ ॥੮॥੩॥**

*(ਗਉੜੀ ਸੁਖਮਨੀ ਮ: ੫, ਪੰਨਾ ੨੬੬)*

ਨਾਮ-ਸਿਮਰਨ ਵਾਲਾ ਧਰਮੀ ਪੁਰਸ਼ ਵਾਹਿਗੁਰੂ ਦਾ ਸਰੂਪ ਹੀ ਹੋ ਨਿਬੜਦਾ ਹੈ।

**ਜਿਨਾ ਨ ਵਿਸਰੈ ਨਾਮੁ ਸੇ ਕਿਨੇਹਿਆ ॥**
**ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ ॥੧॥੧੦੮॥**

*(ਆਸਾ ਮ: ੫, ਪੰਨਾ ੩੯੭)*

**ਏਕ ਕ੍ਰਿਸ੍ਨੰ ਤ ਸਰਬ ਦੇਵਾ**
**ਦੇਵ ਦੇਵਾ ਤ ਆਤਮਹ ॥**
**ਆਤਮੰ ਸ੍ਰੀ ਬਾਸ੍ਵਦੇਵਸ੍ਯ**
**ਜੇ ਕੋਈ ਜਾਨਸਿ ਭੇਵ ॥**
**ਨਾਨਕ ਤਾ ਕੋ ਦਾਸੁ ਹੈ**
**ਸੋਈ ਨਿਰੰਜਨ ਦੇਵ ॥੪॥** *(ਪੰਨਾ ੧੩੫੩)*

***ਉਚਾਰਣ-ਬੋਧ :*** ਕ੍ਰਿਸ੍ਨੰ—'ਕ' ਨੂੰ ਲੱਗੀ 'ਿ' ਦਾ ਉਚਾਰਣ ਪੈਰ ਲੱਗੇ ਅੱਧੇ ਅੱਖਰ ਨਾਲ ਕਰਨਾ—ਕਰਿਸਨੰ ਵਾਂਗ। ਬਾਸ੍ਵਦੇਵਸ੍ਯ—ਬਾਸੁਅਦੇਵਸਿਆ।

***ਪਦ ਅਰਥ :*** ਏਕ ਕ੍ਰਿਸ੍ਨੰ—ਇਕ ਵਾਹਿਗੁਰੂ। ਤ—ਤਾਂ, ਹੀ। ਸਰਬ ਦੇਵ—ਸਰਬ-ਦੇਵਾ-ਦੇਵ, ਸਾਰੇ ਦੇਵਤਿਆਂ ਦਾ ਸਿਰਮੌਰ ਦੇਵਤਾ। ਦੇਵ ਦੇਵਾ—ਦੇਵਤਿਆਂ ਦਾ ਸਿਰਮੌਰ। ਆਤਮਹ—ਆਤਮਾ। ਸ੍ਰੀ ਬਾਸ੍ਵਦੇਵਸ੍ਯ—ਸ੍ਰੀ ਵਾਸਦੇਵ (ਵਾਹਿਗੁਰੂ)। ਜਾਨਸਿ—ਜਾਣ ਲਵੇ। ਭੇਵ—ਭੇਤ। ਸੋਈ—ਉਹ। ਨਿਰੰਜਨ—ਮਾਇਆ ਦੇ ਪ੍ਰਭਾਵ ਤੋਂ ਮੁਕਤ, ਪ੍ਰਭੂ।੪।

***ਅਰਥ :*** ਇਕ ਵਾਹਿਗੁਰੂ ਹੀ ਸਰਬ-ਦੇਵਾ-ਦੇਵ, ਭਾਵ, ਸਾਰੇ ਦੇਵਾਂ ਦਾ ਸਿਰਮੌਰ ਦੇਵ ਹੈ। ਉਹ ਸਰਬ-ਦੇਵਾ-ਦੇਵ ਹੀ ਸਾਰੀ ਪਰਕਿਰਤੀ ਦਾ ਆਤਮਾ (ਚੇਤੰਨ-ਸੱਤਾ) ਹੈ। ਸਾਰੇ ਬ੍ਰਹਿਮੰਡ ਦਾ ਆਤਮਾ (ਚੇਤੰਨ-ਸੱਤਾ) ਬਾਸਦੇਵ (ਵਾਹਿਗੁਰੂ) ਹੀ ਹੈ। ਜੇ ਕੋਈ (ਵਡਭਾਗਾ ਮਨੁੱਖ) ਇਸ ਭੇਤ ਨੂੰ ਜਾਣ ਲਵੇ ਤਾਂ ਉਹ ਮਾਇਆ ਦੇ ਪ੍ਰਭਾਵ ਤੋਂ ਮੁਕਤ ਵਾਹਿਗੁਰੂ ਦਾ ਰੂਪ ਹੀ ਹੋ ਨਿਬੜਦਾ ਹੈ। ਨਾਨਕ ਉਸ ਦਾ ਲਾਲਾ ਗੋਲਾ ਹੈ।੪।

***ਸਾਰੰਸ਼ :*** ਸਾਰੇ ਦੇਵਾਂ ਦਾ ਦੇਵ ਵਾਹਿਗੁਰੂ ਹੈ। ਐਸੇ ਵਾਹਿਗੁਰੂ ਦਾ ਸਿਮਰਨ ਕਰਨ ਵਾਲਾ ਉਸ ਦਾ ਸਰੂਪ ਹੀ ਹੋ ਜਾਂਦਾ ਹੈ। ਗੁਰਵਾਕ :

**ਆਤਮ ਮਹਿ ਰਾਮੁ ਰਾਮ ਮਹਿ ਆਤਮੁ ਚੀਨਸਿ ਗੁਰ ਬੀਚਾਰਾ ॥੧॥੧॥**

*(ਭੈਰਉ ਅਸਟਪਦੀਆ ਮ: ੧, ਪੰਨਾ ੧੧੫੩)*

# ਸਲੋਕ ਸਹਸਕ੍ਰਿਤੀ ਮਹਲਾ ੫

**ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ**
**ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥**

[ਅਰਥ ਪਿੱਛੇ ਹੋ ਚੁੱਕੇ ਹਨ।]

**ਕਤੰਚ ਮਾਤਾ ਕਤੰਚ ਪਿਤਾ**
**ਕਤੰਚ ਬਨਿਤਾ ਬਿਨੋਦ ਸੁਤਹ ॥**
**ਕਤੰਚ ਭ੍ਰਾਤ ਮੀਤ ਹਿਤ ਬੰਧਵ**
**ਕਤੰਚ ਮੋਹ ਕੁਟੰਬ੍ਹਤੇ ॥**
**ਕਤੰਚ ਚਪਲ ਮੋਹਨੀ ਰੂਪੰ**
**ਪੇਖੰਤੇ ਤਿਆਗੰ ਕਰੋਤਿ ॥**
**ਰਹੰਤ ਸੰਗ ਭਗਵਾਨ ਸਿਮਰਣ**
**ਨਾਨਕ ਲਬਧ੍ਹੰ ਅਚੁਤ ਤਨਹ ॥੧॥** *(ਪੰਨਾ ੧੩੫੩)*

***ਉਚਾਰਣ-ਬੋਧ :*** ਕੁਟੰਬ੍ਹਤੇ—ਇਸ ਸ਼ਬਦ ਵਿਚ ਅੱਖਰ 'ਬ' ਦਾ ਪੈਰ-ਚਿੰਨ੍ਹ 'ਯ' ਸੂਰ ਰੂਪ ਵਿਚ ਆਇਆ ਹੈ ਅਤੇ ਿ+ਅ ਦੀ ਧੁਨੀ ਦਾ ਸੂਚਕ ਹੈ—ਕੁਟੰਬਿਅਤੇ। ਲਬਧ੍ਹੰ—ਇਸ ਸ਼ਬਦ ਵਿਚ ਅੱਖਰ 'ਧ' ਦਾ ਪੈਰ-ਚਿੰਨ੍ਹ 'ਯ' ਸੂਰ ਹੋ ਕੇ ਆਇਆ ਹੈ ਅਤੇ ਿ+ਅ ਦੀ ਧੁਨੀ ਦਾ ਸੂਚਕ ਹੈ—ਲਬਧਿਅੰ।

***ਪਦ ਅਰਥ :*** ਕਤੰਚ—('ਕਦਾਂਚ' ਵਾਂਗ ਇਸ ਸ਼ਬਦ ਦੀ ਬਣਤਰ ਹੈ ਤੇ ਇਹ ਬਹੁ-ਅਰਥਕ ਸ਼ਬਦ ਹੈ।) *ਮਹਾਨ ਕੋਸ਼* ਵਿਚ ਇਸ ਸ਼ਬਦ ਦਾ ਅਰਥ ਇਸ ਪ੍ਰਕਾਰ ਹੈ : (੧) ਕੁਤ੍ਰਚਿਤ੍ (ਕਿਰਿਆ ਵਿਸ਼ੇਸ਼ਣ) ਕਹਾਂ, ਕਿਥੇ, (੨) ਕੁਤਸ਼੍ਚ, ਕਹਾਂ ਸੇ, ਕਿਸ ਥਾਂ ਤੋਂ, ਕਾਹਦਾ, ਕਿਥੋਂ ਦਾ, ਕਿਵੇਂ। ਬਨਿਤਾ—ਇਸਤ੍ਰੀ, ਪਤਨੀ। ਬਿਨੋਦ—ਚੋਜ-ਅਨੰਦ, ਲਾਡ-ਪਿਆਰ। ਸੁਤਹ—ਪੁੱਤਰਾਂ ਦਾ। ਹਿਤ—ਹਿਤੂ,

ਪਿਆਰੇ। ਬੰਧਵ—ਰਿਸ਼ਤੇਦਾਰ। ਮੋਹ ਕੁਟੰਬ੍ਰਤੇ—ਕੁਟੰਬੀਆਂ ਦੇ ਮੋਹ-ਪਿਆਰ। ਚਪਲ—ਚੰਚਲ। ਮੋਹਨੀ ਰੂਪੰ—ਰੂਪਵੰਤੀ, ਸੁੰਦਰੀ, ਮਾਇਆ। ਪੇਖੰਤੇ—ਵੇਖਦਿਆਂ ਹੀ। ਤਿਆਗੰ ਕਰੋਤਿ—ਤਿਆਗ ਜਾਂਦੀ ਹੈ, ਛੱਡ ਜਾਂਦੀ ਹੈ। ਰਹੰਤ—ਰਹਿੰਦਾ ਹੈ, ਨਿੱਭਦਾ ਹੈ। ਸੰਗ—ਸੰਗਿ, ਨਾਲ। ਭਗਵਾਨ ਸਿਮਰਣ—ਪ੍ਰਭੂ ਦਾ ਸਿਮਰਨ ਹੀ। ਲਬਧ੍ਯੰ—ਲੱਭਦਾ ਹੈ। ਅਚੁਤ—ਅਬਿਨਾਸ਼ੀ ਵਾਹਿਗੁਰੂ। ਤਨਹ—ਪੁੱਤਰਾਂ ਨੂੰ। ਅਚੁਤ ਤਨਹ—ਵਾਹਿਗੁਰੂ ਦੇ ਪੁੱਤਰਾਂ ਅਥਵਾ ਸੰਤਾਂ ਨੂੰ।੧।

***ਅਰਥ :*** ਕਿਸ ਦੀ (ਕੋਈ) ਮਾਤਾ ਹੈ ਤੇ ਕਿਸ ਦਾ (ਕੋਈ) ਪਿਤਾ ਹੈ ? ਕਾਹਦੇ ਹਨ ਇਸਤ੍ਰੀ ਤੇ ਪੁੱਤਰਾਂ ਦੇ ਚੋਜ-ਅਨੰਦ ? ਕਾਹਦੇ ਹੋਏ ਇਹ ਭਰਾ, ਮਿੱਤਰ, ਹਿਤੂ ਤੇ ਸਨਬੰਧੀ ਆਦਿ ? ਅਤੇ ਕੁਟੰਬੀਆਂ ਦਾ ਮੋਹ-ਪਿਆਰ ਕਿਸ ਕੰਮ ? ਚੰਚਲ ਤੇ ਮਨਮੋਹਣੇ ਰੂਪ ਵਾਲੀ ਮਾਇਆ ਕਿਸ ਕੰਮ, ਜੋ ਵੇਖਦਿਆਂ ਵੇਖਦਿਆਂ ਹੀ ਛੱਡ ਜਾਂਦੀ ਹੈ ?

'ਨਾਨਕ' ! (ਪ੍ਰਾਣੀ ਦੇ) ਨਾਲ ਕੇਵਲ ਵਾਹਿਗੁਰੂ ਦਾ ਸਿਮਰਨ ਹੀ ਨਿੱਭਦਾ ਹੈ, ਪਰ ਇਹ ਅਮੋਲਕ ਪਦਾਰਥ (ਨਾਮ-ਸਿਮਰਨ) ਲੱਭਦਾ ਹੈ, ਅਬਿਨਾਸ਼ੀ-ਪ੍ਰਭੂ ਦੇ ਪੁੱਤਰਾਂ (ਸੰਤਾਂ) ਨੂੰ।੧।

***ਸਾਰੰਸ਼ :*** ਮਾਤਾ ਪਿਤਾ ਤੇ ਪੁੱਤਰ ਧੀਆਂ, ਸਾਕ-ਸਨਬੰਧੀਆਂ ਅਤੇ ਮਾਇਕ ਪਦਾਰਥਾਂ ਆਦਿ, ਇਨ੍ਹਾਂ ਸਾਰਿਆਂ ਵਿੱਚੋਂ, ਪ੍ਰਾਣੀ ਦੇ ਸੰਗ-ਸਾਥ ਕੋਈ ਭੀ ਨਹੀਂ ਨਿੱਭਦਾ। ਕੇਵਲ ਵਾਹਿਗੁਰੂ ਦਾ ਸਿਮਰਨ ਹੀ ਸਾਥ ਨਿੱਭਣ ਵਾਲਾ ਸੱਚਾ ਸਾਥੀ ਹੈ।

**ਕਾ ਕੋ ਮਾਤ ਪਿਤਾ ਸੁਤ ਧੀਆ ॥**
**ਗ੍ਰਿਹ ਬਨਿਤਾ ਕਛੁ ਸੰਗਿ ਨ ਲੀਆ ॥**
**ਐਸੀ ਸੰਚਿ ਜੁ ਬਿਨਸਤ ਨਾਹੀ ॥**
**ਪਤਿ ਸੇਤੀ ਅਪੁਨੈ ਘਰਿ ਜਾਹੀ ॥੧੫॥**

*(ਗਉੜੀ ਬਾਵਨ ਅਖਰੀ ਮ: ੫, ਪੰਨਾ ੨੫੩)*

## ਧ੍ਰਿਗੰਤ ਮਾਤ ਪਿਤਾ ਸਨੇਹੰ
## ਧ੍ਰਿਗ ਸਨੇਹੰ ਭ੍ਰਾਤ ਬਾਂਧਵਹ ॥
## ਧ੍ਰਿਗ ਸ੍ਨੇਹੰ ਬਨਿਤਾ ਬਿਲਾਸ ਸੁਤਹ ॥
## ਧ੍ਰਿਗ ਸ੍ਨੇਹੰ ਗ੍ਰਿਹਾਰਥ ਕਹ ॥
## ਸਾਧ ਸੰਗ ਸ੍ਨੇਹ ਸਤ੍ਯਿੰ
## ਸੁਖਯੰ ਬਸੰਤਿ ਨਾਨਕਹ ॥੨॥

*(ਪੰਨਾ ੧੩੫੪)*

***ਉਚਾਰਣ-ਬੋਧ :*** ਧ੍ਰਿਗੰਤ—'ਿ' ਉਚਾਰਣ ਪੈਰ ਅੱਖਰ ਨਾਲ—ਧਰਿਗੰਤ ਵਾਂਗ। ਸ੍ਨੇਹ—ਸਨੇਹ। ਸਤ੍ਯਿੰ—ਇਸ ਸ਼ਬਦ ਵਿਚ ਅੱਖਰ 'ਤ' ਦਾ ਪੈਰ-ਚਿੰਨ੍ਹ 'ਯ' ਸੁਰ ਹੋ ਕੇ ਆਇਆ ਹੈ ਅਤੇ 'ਅ' ਦੀ ਧੁਨੀ ਦਾ ਸੂਚਕ ਹੈ—ਸਤਿਅੰ। ਸੁਖਯੰ— ਇਥੇ 'ਸੁਖਯੰ' ਸ਼ਬਦ ਵਿਚ 'ਯ' ਅੱਖਰ ਸੁਰ ਹੋ ਕੇ ਆਇਆ ਹੈ ਅਤੇ ਿ+ਅ ਦੀ ਧੁਨੀ ਦਾ ਸੂਚਕ ਹੈ—ਸੁਖਿਅੰ। ਬਾਂਧਵਹ, ਸੁਤਹ, ਕਹ, ਨਾਨਕਹ ਸ਼ਬਦਾਂ ਵਿਚ 'ਹ' ਮੁਕਤਾ ਲਗ-ਰਹਿਤ ਹੈ, ਪਰ ਇਸਦਾ ਉਚਾਰਣ ਬਹੁਤ ਕਰ ਕੇ 'ਹਿ' ਵਾਂਗ ਕੀਤਾ ਜਾਣਾ ਪ੍ਰਚਲਿਤ ਹੈ, ਜੋ ਠੀਕ ਨਹੀਂ; 'ਹ' ਮੁਕਤਾ ਦੀ ਧੁਨੀ ਖੜੀ-ਤੜੀ ਹੁੰਦੀ ਹੈ।

***ਪਦ ਅਰਥ :*** ਧ੍ਰਿਗੰਤ—ਧਿਰਕਾਰ (ਫਿਟਕਾਰ) ਜੋਗ ਹੈ। ਸਨੇਹੰ—ਮੋਹ, ਪਿਆਰ। ਬਾਂਧਵਹ—ਸਨਬੰਧੀਆਂ ਦਾ। ਬਨਿਤਾ—ਪਤਨੀ। ਬਿਲਾਸ—ਕਲੋਲ। ਸੁਤਹ—ਪੁੱਤਰਾਂ ਦੇ। ਗ੍ਰਿਹਾਰਥ ਕਹ—ਘਰ ਦੇ ਧੰਧਿਆਂ ਦਾ। ਸਤ੍ਯਿੰ—ਸੱਚਾ, ਸਦੀਵੀ। ਸੁਖਯੰ ਬਸੰਤਿ—ਸੁੱਖ ਨਾਲ ਵੱਸਦਾ ਹੈ। ਨਾਨਕਹ—ਨਾਨਕ, ਹੇ ਨਾਨਕ !।੨।

***ਅਰਥ :*** ਮਾਤਾ ਪਿਤਾ ਦਾ ਮੋਹ ਫਿਟਕਾਰ ਜੋਗ ਹੈ, ਭਰਾਵਾਂ ਤੇ ਸਾਕ-ਸਨਬੰਧੀਆਂ ਦਾ ਮੋਹ ਵੀ ਧਿਕਾਰ ਜੋਗ ਹੈ।

ਇਸਤ੍ਰੀ ਅਤੇ ਪੁੱਤਰਾਂ ਦਾ ਮੋਹ ਅਤੇ ਕਲੋਲ, ਇਹ ਸਾਰੇ ਫਿਟਕਾਰ ਜੋਗ ਹਨ, ਘਰ ਦੇ ਧੰਧਿਆਂ ਦਾ ਮੋਹ ਵੀ ਧਿਰਕਾਰ ਜੋਗ ਹੈ।

ਹੇ ਨਾਨਕ ! ਸਾਧ ਸੰਗਤ ਦਾ ਪਿਆਰ ਹੀ ਸੱਚਾ ਅਥਵਾ ਸਦੀਵੀ ਹੈ ਅਤੇ (ਸਾਧ ਸੰਗਤ ਨਾਲ ਪਿਆਰ ਕਰ ਕੇ ਹੀ ਮਨੁੱਖ) ਸੁੱਖ-ਅਨੰਦ ਨਾਲ ਵੱਸ ਸਕਦਾ ਹੈ।੨।

***ਸਾਰੰਸ਼ :*** ਮਾਤਾ ਪਿਤਾ, ਇਸਤ੍ਰੀ ਪੁੱਤਰ, ਸਾਕ-ਸਨਬੰਧੀ ਅਤੇ ਘਰ ਦੇ ਧੰਧਿਆਂ ਆਦਿ ਦਾ ਮੋਹ ਹੋਛਾ ਅਤੇ ਘਟੀਆ ਹੈ, ਕਿਉਂਕਿ ਇਹ ਮੋਹ ਕਿਸੇ ਗ਼ਰਜ਼ ਖ਼ਾਤਰ ਹੁੰਦਾ ਹੈ। ਅੰਤ ਨੂੰ ਇਹ ਦੁਖਦਾਈ ਹੋ ਨਿਬੜਦਾ ਹੈ। ਸਾਧ ਸੰਗਤ ਨਾਲ ਲਾਈ ਪ੍ਰੀਤ ਹੀ ਤੋੜ ਨਿੱਭਣ ਵਾਲੀ ਅਤੇ ਸੁਖਦਾਈ ਹੈ।

**ਨਾਨਕ ਕਚੜਿਆ ਸਿਉ ਤੋੜਿ, ਢੂਢਿ ਸਜਣ ਸੰਤ ਪਕਿਆ ॥**
**ਓਇ ਜੀਵੰਦੇ ਵਿਛੁੜਹਿ, ਓਇ ਮੁਇਆ ਨ ਜਾਹੀ ਛੋੜਿ ॥੧॥੨੨॥**

*(ਸਲੋਕ ਡਖਣੇ ਮ: ੫, ਪੰਨਾ ੧੧੦੨)*

ਮਿਥ੍ਰੰਤ ਦੇਹੰ ਖੀਣੰਤ ਬਲਨੰ ॥
ਬਰਧੰਤਿ ਜਰੂਆ ਹਿਤ੍ਰੰਤ ਮਾਇਆ ॥
ਅਤ੍ਰੰਤ ਆਸਾ ਆਥਿਤ੍ਯ ਭਵਨੰ ॥
ਗਨੰਤ ਸ੍ਵਾਸਾ ਭੈਯਾਨ ਧਰਮੰ ॥
ਪਤੰਤਿ ਮੋਹ ਕੂਪ ਦੁਰਲਭ੍ਯ ਦੇਹੰ
ਤਤ ਆਸ੍ਰਯੰ ਨਾਨਕ ॥
ਗੋਬਿੰਦ ਗੋਬਿੰਦ ਗੋਬਿੰਦ ਗੋਪਾਲ ਕ੍ਰਿਪਾ ॥੩॥ *(ਪੰਨਾ ੧੩੫੪)*

***ਉਚਾਰਣ-ਬੋਧ :*** ਮਿਥ੍ਰੰਤ—ਮਿਥਿਅੰਤ। ਹਿਤ੍ਰੰਤ—ਹਿਤਿਅੰਤ। ਅਤ੍ਰੰਤ—ਅਤਿਅੰਤ। ਆਥਿਤ੍ਯ—ਆਥਿੱਤਿਅ। ਦੁਰਲਭ੍ਯ—ਦੁਰਲੱਭਿਅ। (ਨੇਮ ਜਾਨਣ ਲਈ ਦੇਖੋ ਉਚਾਰਣ-ਬੋਧ, ਪੰਨਾ ੧੫)

***ਪਦ ਅਰਥ :*** ਮਿਥ੍ਰੰਤ—ਮਿਥਿਆ ਹੈ, ਨਾਸਵੰਤ ਹੈ। ਦੇਹੰ—ਦੇਹੀ। ਖੀਣੰਤ—ਖੀਣ ਹੋਣ ਵਾਲਾ, ਨਾਸ ਹੋਣ ਵਾਲਾ। ਬਲਨੰ—ਬਲ। ਬਰਧੰਤਿ—ਵਧਦਾ ਹੈ। ਜਰੂਆ—ਬੁਢੇਪਾ। ਹਿਤ੍ਰੰਤ—ਹਿਤ, ਮੋਹ। ਅਤ੍ਰੰਤ—ਅਤਿਅੰਤ, ਬਹੁਤ ਹੀ। ਆਥਿਤ੍ਯ—ਅ + ਥਿਤ੍ਯ, ਨਾਸ਼ਮਾਨ। ਭਵਨੰ—(ਸੰਸਾਰ ਰੂਪ) ਘਰ। ਗਨੰਤ—ਗਿਣਦਾ ਹੈ। ਭੈਯਾਨ—ਭਿਆਨਕ (ਜਮਦੂਤ)। ਭੈਯਾਨ ਧਰਮੰ—ਧਰਮ ਰਾਜ ਦੇ ਡਰਾਉਣੇ ਜਮਦੂਤ। ਪਤੰਤਿ—ਡਿੱਗਦੀ ਹੈ। ਕੂਪ—ਖੂਹੀ ਵਿਚ। ਦੁਰਲਭ੍ਯ ਦੇਹੰ—ਮੁਸ਼ਕਲ ਨਾਲ ਪ੍ਰਾਪਤ ਹੋਈ ਦੇਹੀ। ਤਤ—ਤਿਥੇ। ਆਸ੍ਰਯੰ—ਆਸਰਾ।੩।

***ਅਰਥ :*** ਦੇਹੀ ਨਾਸ ਹੋ ਜਾਣ ਵਾਲੀ ਹੈ, (ਇਸ ਦੇਹੀ ਦਾ) ਬਲ ਵੀ ਖ਼ਤਮ ਹੋਣ ਵਾਲਾ ਹੈ। (ਜਿਉਂ ਜਿਉਂ) ਬੁਢੇਪਾ ਵਧਦਾ ਹੈ (ਤਿਉਂ ਤਿਉਂ ਜੀਵ ਨੂੰ) ਮਾਇਆ ਦਾ ਮੋਹ ਅਧਿਕ ਹੁੰਦਾ ਜਾਂਦਾ ਹੈ, ਜੀਵ ਨੇ ਇਸ ਨਾਸ਼ਮਾਨ ਭਵਨ (ਸੰਸਾਰ) ਵਿਚ ਬਹੁਤ ਜ਼ਿਆਦਾ ਆਸਾ ਵਧਾ ਰੱਖੀ ਹੈ। ਧਰਮਰਾਜ ਦੇ ਡਰਾਉਣੇ ਜਮਦੂਤ (ਹਰ ਘੜੀ) ਇਸ ਦੇ ਸਵਾਸ ਗਿਣਦੇ ਰਹਿੰਦੇ ਹਨ (ਭਾਵ, ਇਸ ਨੂੰ ਆਪਣੀ ਤਾੜ ਵਿਚ ਰੱਖਦੇ ਹਨ)। ਇਹ ਦੁਰਲੱਭ ਮਨੁੱਖਾ ਦੇਹੀ ਮਾਇਆ ਦੇ ਮੋਹ ਦੀ ਖੂਹੀ ਵਿਚ ਡਿੱਗੀ ਰਹਿੰਦੀ ਹੈ।

'ਨਾਨਕ'! ਤਿਥੇ (ਭਾਵ, ਅਜਿਹੀ ਦੁਰਦਸ਼ਾ ਵਿਚ) ਗੋਬਿੰਦ ਪ੍ਰਭੂ ਦਾ ਸਿਮਰਨ ਅਤੇ ਗੋਪਾਲ ਪ੍ਰਭੂ ਦੀ ਕਿਰਪਾ ਹੀ ਆਸਰਾ ਬਣ ਸਕਦੇ ਹਨ।੩।

***ਸਾਰੰਸ਼ :*** ਇਹ ਸਰੀਰ ਬਿਨਸਨਹਾਰ ਹੈ। ਮਨੁੱਖ ਦੀ ਉਮਰ ਜਿਉਂ ਜਿਉਂ

ਵਡੇਰੀ ਹੁੰਦੀ ਜਾਂਦੀ ਹੈ, ਇਸ ਦੀਆਂ ਆਸਾਂ ਵਧਦੀਆਂ ਜਾਂਦੀਆਂ ਹਨ ਤੇ ਜੀਵ ਮੋਹ ਦੇ ਚਿੱਕੜ ਵਿਚ ਵਧੇਰੇ ਫਸਦਾ ਜਾਂਦਾ ਹੈ। ਇਸ ਨਿਘਰੀ ਹੋਈ ਹਾਲਤ ਵਿਚ ਕੇਵਲ ਪ੍ਰਭੂ ਦੀ ਬਖ਼ਸ਼ਸ਼ ਅਤੇ ਪ੍ਰਭੂ ਦਾ ਸਿਮਰਨ ਹੀ ਸਹਾਈ ਹੋ ਸਕਦੇ ਹਨ।

**ਕਾਚ ਕੋਟੰ ਰਚੰਤਿ ਤੋਯੰ**
**ਲੇਪਨੰ ਰਕ੍ਤ ਚਰਮਣਹ ॥**
**ਨਵੰ ਤ ਦੁਆਰੰ ਭੀਤ ਰਹਿਤੰ**
**ਬਾਇ ਰੂਪੰ ਅਸਥੰਭਨਹ ॥**
**ਗੋਬਿੰਦ ਨਾਮੰ ਨਹ ਸਿਮਰੰਤਿ**
**ਅਗਿਆਨੀ ਜਾਨੰਤਿ ਅਸਥਿਰੰ ॥**
**ਦੁਰਲਭ ਦੇਹ ਉਧਰੰਤ ਸਾਧ ਸਰਣ ਨਾਨਕ ॥**
**ਹਰਿ ਹਰਿ ਹਰਿ ਹਰਿ ਹਰਿ ਹਰੇ ਜਪੰਤਿ ॥੪॥**

*(ਪੰਨਾ ੧੩੫੪)*

***ਉਚਾਰਣ-ਬੋਧ :*** ਤੋਯੰ—ਤੋਇਅੰ। (ਦੇਖੋ ਫ਼ੁਟ ਨੋਟ ੧, ਪੰਨਾ ੨੦)। ਚਰਮਣਹ, ਅਸਥੰਭਨਹ, ਨਹ ਸ਼ਬਦਾਂ ਦੇ ਅੰਤਲੇ 'ਹ' ਦਾ ਉਚਾਰਣ 'ਹਿ' ਨਹੀਂ ਕਰਨਾ। ਰਹਿਤੰ—'ਹ' ਸਿਹਾਰੀ ਛੱਡਣੀ ਨਹੀਂ; ਉਚਾਰਣ ਦਾ ਹਿੱਸਾ ਬਨਾਣਾ ਹੈ। ਰਹਤੰ ਉਚਾਰਣ ਨਹੀਂ ਕਰਨਾ।

***ਪਦ ਅਰਥ :*** ਕਾਚ ਕੋਟੰ—ਕੱਚਾ ਕਿਲ੍ਹਾ (ਸਰੀਰ)। ਰਚੰਤਿ—ਰਚਿਆ ਹੋਇਆ ਹੈ। ਤੋਯੰ—ਪਾਣੀ ਦਾ। ਲੇਪਨੰ—ਲੇਪਣ, ਪੋਚਾ। ਰਕਤ—ਰਤ, ਲਹੂ। ਚਰਮਣਹ—ਚੰਮ ਦਾ। ਨਵੰ ਤ ਦੁਆਰੰ—ਨੌਂ ਤਾਂ ਦੁਆਰੇ, ਗੋਲਕਾਂ, ਰਸਤੇ (ਦੋ ਅੱਖਾਂ, ਦੋ ਨਾਸਾਂ, ਦੋ ਕੰਨ, ਇਕ ਮੂੰਹ, ਦੋ ਨਾਲੀਆਂ ਗੰਦਗੀ ਬਾਹਰ ਕੱਢਣ ਵਾਲੀਆਂ)। ਭੀਤ—ਭਿੱਤ, ਦਰਵਾਜ਼ੇ। ਭੀਤ ਰਹਿਤੰ—ਦਰਵਾਜ਼ਿਆਂ ਤੋਂ ਬਗ਼ੈਰ। ਬਾਇ—ਵਾਯੂ, ਸਵਾਸ। ਅਸਥੰਭਨਹ—ਥੰਮ੍ਹ। ਨਹ ਸਿਮਰੰਤਿ—ਨਹੀਂ ਸਿਮਰਦਾ। ਜਾਨੰਤਿ—ਜਾਣਦਾ ਹੈ, ਸਮਝੀ ਬੈਠਾ ਹੈ। ਅਸਥਿਰੰ—ਅਸਥਿਰ, ਸਦਾ ਕਾਇਮ ਰਹਿਣ ਵਾਲਾ। ਉਧਰੰਤ—ਉਧਰ ਸਕਦੀ ਹੈ। ਜਪੰਤਿ—ਜਪਦਿਆਂ ਹੋਇਆਂ।੪।

***ਅਰਥ :*** (ਸਰੀਰ ਮਾਨੋ ਇਕ) ਕੱਚਾ ਕਿਲ੍ਹਾ ਹੈ, ਜੋ ਪਾਣੀ (ਰਕਤ ਬੂੰਦ) ਤੋਂ ਬਣਿਆ ਹੋਇਆ ਹੈ। ਇਸ ਉੱਤੇ ਲਹੂ ਤੇ ਚੰਮ ਦਾ ਲੇਪਣ ਦਿੱਤਾ ਹੋਇਆ

ਹੈ। (ਇਸ ਸਰੀਰ ਦੇ) ਨੌਂ ਤਾਂ ਦੁਆਰੇ ਹਨ, ਜਿਨ੍ਹਾਂ ਨੂੰ ਕੋਈ ਦਰਵਾਜ਼ਾ ਨਹੀਂ (ਅਤੇ ਇਸ ਵਿਚ) ਸੁਆਸ ਥੰਮ੍ਹ ਰੂਪ ਹਨ। (ਅਜਿਹੇ ਕੱਚੇ ਕਿਲ੍ਹੇ ਨੂੰ) ਅਗਿਆਨੀ ਜੀਵ ਸਦਾ-ਥਿਰ ਰਹਿਣ ਵਾਲਾ ਸਮਝੀ ਬੈਠਾ ਹੈ ਅਤੇ (ਦੇਹ-ਅਧਿਆਸ ਵਿਚ ਫਸਿਆ ਹੋਇਆ ਕਦੇ ਵੀ) ਪ੍ਰਭੂ ਦਾ ਨਾਮ ਨਹੀਂ ਸਿਮਰਦਾ।

'ਨਾਨਕ'! ਇਹ ਅਮੋਲਕ ਮਨੁੱਖਾ ਦੇਹੀ ਸਾਧੂ-ਸਤਿਗੁਰੂ ਦੀ ਸ਼ਰਨ ਪੈ ਕੇ ਅਤੇ ਸੁਆਸ ਸੁਆਸ ਹਰਿ-ਨਾਮ ਜਪਦਿਆਂ ਹੀ (ਭਵ-ਸਾਗਰ ਤੋਂ) ਉਧਰ ਸਕਦੀ ਹੈ।੪।

***ਸਾਰੰਸ਼ :*** ਅਗਿਆਨਤਾ ਦੇ ਕਾਰਨ, ਜੀਵ ਨਾਸ਼ਮਾਨ ਸਰੀਰ ਨੂੰ ਅਸਥਿਰ ਜਾਣ ਕੇ, ਇਸ ਦੇ ਮੋਹ ਵਿਚ ਫਸਿਆ ਹੋਇਆ, ਸਿਰਜਣਹਾਰ ਪ੍ਰਭੂ ਨੂੰ ਵਿਸਾਰ ਛੱਡਦਾ ਹੈ। ਮਨੁੱਖਾ ਦੇਹੀ ਪ੍ਰਭੂ-ਸਿਮਰਨ ਦੁਆਰਾ ਹੀ ਸਫਲ ਹੋ ਸਕਦੀ ਹੈ।

**ਅਸਥਿਰੁ ਜੋ ਮਾਨਿਓ ਦੇਹ, ਸੋ ਤਉ ਤੇਰਉ ਹੋਇ ਹੈ ਖੇਹ ॥**
**ਕਿਉ ਨ ਹਰਿ ਕੋ ਨਾਮੁ ਲੇਹਿ, ਮੂਰਖ ਨਿਲਾਜ ਰੇ ॥੧॥੪॥**

*(ਜੈਜਾਵੰਤੀ ਮ: ੯, ਪੰਨਾ ੧੩੫੨)*

**ਸੁਭੰਤ ਤੁਯੰ ਅਚੁਤ ਗੁਣਗ੍ਯੰ**
**ਪੂਰਨੰ ਬਹੁਲੋ ਕ੍ਰਿਪਾਲਾ ॥**
**ਗੰਭੀਰੰ ਊਚੈ ਸਰਬਗਿ ਅਪਾਰਾ ॥**
**ਭ੍ਰਿਤਿਆ ਪ੍ਰਿਅੰ ਬਿਸ੍ਰਾਮ ਚਰਣੰ ॥**
**ਅਨਾਥ ਨਾਥੇ ਨਾਨਕ ਸਰਣੰ ॥੫॥** *(ਪੰਨਾ ੧੩੫੪)*

***ਉਚਾਰਣ-ਬੋਧ :*** [1]ਤੁਯੰ—ਤੁਅੰ (ਦੇਖੋ ਫ਼ੁਟ ਨੋਟ ੧)। ਗੁਣਗ੍ਯੰ—ਗੁਣੱਗਿਅੰ। ਕ੍ਰਿਪਾਲਾ, ਭ੍ਰਿਤਿਆ, ਪ੍ਰਿਅੰ ਸ਼ਬਦਾਂ ਵਿਚ 'ਿ' ਉਚਾਰਣ ਪੈਰ-ਅੱਖਰ '੍ਰ' ਨਾਲ— ਕਰਿਪਾਲਾ, ਭਰਿਤਿਆ, ਪਰਿਅੰ ਵਾਂਗ।

---

੧. *ਨੋਟ :* ਗੁਰਬਾਣੀ ਵਿਚ 'ਤੋਯੰ' ਅਤੇ 'ਤੁਯੰ' ਦੋ ਸ਼ਬਦ ਆਉਂਦੇ ਹਨ, ਜਿਨ੍ਹਾਂ ਦੀ ਅੱਖਰੀ ਬਣਤਰ ਕੁਝ ਮਿਲਦੀ ਜੁਲਦੀ ਹੈ। ਫ਼ਰਕ ਇਹ ਹੈ ਕਿ ਇਕ ਸ਼ਬਦ ਦੇ ਮੁੱਢਲੇ 'ਤ' ਅੱਖਰ ਨੂੰ ਹੋੜਾ ਹੈ, ਦੂਜੇ ਨੂੰ ਔਂਕੜ। ਇਹਨਾਂ ਦੋਹਾਂ ਸ਼ਬਦਾਂ ਦੇ ਉਚਾਰਣ ਵਿਚ ਵੀ ਫ਼ਰਕ ਹੈ ਅਤੇ ਅਰਥਾਂ ਵਿਚ ਵੀ। 'ਤੋਯੰ' ਦਾ ਉਚਾਰਣ ਹੈ 'ਤੋਇਅੰ' ਅਤੇ ਅਰਥ ਹੈ 'ਪਾਣੀ', ਤੁਯੰ ਦਾ ਉਚਾਰਣ ਹੈ 'ਤੁਅੰ' ਅਤੇ ਅਰਥ ਹੈ 'ਤੂੰ'।

***ਪਦ ਅਰਥ :*** ਸੁਭੰਤ—ਸੁਭਾਇਮਾਨ। ਤੁਯੰ—ਤੂੰ। ਅਚੁਤ—ਅਬਿਨਾਸ਼ੀ, ਅਟੱਲ। ਗੁਣਗੵੰ—ਗੁਣਾਂ ਦਾ ਗਿਆਤਾ। ਪੂਰਨੰ—ਪਰੀਪੂਰਨ। ਬਹੁਲੋ—ਬਹੁਤ ਹੀ। ਗੰਭੀਰੰ—ਗੰਭੀਰ, ਡੂੰਘਾ, ਅਥਾਹ। ਸਰਬਗਿ—ਸਰਬਗਯ, ਸਭ ਦੀ ਜਾਨਣਹਾਰ। ਭ੍ਰਿਤਿਆ ਪ੍ਰਿਅੰ—ਦਾਸਾਂ ਦਾ ਪਿਆਰਾ।੫।

***ਅਰਥ :*** ਹੇ ਗੁਣਾਂ ਦੇ ਗਿਆਤਾ ਅਬਿਨਾਸ਼ੀ ਵਾਹਿਗੁਰੂ! ਤੂੰ ਸਭ ਥਾਈਂ ਸੁਭਾਇਮਾਨ ਹੋ ਰਿਹਾ ਹੈਂ। ਤੂੰ ਹਰੇਕ ਵਿਚ ਪਰੀਪੂਰਨ ਹੈਂ ਤੇ ਬਹੁਤ ਕਿਰਪਾਲੂ ਹੈਂ, ਗਹਿਰ ਗੰਭੀਰ ਹੈਂ, ਸਰਬੋਤਮ ਹੈਂ, ਸਭ ਕੁਝ ਜਾਨਣ ਵਾਲਾ ਹੈਂ, ਤੇਰਾ ਪਾਰਾਵਾਰ ਕੋਈ ਨਹੀਂ ਪਾ ਸਕਦਾ। ਤੂੰ ਆਪਣੇ ਦਾਸਾਂ ਦਾ ਪਿਆਰਾ ਹੈਂ, ਤੇਰੇ ਚਰਨ ਕਮਲ (ਤੇਰੇ ਦਾਸਾਂ ਲਈ) ਆਸਰਾ ਹਨ। ਹੇ ਅਨਾਥਾਂ ਦੇ ਨਾਥ ਪ੍ਰਭੂ! ਮੈਂ 'ਨਾਨਕ' ਤੇਰੀ ਸ਼ਰਨ ਹਾਂ।੫।

***ਸਾਰੰਸ਼ :*** ਅਦੁੱਤੀ ਗੁਣਾਂ ਵਾਲਾ ਪ੍ਰਭੂ ਆਪਣੇ ਭਗਤਾਂ ਦਾ ਪਿਆਰਾ ਹੈ। ਭਗਤਾਂ ਨੂੰ ਉਸ ਦੀ ਚਰਨ ਸ਼ਰਨ ਦਾ ਹੀ ਸਹਾਰਾ ਹੈ।

**ਤੂੰ ਦਇਆਲੁ ਕ੍ਰਿਪਾਲੁ ਕ੍ਰਿਪਾਨਿਧਿ, ਮਨਸਾ ਪੂਰਣਹਾਰਾ॥**
**ਭਗਤ ਤੇਰੇ ਸਭਿ ਪ੍ਰਾਣਪਤਿ ਪ੍ਰੀਤਮ, ਤੂੰ ਭਗਤਨ ਕਾ ਪਿਆਰਾ॥੨॥੪੮॥**

*(ਸੂਹੀ ਮ: ੫, ਪੰਨਾ ੭੪੭)*

## ਮ੍ਰਿਗੀ ਪੇਖੰਤ
## ਬਧਿਕ ਪ੍ਰਹਾਰੇਣ ਲਖ੍ ਆਵਧਹ॥
## ਅਹੋ ਜਸ੍ ਰਖੇਣ ਗੋਪਾਲਹ
## ਨਾਨਕ, ਰੋਮ ਨ ਛੇਦ੍ਤੇ॥੬॥

*(ਪੰਨਾ ੧੩੫੪)*

***ਉਚਾਰਣ-ਬੋਧ :*** ਮ੍ਰਿਗੀ—ਸਿਹਾਰੀ ਅਤੇ ਅੱਧੇ ਰਾਰੇ ਦਾ ਉਚਾਰਣ ਮਿਲਵਾਂ। ਲਖ੍—ਲਖਿਅ। ਜਸ੍—ਜਸਿਅ। ਛੇਦ੍ਤੇ—ਛੇਦਿਅਤੇ। ਆਵਧਹ, ਗੋਪਾਲਹ—ਮੁਕਤਾ 'ਹ' ਦਾ ਉਚਾਰਣ 'ਹਿ' ਕਰਨਾ ਦਰੁੱਸਤ ਨਹੀਂ।

***ਪਦ ਅਰਥ :*** ਮ੍ਰਿਗੀ—ਹਰਨੀ। ਪੇਖੰਤ—ਵੇਖ ਕੇ, ਵੇਖਦੇ ਹੀ। ਬਧਿਕ—ਸ਼ਿਕਾਰੀ। ਪ੍ਰਹਾਰੇਣ—ਚੋਟ ਮਾਰਦਾ ਹੈ। ਲਖ੍—ਲਕਸ਼, ਨਿਸ਼ਾਨਾ। ਆਵਧਹ—ਸ਼ਸਤਰ ਨਾਲ। ਅਹੋ—ਅਸਚਰਜ, ਵਾਹ! ਜਸ੍—ਜਿਸ ਦਾ। ਰਖੇਣ—ਰੱਖਣ ਵਾਲਾ, ਰਾਖਾ। ਰੋਮ ਨ ਛੇਦ੍ਤੇ—ਵਾਲ ਵਿੰਗਾ ਨਹੀਂ ਕਰ ਸਕਦਾ।੬।

***ਅਰਥ :*** ਹਰਨੀ ਨੂੰ ਵੇਖਦੇ ਸਾਰ, ਸ਼ਿਕਾਰੀ ਨਿਸ਼ਾਨਾ ਬੰਨ੍ਹ ਕੇ ਸ਼ਸਤਰ ਨਾਲ ਚੋਟ ਕਰਦਾ ਹੈ। ਪਰ 'ਨਾਨਕ'! ਅਸਚਰਜ ਹੈ ਕਿ ਜਿਸ ਦਾ ਰਾਖਾ ਗੋਪਾਲ-ਪ੍ਰਭੂ ਹੁੰਦਾ ਹੈ, ਉਸ ਦਾ ਕੋਈ ਵਾਲ ਵੀ ਵਿੰਗਾ ਨਹੀਂ ਕਰ ਸਕਦਾ।੬।

***ਸਾਰੰਸ਼ :*** **ਜਿਸ ਨੋ ਤੂ ਰਖਵਾਲਾ, ਮਾਰੇ ਤਿਸੁ ਕਉਣੁ ॥੮॥**

*(ਰਾਮਕਲੀ ਕੀ ਵਾਰ ਮ: ੫, ਪੰਨਾ ੯੬੧)*

ਅਥਵਾ—

**ਜਿਸ ਕੋ ਸਾਜਨ ਰਾਖਸੀ, ਦੁਸਮਨ ਕਵਨ ਬਿਚਾਰ ॥੨੪॥**

*(ਬਚਿਤ੍ਰ ਨਾਟਕ, ਧਿਆਇ ੧੩)*

**ਬਹੁ ਜਤਨ ਕਰਤਾ ਬਲਵੰਤਕਾਰੀ**
**ਸੇਵੰਤ ਸੂਰਾ ਚਤੁਰ ਦਿਸਹ ॥**
**ਬਿਖਮ ਥਾਨ ਬਸੰਤ ਊਚਹ**
**ਨਹ ਸਿਮਰੰਤ ਮਰਣੰ ਕਦਾਂਚਹ ॥**
**ਹੋਵੰਤਿ ਆਗਿਆ ਭਗਵਾਨ ਪੁਰਖਹ**
**ਨਾਨਕ, ਕੀਟੀ ਸਾਸ ਅਕਰਖਤੇ ॥੭॥** *(ਪੰਨਾ ੧੩੫੪)*

***ਉਚਾਰਣ-ਬੋਧ :*** ਦਿਸਹ, ਊਚਹ, ਕਦਾਂਚਹ, ਪੁਰਖਹ—ਮੁਕਤਾ 'ਹ' ਦਾ ਉਚਾਰਣ 'ਹਿ' ਕਰਨਾ ਦਰੁੱਸਤ ਨਹੀਂ।

***ਪਦ ਅਰਥ :*** ਬਲਵੰਤਕਾਰੀ—ਤਕੜੇ ਬਲ ਵਾਲਾ। ਸੇਵੰਤ—ਸੇਵਾ ਕਰਦੇ ਹੋਣ। ਸੂਰਾ—ਸੂਰਮੇ, ਜੋਧੇ। ਚਤੁਰ ਦਿਸਹ—ਚਾਰੇ ਪਾਸਿਆਂ ਤੋਂ, ਚਹੁ-ਦਿਸ਼ਾਵਾਂ ਤੋਂ। ਬਿਖਮ ਥਾਨ—ਔਖੀ ਥਾਂ, ਜਿਥੇ ਪਹੁੰਚਣਾ ਔਖਾ ਹੋਵੇ। ਬਸੰਤ—ਵੱਸਦਾ ਹੋਵੇ। ਨਹ ਸਿਮਰੰਤ—ਨਹੀਂ ਚੇਤੇ ਕਰਦਾ। ਮਰਣੰ—ਮਰਨਾ, ਮੌਤ। ਕਦਾਂਚਹ—ਕਦੇ ਵੀ। ਹੋਵੰਤਿ—ਹੁੰਦੀ ਹੈ। ਭਗਵਾਨ ਪੁਰਖਹ—ਭਗਵਾਨ ਪੁਰਖ ਦੀ। ਕੀਟੀ—ਕੀੜੀ। ਅਕਰਖਤੇ—ਖਿੱਚ ਲੈਂਦੀ ਹੈ।੭।

***ਅਰਥ :*** (ਜੇ ਕੋਈ ਪ੍ਰਾਣੀ) ਬੜੇ ਉਪਾਵ ਕਰਨ ਦੇ ਸਮਰੱਥ ਹੋਵੇ, ਤਕੜੇ ਬਲ ਵਾਲਾ ਹੋਵੇ, ਚਹੁੰਆਂ ਪਾਸਿਆਂ ਤੋਂ (ਵੱਡੇ ਵੱਡੇ) ਸੂਰਮੇ ਉਸ ਦੀ ਸੇਵਾ ਕਰਦੇ ਹੋਣ, ਉਹ ਇੰਨੇ ਉੱਚੇ ਥਾਂ ਵੱਸਦਾ ਹੋਵੇ, ਜਿਥੇ ਪਹੁੰਚਣਾ ਔਖਾ ਹੋਵੇ, (ਅਜਿਹੀ ਸੁਰੱਖਿਅਤ ਸਥਿਤੀ ਵਿਚ) ਮਰਨਾ ਉਸ ਦੇ ਚਿਤ-ਚੇਤੇ ਨਾ ਆਉਂਦਾ ਹੋਵੇ।

(ਏਨਾ ਬਲ, ਐਸ਼੍ਵਰਜ ਅਤੇ ਸੁਰੱਖਿਆ ਹੋਣ ਦੇ ਬਾਵਜੂਦ) ਜਦੋਂ ਅਕਾਲ ਪੁਰਖ ਵੱਲੋਂ (ਉਸ ਦੇ ਚਲਾਣੇ ਦੀ) ਆਗਿਆ ਹੋ ਜਾਂਦੀ ਹੈ ਤਾਂ 'ਨਾਨਕ'! ਨਿੱਕੀ ਜਿਹੀ ਕੀੜੀ ਉਸ (ਮਹਾਂ ਬਲੀ) ਦਾ ਸਾਹ ਖਿੱਚ ਲੈਂਦੀ ਹੈ।੭।

***ਸਾਰੰਸ਼ :*** ਆਪਣੀ ਸਿਆਣਪ, ਤਾਕਤ ਅਤੇ ਐਸ਼੍ਵਰਜ ਦੇ ਨਸ਼ੇ ਵਿਚ ਗ਼ਲਤਾਨ ਮਨੁੱਖ ਮੌਤ ਨੂੰ ਭੁੱਲ ਜਾਂਦਾ ਹੈ। ਜੇ ਸਰਬ ਸ਼ਕਤੀਮਾਨ ਪ੍ਰਭੂ ਨੂੰ ਭਾਵੇ ਤਾਂ ਇਕ ਤੁੱਛ ਜਿਹੇ ਜੀਵ ਦੁਆਰਾ ਉਸ ਦਾ ਬਿਨਾਸ ਹੋ ਜਾਂਦਾ ਹੈ।

**ਸਭ ਤੇ ਆਪ ਜਾਨੈ ਬਲਵੰਤੁ ॥**
**ਖਿਨ ਮਹਿ, ਹੋਇ ਜਾਇ ਭਸਮੰਤੁ ॥੨॥੧੨॥**

*(ਗਉੜੀ ਸੁਖਮਨੀ ਮ: ੫, ਪੰਨਾ ੨੭੮)*

**ਸਬਦੰ ਰਤੰ ਹਿਤੰ ਮਇਆ**
**ਕੀਰਤੰ ਕਲੀ ਕਰਮ ਕ੍ਰਿਤੁਆ ॥**
**ਮਿਟੰਤਿ ਤਤ੍ਰਾਗਤ ਭਰਮ ਮੋਹੰ ॥**
**ਭਗਵਾਨ ਰਮਣੰ ਸਰਬਤ੍ਰ ਥਾਨ੍ਹਿੰ ॥**
**ਦ੍ਰਿਸਟ ਤੁਯੰ ਅਮੋਘ ਦਰਸਨੰ**
**ਬਸੰਤ ਸਾਧ ਰਸਨਾ ॥**
**ਹਰਿ ਹਰਿ ਹਰਿ ਹਰੇ**
**ਨਾਨਕ ਪ੍ਰਿਅੰ ਜਾਪੁ ਜਪਨਾ ॥੮॥** *(ਪੰਨਾ ੧੩੫੪)*

***ਉਚਾਰਣ-ਬੋਧ :*** ਕ੍ਰਿਤੁਆ—ਸਿਹਾਰੀ ਅਤੇ ਅੱਧੇ ਰਾਰੇ ਦਾ ਉਚਾਰਣ ਮਿਲਵਾਂ। ਥਾਨ੍ਹਿੰ—ਥਾਨਿਅੰ। ਤੁਯੰ—ਉਚਾਰਣ ਤੁਅੰ ਵਾਂਗ। ਪ੍ਰਿਅੰ—'ਿ' ਉਚਾਰਣ ਪੈਰ-ਅੱਖਰ '੍ਰ' ਨਾਲ ਮਿਲਵਾਂ।

***ਪਦ ਅਰਥ :*** ਸਬਦੰ ਰਤੰ—ਸ਼ਬਦ ਵਿਚ ਪ੍ਰੀਤੀ। ਹਿਤੰ—ਹਿਤ, ਪਿਆਰ। ਮਇਆ—ਦਇਆ, ਜੀਵਾਂ 'ਤੇ ਦਇਆ ਕਰਨੀ। ਕੀਰਤੰ—ਕੀਰਤੀ, ਪ੍ਰਭੂ ਦੀ ਸਿਫ਼ਤਿ-ਸਾਲਾਹ। ਕਲੀ—ਕਲਜੁਗ। ਕ੍ਰਿਤੁਆ—ਕਰਨ ਜੋਗ। ਤਤ੍ਰਾਗਤ—ਤਤ੍ਰ + ਆਗਤ, ਉਥੇ ਆਏ। ਭਰਮ ਮੋਹੰ—ਭਰਮ ਤੇ ਮੋਹ। ਰਮਣੰ—ਵਿਆਪਕ ਹੋ ਰਿਹਾ। ਸਰਬਤ੍ਰ ਥਾਨ੍ਹਿੰ—ਸਾਰੀਆਂ ਥਾਵਾਂ 'ਤੇ। ਤੁਯੰ—ਤੂੰ, ਤੇਰਾ। ਅਮੋਘ—ਸਫਲ। ਬਸੰਤ—ਵੱਸਦਾ ਹੈ।੮।

***ਅਰਥ :*** ਜਿਹੜੇ ਮਨੁੱਖ ਗੁਰ-ਸ਼ਬਦ ਨਾਲ ਪ੍ਰੀਤ, ਜੀਅ-ਦਇਆ ਨਾਲ ਪ੍ਰੇਮ ਅਤੇ ਕਲਜੁਗ ਵਿਚ ਕਰਨ ਜੋਗ ਕਰਮ : ਵਾਹਿਗੁਰੂ ਦੀ ਕੀਰਤੀ (ਸਿਫ਼ਤਿ-ਸਾਲਾਹ) ਕਰਦੇ ਹਨ, ਉਥੇ (ਉਹਨਾਂ ਦੇ ਅੱਗੇ) ਆਏ ਹੋਏ ਸਾਰੇ ਭਰਮ ਤੇ ਮੋਹ ਮਿਟ ਜਾਂਦੇ ਹਨ। ਉਹਨਾਂ ਨੂੰ ਸਭਨੀਂ ਥਾਈਂ ਪ੍ਰਭੂ ਰਮਿਆ ਹੋਇਆ ਪ੍ਰਤੀਤ ਹੁੰਦਾ ਹੈ।

ਹੇ ਪ੍ਰਭੂ ! ਮੈਂ ਨਾਨਕ ਨੂੰ ਤੇਰਾ ਸਫਲ ਦੀਦਾਰ (ਉਹਨਾਂ ਵਿੱਚੋਂ) ਮੂਰਤੀਮਾਨ ਹੁੰਦਾ ਹੈ, ਜਿਨ੍ਹਾਂ ਸਾਧਾਂ ਦੀ ਰਸਨਾ 'ਤੇ ਸਵਾਸ ਸਵਾਸ ਹਰਿ-ਨਾਮ ਵੱਸਦਾ ਹੈ ਅਤੇ ਜਿਨ੍ਹਾਂ ਨੂੰ (ਤੇਰੇ ਨਾਮ ਦਾ) ਜਾਪ ਜਪਣਾ ਪਿਆਰਾ ਲੱਗਦਾ ਹੈ।੮।

***ਸਾਰੰਸ਼ :*** ਸ਼ਬਦ ਵਿਚ ਪ੍ਰੀਤ ਜੋੜਨਹਾਰਿਆਂ ਨੂੰ 'ਪ੍ਰਭੂ' ਅੰਦਰ ਬਾਹਰ ਸਾਖਿਆਤਕਾਰ ਹੋ ਜਾਂਦਾ ਹੈ। ਅਜਿਹੇ ਨਾਮ-ਵਿਗਸੇ ਸਤ-ਪੁਰਸ਼ਾਂ ਦੇ ਦਰਸ਼ਨ ਵਿੱਚੋਂ ਵਾਹਿਗੁਰੂ ਦਾ ਦੀਦਾਰ ਮੂਰਤੀਮਾਨ ਹੁੰਦਾ ਹੈ।

**ਘਟੰਤ ਰੂਪੰ ਘਟੰਤ ਦੀਪੰ**
**ਘਟੰਤ ਰਵਿ ਸਸੀਅਰ ਨਖ੍ਯ੍ਯਤ੍ਰ ਗਗਨੰ ॥**
**ਘਟੰਤ ਬਸੁਧਾ ਗਿਰਿ ਤਰ ਸਿ ਖੰਡੰ ॥**
**ਘਟੰਤ ਲਲਨਾ ਸੁਤ ਭ੍ਰਾਤ ਹੀਤੰ ॥**
**ਘਟੰਤ ਕਨਿਕ ਮਾਨਿਕ ਮਾਇਆ ਸ੍ਵਰੂਪੰ ॥**
**ਨਹ ਘਟੰਤ ਕੇਵਲ ਗੋਪਾਲ ਅਚੁਤ ॥**
**ਅਸਥਿਰੰ ਨਾਨਕ ਸਾਧ ਜਨ ॥੯॥** *(ਪੰਨਾ ੧੩੫੪)*

***ਉਚਾਰਣ-ਬੋਧ :*** ਨਖ੍ਯ੍ਯਤ੍ਰ—ਨਖਿਅਤ੍ਰ। ਸਿ ਖੰਡੰ—ਉਚਾਰਣ ਇਕੱਠਾ ਨਹੀਂ। ਸ੍ਵਰੂਪੰ—ਉਚਾਰਣ ਮਿਲਵਾਂ—ਸੁਅਰੂਪੰ ਵਾਂਗ।

***ਪਦ ਅਰਥ :*** ਘਟੰਤ—ਘਟਦੀ ਹੈ, ਖਿਸਰਦੀ ਹੈ। ਰੂਪੰ—ਰੂਪ, ਦ੍ਰਿਸ਼ਟਮਾਨ ਦੀ ਸੁੰਦਰਤਾ। ਦੀਪੰ—ਤੇਜ ਪਰਤਾਪ। ਰਵਿ—ਸੂਰਜ। ਸਸੀਅਰ—ਚੰਦਰਮਾ। ਨਖ੍ਯ੍ਯਤ੍ਰ—ਤਾਰੇ। ਗਗਨੰ—ਆਕਾਸ਼। ਬਸੁਧਾ—ਧਰਤੀ। ਗਿਰਿ—ਪਹਾੜ। ਤਰ—ਰੁੱਖ, ਬ੍ਰਿਛ। ਸਿ ਖੰਡੰ—ਉਸ ਦੇ ਖੰਡ। ਲਲਨਾ—ਇਸਤ੍ਰੀ, ਪਤਨੀ। ਸੁਤ—ਪੁੱਤਰ। ਭ੍ਰਾਤ—ਭਾਈ। ਹੀਤੰ—ਹਿਤੂ, ਪਿਆਰੇ ਸਨਬੰਧੀ। ਕਨਿਕ—ਸੋਨਾ। ਮਾਨਿਕ—ਮੋਤੀ, ਹੀਰੇ। ਮਾਇਆ ਸ੍ਵਰੂਪੰ—ਮਾਇਕੀ ਸਵਰੂਪ, ਪ੍ਰਕਿਰਤੀ ਦੇ ਸਾਰੇ ਆਕਾਰ। ਅਚੁਤ—ਅਬਿਨਾਸ਼ੀ। ਅਸਥਿਰੰ—ਸਦਾ ਕਾਇਮ।੯।

***ਅਰਥ :*** (ਦ੍ਰਿਸ਼ਟਮਾਨ ਪਸਾਰੇ ਦੀ) ਸੁੰਦਰਤਾ (ਸਮਾਂ ਪਾ ਕੇ) ਖਿਸਰ ਜਾਂਦੀ ਹੈ, ਤੇਜ ਪਰਤਾਪ (ਸਮੇਂ ਨਾਲ) ਮਿਟ ਜਾਂਦਾ ਹੈ। ਸੂਰਜ, ਚੰਦਰਮਾ, ਤਾਰਾ-ਮੰਡਲ ਤੇ ਆਕਾਸ਼, ਇਹ ਸਾਰੇ ਖਿਸਰ ਜਾਂਦੇ ਹਨ। ਧਰਤੀ ਤੇ ਉਸ ਦੇ ਸਾਰੇ ਖੰਡ, ਸਮੇਤ ਪਹਾੜਾਂ ਤੇ ਰੁੱਖਾਂ (ਜੰਗਲਾਂ) ਦੇ ਸਾਰੇ ਨਾਸ ਹੋ ਜਾਂਦੇ ਹਨ। ਪਤਨੀ, ਪੁੱਤਰ, ਭਰਾ ਤੇ ਪਿਆਰੇ ਸਨਬੰਧੀ ਵੀ ਬਿਨਸ ਜਾਂਦੇ ਹਨ। ਸੋਨਾ, ਮੋਤੀ ਆਦਿਕ ਸਾਰੇ ਮਾਇਕੀ ਆਕਾਰ ਵੀ (ਅੰਤ ਨੂੰ) ਨਾਸ ਹੋ ਜਾਂਦੇ ਹਨ।

ਪਰ 'ਨਾਨਕ'! ਕੇਵਲ ਇਕ ਅਬਿਨਾਸ਼ੀ ਪ੍ਰਭੂ ਹੀ ਹੈ, ਜੋ ਕਦੇ ਨਹੀਂ ਬਿਨਸਦਾ, (ਅਬਿਨਾਸ਼ੀ ਪ੍ਰਭੂ ਦੇ) ਸਾਧ ਜਨ ਵੀ ਕਾਇਮ-ਦਾਇਮ ਰਹਿਣ ਵਾਲੇ ਹਨ।੯।

***ਸਾਰੰਸ਼ :*** ਦ੍ਰਿਸ਼ਟਮਾਨ ਪਸਾਰਾ ਸਾਰਾ ਬਿਨਸਨਹਾਰ ਹੈ, ਕੇਵਲ ਵਾਹਿਗੁਰੂ ਅਤੇ ਵਾਹਿਗੁਰੂ ਦੇ ਸੇਵਕ ਸਦਾ ਕਾਇਮ ਰਹਿੰਦੇ ਹਨ।

ਗੁਰਵਾਕ :

**ਨਿਹਚਲੁ ਸਚੁ ਖੁਦਾਇ ਏਕੁ, ਖੁਦਾਇ ਬੰਦਾ ਅਬਿਨਾਸੀ ॥੧੭॥**

*(ਰਾਮਕਲੀ ਵਾਰ ਮ: ੫, ਪੰਨਾ ੧੧੦੦)*

**ਨਹ ਬਿਲੰਬ ਧਰਮੰ, ਬਿਲੰਬ ਪਾਪੰ ॥**
**ਦ੍ਰਿੜੰਤ ਨਾਮੰ, ਤਜੰਤ ਲੋਭੰ ॥**
**ਸਰਣਿ ਸੰਤੰ ਕਿਲਬਿਖ ਨਾਸੰ**
**ਪ੍ਰਾਪਤੰ ਧਰਮ ਲਖ੍ਹਿਣ ॥**
**ਨਾਨਕ ਜਿਹ ਸੁਪ੍ਰਸੰਨ ਮਾਧਵਹ ॥੧੦॥** *(ਪੰਨਾ ੧੩੫੪)*

***ਉਚਾਰਣ-ਬੋਧ :*** ਨਹ, ਮਾਧਵਹ—'ਹ' ਮੁਕਤਾ ਦਾ ਉਚਾਰਣ 'ਹਿ' ਵਾਂਗ ਕਰਨਾ ਦਰੁੱਸਤ ਨਹੀਂ। ਦ੍ਰਿੜੰਤ—'ਿ' ਉਚਾਰਣ ਪੈਰ-ਅੱਖਰ '੍ਰ' ਨਾਲ ਮਿਲਵਾਂ। ਲਖ੍ਹਿਣ—ਲਖਿਅਣ।

***ਪਦ ਅਰਥ :*** ਬਿਲੰਬ—ਦੇਰੀ, ਢਿੱਲ, ਸੰਕੋਚ। ਦ੍ਰਿੜੰਤ—ਦ੍ਰਿੜ੍ਹ ਕਰਨਾ, ਮਨ ਵਿਚ ਪੱਕਿਆਂ ਕਰ ਕੇ ਵਸਾਉਣਾ। ਤਜੰਤ—ਤੱਜਣਾ, ਛੱਡਣਾ। ਲੋਭੰ—ਲੋਭ। ਕਿਲਬਿਖ—ਪਾਪ। ਪ੍ਰਾਪਤੰ—ਪ੍ਰਾਪਤ ਹੁੰਦੇ ਹਨ। ਲਖ੍ਹਿਣ—ਲੱਛਣ। ਜਿਹ—ਜਿਸ ਉੱਤੇ। ਮਾਧਵਹ—ਮਾਇਆ ਦਾ ਪਤੀ, ਵਾਹਿਗੁਰੂ।੧੦।

***ਅਰਥ :*** ਧਰਮ (ਦੇ ਕੰਮਾਂ) ਵਿਚ ਢਿੱਲ ਨਾ ਕਰਨੀ ਅਤੇ ਪਾਪ-ਕਰਮਾਂ

ਵੱਲੋਂ ਸਦਾ ਸੰਕੋਚ ਕਰਨਾ, ਪ੍ਰਭੂ ਦੇ ਨਾਮ ਨੂੰ ਹਿਰਦੇ ਵਿਚ ਦ੍ਰਿੜ੍ਹ ਕਰਨਾ ਤੇ ਲੋਭ ਦਾ ਤਿਆਗ ਕਰਨਾ, ਸਰਬ ਪਾਪ-ਖੰਡਨ ਸਾਧੂ-ਸਤਿਗੁਰੂ ਦੀ ਚਰਨ-ਸ਼ਰਨ ਪ੍ਰਾਪਤ ਕਰਨੀ, ਇਹ ਹਨ ਧਰਮ-ਲੱਛਣ। 'ਨਾਨਕ'! ਇਹ (ਧਰਮ-ਲੱਛਣ) ਪ੍ਰਾਪਤ ਉਸ ਪ੍ਰਾਣੀ ਨੂੰ ਹੁੰਦੇ ਹਨ, ਜਿਸ ਉੱਤੇ ਪ੍ਰਭੂ ਜੀ ਤਰੁੱਠ ਪੈਂਦੇ ਹਨ।੧੦।

***ਸਾਰੰਸ਼ :*** ਸਾਧੂ ਸਤਿਗੁਰੂ ਦੀ ਸ਼ਰਨੀ ਪੈ ਕੇ ਨਾਮ ਦ੍ਰਿੜ੍ਹ ਕਰਨਾ, ਸ਼ੁਭ ਕਰਮ ਕਰਨ ਲਈ ਤੱਤਪਰ ਰਹਿਣਾ, ਪਾਪ-ਲੋਭ ਦਾ ਤਿਆਗ ਕਰਨਾ ਆਦਿ ਧਰਮ-ਲੱਛਣ ਪ੍ਰਭੂ ਦੀ ਮਿਹਰ ਸਦਕਾ ਹੀ ਪ੍ਰਾਪਤ ਹੁੰਦੇ ਹਨ।

**ਮਿਰਤ ਮੋਹੰ ਅਲਪ ਬੁਧੵੰ**
**ਰਚੰਤਿ ਬਨਿਤਾ ਬਿਨੋਦ ਸਾਹੰ ॥**
**ਜੌਬਨ ਬਹਿਕ੍ਰਮ ਕਨਿਕ ਕੁੰਡਲਹ ॥**
**ਬਚਿਤ੍ਰ ਮੰਦਿਰ ਸੋਭੰਤਿ ਬਸਤ੍ਰਾ**
**ਇਤ੍ਯੰਤ ਮਾਇਆ ਬ੍ਯਾਪਿਤੰ ॥**
**ਹੇ ਅਚੁਤ ਸਰਣਿ ਸੰਤ ਨਾਨਕ**
**ਭੋ ਭਗਵਾਨਏ ਨਮਹ ॥੧੧॥** *(ਪੰਨਾ ੧੩੫੪)*

***ਉਚਾਰਣ-ਬੋਧ :*** ਕੁੰਡਲਹ, ਨਮਹ—'ਹ' ਮੁਕਤਾ ਦਾ ਉਚਾਰਣ 'ਹਿ' ਵਾਂਗ ਕਰਨਾ ਦਰੁੱਸਤ ਨਹੀਂ। ਬੁਧੵੰ—ਬੁਧਿਅੰ। ਇਤ੍ਯੰਤ—ਇਤਿਅੰਤ। ਬ੍ਯਾਪਿਤੰ—ਬਿਆਪਤੰ। ਜੌਬਨ—'ਜ' 'ੌ' ਹੀ ਉਚਾਰਣਾ ਹੈ, 'ੋ' ਨਹੀਂ। ਭਗਵਾਨਏ—'ਏ' ਉਚਾਰਣ ਦਾ ਹਿੱਸਾ ਬਨਾਣਾ ਹੈ; 'ਭਗਵਾਨੇ' ਉਚਾਰਣ ਨਹੀਂ ਕਰਨਾ।

***ਪਦ ਅਰਥ :*** ਮਿਰਤ—ਨਾਸਵੰਤ, ਝੂਠੇ। ਅਲਪ ਬੁਧੵੰ—ਥੋੜੀ ਬੁੱਧੀ ਵਾਲਾ, ਕਮ-ਅਕਲ ਜੀਵ। ਰਚੰਤਿ—ਰਚਦਾ ਹੈ। ਬਨਿਤਾ—ਇਸਤ੍ਰੀ, ਪਤਨੀ। ਬਿਨੋਦ—ਰੰਗ ਤਮਾਸ਼ੇ, ਕਲੋਲ। ਸਾਹੰ—ਉਤਸ਼ਾਹ। ਬਹਿਕ੍ਰਮ—ਅਵਸਥਾ, ਉਮਰ। ਕਨਿਕ ਕੁੰਡਲਹ—ਸੋਨੇ ਦੇ ਕੁੰਡਲ, ਵਾਲ਼ੇ। ਬਚਿਤ੍ਰ—ਮਨਮੋਹਣੇ, ਰੰਗਾ ਰੰਗ ਦੇ। ਸੋਭੰਤਿ—ਸੁਹਾਵਣੇ। ਬਸਤ੍ਰਾ—ਬਸਤਰ, ਕਪੜੇ। ਇਤ੍ਯੰਤ—ਇਤਨੀ ਜ਼ਿਆਦਾ। ਬ੍ਯਾਪਿਤੰ—ਵਿਆਪਦੀ ਹੈ। ਅਚੁਤ—ਅਬਿਨਾਸ਼ੀ। ਭੋ ਭਗਵਾਨਏ—ਧਰਤੀ ਦੇ ਮਾਲਕ ਪ੍ਰਭੂ ਨੂੰ। ਨਮਹ—ਨਮਸਕਾਰ।੧੧।

***ਅਰਥ :*** ਨਾਸਵੰਤ ਪਦਾਰਥਾਂ ਦੇ ਮੋਹ ਕਾਰਨ ਥੋੜੀ ਮਤਿ ਵਾਲਾ ਜੀਵ

ਕਾਮਨੀ ਦੇ ਰੰਗ-ਤਮਾਸ਼ਿਆਂ ਵਿਚ ਬੜੇ ਉਤਸ਼ਾਹ ਨਾਲ ਰਚਿਆ ਰਹਿੰਦਾ ਹੈ। ਜੋਬਨ ਅਵਸਥਾ ਦਾ ਵੇਗ, ਸੋਨੇ ਦੇ ਵਾਲ਼ੇ, ਮਨਮੋਹਣੇ ਮੰਦਰ ਤੇ ਸੁਹਾਵਣੇ ਬਸਤਰ, ਰੰਗਾ ਰੰਗ ਦੀ ਮਾਇਆ ਆਦਿਕ (ਅਲਪ-ਬੁੱਧੀ ਵਾਲੇ ਜੀਵ ਨੂੰ) ਅਤਿਅੰਤ ਪ੍ਰਬਲ ਹੋ ਕੇ ਵਿਆਪ ਰਹੀ ਹੈ।

(ਮਾਇਆ ਦੀ ਅਜਿਹੀ ਤਿਲ੍ਕਣ-ਬਾਜ਼ੀ ਵਿਚ) ਹੇ ਸੰਤਾਂ ਨੂੰ ਆਪਣੀ ਸ਼ਰਨ ਦੇਣ (ਤੇ ਸੁਰੱਖਿਅਤ ਰੱਖਣ) ਵਾਲੇ ਅਬਿਨਾਸ਼ੀ ਪ੍ਰਭੂ! ਤੈਨੂੰ ਧਰਤੀ ਦੇ ਮਾਲਕ ਨੂੰ ਮੇਰੀ ਨਾਨਕ ਦੀ ਨਮਸਕਾਰ!।੧੧।

***ਸਾਰੰਸ਼ :*** ਪ੍ਰਬਲ ਮਾਇਆ ਅਨਿਕ ਪ੍ਰਕਾਰ ਦੇ ਛਲ-ਛਿਦਰ ਕਰ ਕੇ ਸੰਸਾਰ ਨੂੰ ਵਿਆਪ ਰਹੀ ਹੈ। ਵਾਹਿਗੁਰੂ ਸਤ-ਪੁਰਖਾਂ ਨੂੰ ਆਪਣੀ ਓਟ ਵਿਚ ਰੱਖ ਕੇ ਮਾਇਆ ਦੇ ਛਲ-ਛਿਦਰਾਂ ਤੋਂ ਉਨ੍ਹਾਂ ਦੀ ਰੱਖਿਆ ਕਰਦਾ ਹੈ। ਅਜਿਹਾ ਰੱਖਿਅਕ ਪ੍ਰਭੂ ਨਮਸਕਾਰ ਜੋਗ ਹੈ।

**ਜਨਮੰ ਤ ਮਰਣੰ ਹਰਖੰ ਤ ਸੋਗੰ**
**ਭੋਗੰ ਤ ਰੋਗੰ ॥**
**ਊਚੰ ਤ ਨੀਚੰ, ਨਾਨ੍ਾ ਸੁ ਮੂਚੰ ॥**
**ਰਾਜੰ ਤ ਮਾਨੰ, ਅਭਿਮਾਨੰ ਤ ਹੀਨੰ ॥**
**ਪ੍ਰਵਿਰਤਿ ਮਾਰਗੰ, ਵਰਤੰਤਿ ਬਿਨਾਸਨੰ ॥**
**ਗੋਬਿੰਦ ਭਜਨ ਸਾਧ ਸੰਗੇਣ ਅਸਥਿਰੰ,**
**ਨਾਨਕ ਭਗਵੰਤ ਭਜਨਾਸਨੰ ॥੧੨॥** *(ਪੰਨਾ ੧੩੫੪-੫੫)*

***ਉਚਾਰਣ-ਬੋਧ*** : ਨਾਨ੍ਾ—ਪੋਲਾ ਨਹੀਂ ਬੋਲਣਾ; ਦੂਜੇ 'ਨ' ਦਾ ਉਚਾਰਣ ਭਾਰ-ਸਹਿਤ।

***ਪਦ ਅਰਥ :*** ਹਰਖੰ—ਖ਼ੁਸ਼ੀ। ਸੋਗੰ—ਗ਼ਮੀ। ਨਾਨ੍ਾ—ਛੋਟਾ। ਮੂਚੰ—ਵੱਡਾ। ਮਾਨੰ—ਅਭਿਮਾਨ, ਹੰਕਾਰ। ਹੀਨੰ—ਹੀਣਾ-ਪਣ, ਅਪਮਾਨ। ਪ੍ਰਵਿਰਤਿ ਮਾਰਗੰ—ਪ੍ਰਵਿਰਤੀ ਦੇ ਮਾਰਗ ਵਿਚ। ਵਰਤੰਤਿ—ਵਰਤਦਿਆਂ, ਚੱਲਦਿਆਂ। ਬਿਨਾਸਨੰ—ਵਿਨਾਸ਼। ਅਸਥਿਰੰ—ਕਾਇਮ ਰਹਿਣ ਵਾਲਾ। ਭਜਨਾਸਨੰ—ਭਜਨ + ਅਸਨ, ਭਜਨ ਦਾ ਭੋਜਨ (ਆਸਰਾ, ਆਧਾਰ)।੧੨।

***ਅਰਥ :*** (ਸੰਸਾਰ ਵਿਚ) ਜਿਥੇ ਜਨਮ ਹੈ ਉਥੇ ਮਰਨਾ ਵੀ ਹੈ, ਜਿਥੇ ਖ਼ੁਸ਼ੀ

ਹੈ, ਉਥੇ ਗ਼ਮੀ ਵੀ ਹੈ, ਜਿਥੇ (ਪਦਾਰਥਾਂ ਦੇ) ਭੋਗ ਹਨ, ਉਥੇ ਰੋਗ ਭੀ ਹਨ। ਜਿਥੇ ਉੱਚਾ-ਪਣ ਹੈ, ਉਥੇ ਨਾਲ ਨਾਲ ਨੀਵਾਂ-ਪਣ ਵੀ (ਮੌਜੂਦ) ਹੈ ਅਤੇ ਜਿਥੇ ਨਿੱਕਾ-ਪਣ ਹੈ, ਉਥੇ ਨਾਲ ਵੱਡਾ-ਪਣ ਵੀ ਹੈ। ਜਿਥੇ ਐਸ਼ਵਰਜ ਹੈ, ਉਥੇ (ਰਾਜ ਦਾ) ਮਾਣ ਵੀ (ਨਾਲ ਹੀ) ਹੈ, ਪਰ ਜਿਥੇ ਮਾਣ ਹੈ, ਉਥੇ (ਨਾਲ ਹੀ) ਹੀਣਤਾ ਅਥਵਾ ਅਪਮਾਨ ਵੀ ਹੈ। ਸੰਸਾਰ ਦੇ (ਹਰਖ ਸੋਗ ਦੇ) ਪ੍ਰਵਿਰਤੀ ਮਾਰਗ ਵਿਚ ਵਰਤਦਿਆਂ ਹਰੇਕ ਦਾ ਵਿਨਾਸ਼ ਅਵੱਸ਼ ਹੈ।

ਸੰਸਾਰ ਵਿਚ ਜੇ ਕੁਝ ਅਸਥਿਰ ਹੈ ਤਾਂ ਉਹ ਹੈ ਕੇਵਲ ਸਾਧ ਸੰਗਤ ਵਿਚ ਜੁੜ ਕੇ ਕੀਤਾ ਗੋਬਿੰਦ ਦਾ ਭਜਨ। ਤਾਂ ਤੇ ਹੇ ਨਾਨਕ! ਵਾਹਿਗੁਰੂ ਦਾ ਭਜਨ ਹੀ (ਜੀਵਨ ਦਾ ਸਹੀ) ਆਧਾਰ (ਅਸਨ) ਹੈ।੧੨।

***ਸਾਰੰਸ਼ :*** ਹਰਖ ਸੋਗ ਵਿਚ ਪ੍ਰਵਿਰਤੀ ਦਾ ਰਾਹ ਵਿਨਾਸ਼ ਵੱਲ ਲਿਜਾਂਦਾ ਹੈ। ਸਤਸੰਗ ਵਿਚ ਜੁੜ ਕੇ ਕੀਤਾ ਵਾਹਿਗੁਰੂ ਦਾ ਭਜਨ ਹੀ ਜੀਵਨ ਦਾ ਸਹੀ ਆਧਾਰ ਹੈ।

**ਕਿਰਪੰਤ ਹਰੀਅੰ, ਮਤਿ ਤਤੁ ਗਿਆਨੰ ॥**
**ਬਿਗਸੀਧ੍ਿ ਬੁਧਾ, ਕੁਸਲ ਥਾਨੰ ॥**
**ਬਸ੍ਿੰਤ ਰਿਖਿਅੰ, ਤਿਆਗਿ ਮਾਨੰ ॥**
**ਸੀਤਲੰਤ ਰਿਦਯੰ, ਦ੍ਰਿੜੁ ਸੰਤ ਗਿਆਨੰ ॥**
**ਰਹੰਤ ਜਨਮੰ ਹਰਿ ਦਰਸ ਲੀਣਾ ॥**
**ਬਾਜੰਤ ਨਾਨਕ ਸਬਦ ਬੀਣਾਂ ॥੧੩॥** *(ਪੰਨਾ ੧੩੫੫)*

***ਉਚਾਰਣ-ਬੋਧ :*** ਬਿਗਸੀਧ੍ਿ—ਬਿਗਸੀਧਿਅ। ਬਸ੍ਿੰਤ—ਬਸਿਅੰਤ। ਦ੍ਰਿੜੁ— 'ਿ' ਦਾ ਪੈਰ-ਅੱਖਰ '੍ਰ' ਨਾਲ ਮਿਲਵਾਂ ਉਚਾਰਣ ਦਰਿੜ ਵਾਂਗ।

***ਪਦ ਅਰਥ :*** ਕਿਰਪੰਤ ਹਰੀਅੰ—ਹਰੀ ਪ੍ਰਭੂ ਜਦੋਂ ਕਿਰਪਾ ਕਰਦਾ ਹੈ। ਮਤਿ—ਬੁੱਧੀ। ਬਿਗਸੀਧ੍ਿ ਬੁਧਾ—ਵਿਗਸੀ ਹੋਈ ਬੁੱਧੀ ਵਾਲਾ। ਕੁਸਲ ਥਾਨੰ— ਅਨੰਦੀ ਅਸਥਾਨ। ਬਸ੍ਿੰਤ—ਵੱਸ ਵਿਚ ਆ ਜਾਂਦੀਆਂ ਹਨ। ਰਿਖਿਅੰ— ਇੰਦਰੀਆਂ। ਤਿਆਗਿ—ਤਿਆਗ ਕੇ। ਮਾਨੰ—ਹੰਕਾਰ। ਸੀਤਲੰਤ—ਸੀਤਲ, ਠੰਢਾ ਹੋ ਜਾਂਦਾ ਹੈ। ਰਿਦਯੰ—ਹਿਰਦਾ। ਦ੍ਰਿੜੁ—ਦ੍ਰਿੜ੍ਹ, ਪੱਕਾ। ਸੰਤ ਗਿਆਨੰ— ਸੰਤ-ਸਤਿਗੁਰੂ ਦਾ ਗਿਆਨ-ਉਪਦੇਸ਼। ਰਹੰਤ—ਰਹਿ ਜਾਂਦਾ ਹੈ, ਮੁੱਕ ਜਾਂਦਾ ਹੈ।

ਜਨਮੰ—ਜਨਮ (ਮਰਨ) ਦਾ ਗੇੜ। ਲੀਣਾ—ਨਿਮਗਨ, ਮਸਤ। ਬਾਜੰਤ—ਵੱਜਦੀ ਹੈ। ਬੀਣਾਂ—ਵੀਣਾ।੧੩।

***ਅਰਥ :*** ਜਦੋਂ ਹਰੀ ਪ੍ਰਭੂ ਕਿਰਪਾ ਕਰਦਾ ਹੈ ਤਾਂ ਬੁੱਧੀ ਵਿਚ (ਪ੍ਰਭੂ ਦਾ) ਤੱਤ-ਗਿਆਨ ਪ੍ਰਗਟ ਹੋ ਜਾਂਦਾ ਹੈ। (ਇਸ ਗਿਆਨ ਦੇ ਤੁਫ਼ੈਲ) ਵਿਗਸੀ ਹੋਈ ਬੁੱਧੀ ਵਾਲਾ ਵਿਅਕਤੀ ਅਨੰਦ ਦੇ ਘਰ (ਅਵਸਥਾ) ਵਿਚ ਵੱਸਦਾ ਹੈ। ਹੰਕਾਰ ਨੂੰ ਤਿਆਗ ਦੇਣ ਨਾਲ (ਸਰੀਰ ਦੇ ਗਿਆਨ ਅਤੇ ਕਰਮ-ਇੰਦਰੇ) ਉਸ ਦੇ ਵੱਸ ਵਿਚ ਆ ਜਾਂਦੇ ਹਨ। ਸੰਤ-ਸਤਿਗੁਰੂ ਦਾ ਗਿਆਨ-ਉਪਦੇਸ਼ ਦ੍ਰਿੜ੍ਹ ਹੋ ਜਾਣ ਨਾਲ ਉਸ ਦਾ ਹਿਰਦਾ ਸ਼ਾਂਤ ਅਤੇ ਠੰਢਾ ਹੋ ਜਾਂਦਾ ਹੈ।

'ਨਾਨਕ'! ਉਸ ਦੇ ਅੰਦਰ (ਨਿਰੰਤਰ) ਸ਼ਬਦ-ਬੀਣਾ ਵੱਜਦੀ ਰਹਿੰਦੀ ਹੈ ਤੇ ਉਹ ਸਦਾ ਹਰੀ ਪ੍ਰਭੂ ਦੇ ਦਰਸ਼ਨਾਂ ਵਿਚ ਨਿਮਗਨ ਰਹਿੰਦਾ ਹੈ। (ਇਸ ਦੇ ਫਲਸਰੂਪ) ਉਸ ਦਾ ਜਨਮ (ਮਰਨ) ਦਾ ਗੇੜ ਮੁੱਕ ਜਾਂਦਾ ਹੈ।੧੩।

***ਸਾਰੰਸ਼ :*** ਪ੍ਰਭੂ ਦੀ ਕਿਰਪਾ ਨਾਲ ਹੀ ਜਗਿਆਸੂ ਨੂੰ ਸਤਿਗੁਰੂ ਤੋਂ ਗੁਰ-ਸ਼ਬਦ ਮਈ ਤੱਤ-ਗਿਆਨ ਦੀ ਪ੍ਰਾਪਤੀ ਹੁੰਦੀ ਹੈ। ਗੁਰ-ਸ਼ਬਦ ਦੀ ਕਮਾਈ ਸਦਕਾ ਉਸ ਦੀ ਮਤਿ ਪ੍ਰਗਾਸ ਜਾਂਦੀ ਹੈ, ਹਿਰਦਾ ਸ਼ਾਂਤ ਹੋ ਜਾਂਦਾ ਹੈ ਤੇ ਇੰਦਰੇ ਵੱਸ ਵਿਚ ਆ ਜਾਂਦੇ ਹਨ। ਉਸ ਦੀ ਸੁਰਤਿ ਪ੍ਰਭੂ-ਸਿਮਰਨ ਵਿਚ ਲੀਨ ਰਹਿੰਦੀ ਹੈ। ਇਸ ਤਰ੍ਹਾਂ ਉਹ ਜਨਮ-ਮਰਨ ਤੋਂ ਮੁਕਤ ਹੋ ਜਾਂਦਾ ਹੈ।

**ਕਹੰਤ ਬੇਦਾ, ਗੁਣੰਤ ਗੁਨੀਆ**
**ਸੁਣੰਤ ਬਾਲਾ, ਬਹੁ ਬਿਧਿ ਪ੍ਰਕਾਰਾ ॥**
**ਦ੍ਰਿੜੰਤ ਸੁਬਿਦਿਆ, ਹਰਿ ਹਰਿ ਕ੍ਰਿਪਾਲਾ ॥**
**ਨਾਮ ਦਾਨੁ ਜਾਚੰਤ ਨਾਨਕ**
**ਦੈਨਹਾਰ ਗੁਰ ਗੋਪਾਲਾ ॥੧੪॥** *(ਪੰਨਾ ੧੩੫੫)*

***ਉਚਾਰਣ-ਬੋਧ :*** ਦ੍ਰਿੜੰਤ, ਕ੍ਰਿਪਾਲਾ—'ਿ' ਉਚਾਰਣ ਪੈਰ-ਅੱਖਰ '੍ਰ' ਨਾਲ ਮਿਲਵਾਂ—ਦ੍ਰਿੜੰਤ, ਕਰਿਪਾਲਾ ਵਾਂਗ। ਸੁਬਿਦਿਆ—ਪਦ-ਛੇਦ ਨਹੀਂ ਕਰਨਾ—ਸੁ ਬਿਦਿਆ ਨਹੀਂ; ਉਚਾਰਣ ਇਕੱਠਾ। ਦੈਨਹਾਰੁ—ਦੇਨਹਾਰ ਨਹੀਂ ਬੋਲਣਾ; 'ਦੁਲਾਵਾਂ' ਉਚਾਰਣ ਕਰਨੀਆਂ ਹਨ।

***ਪਦ ਅਰਥ :*** ਕਹੰਤ—ਕਹਿੰਦੇ ਹਨ, ਕਥਦੇ ਹਨ। ਬੇਦਾ—ਵੇਦ।

ਗੁਣੰਤ—ਗੁਣਦੇ ਹਨ, ਵੀਚਾਰਦੇ ਹਨ। ਗੁਨੀਆ—ਗੁਣੀ ਲੋਕ। ਸੁਣੰਤ—ਸੁਣਦੇ ਹਨ। ਬਾਲਾ—ਬਾਲਕੇ, ਸਿੱਖ ਸੇਵਕ। ਬਹੁ ਬਿਧਿ ਪ੍ਰਕਾਰਾ—ਕਈ ਤਰ੍ਹਾਂ ਦਾ। ਦ੍ਰਿੜੰਤ—ਦ੍ਰਿੜ੍ਹ ਕਰਦੇ ਹਨ। ਸੁਬਿਦਿਆ—ਸ੍ਰੇਸ਼ਟ, ਸ਼ੁਭ ਵਿੱਦਿਆ। ਜਾਚੰਤ—ਮੰਗਦੇ ਹਨ। ਦੈਨਹਾਰ—ਦੇਣ ਵਾਲਾ, ਦਾਤਾਰ ਪ੍ਰਭੂ।੧੪।

***ਅਰਥ :*** ਜੋ ਕੁਝ ਵੇਦ ਆਖਦੇ ਹਨ, ਵਿਦਵਾਨ ਪੁਰਸ਼ ਉਸ ਦੀ ਵੀਚਾਰ ਕਰਦੇ ਹਨ। ਕਈ ਤਰੀਕਿਆਂ ਨਾਲ ਪ੍ਰਗਟਾਏ ਉਨ੍ਹਾਂ ਦੇ ਵੀਚਾਰਾਂ ਨੂੰ ਉਨ੍ਹਾਂ ਦੇ ਚੇਲੇ-ਬਾਲੇ ਸੁਣਦੇ ਹਨ। (ਇਸ ਤਰ੍ਹਾਂ ਸੰਸਾਰ ਵੇਦਾਂ ਦੀ ਤ੍ਰਿਗੁਣੀ ਵਿੱਦਿਆ ਵਿਚ ਪ੍ਰਵਿਰਤ ਹੈ) ਪਰ ਨਾਮ ਸਿਮਰਨ-ਮਈ ਸਰਬ-ਸ੍ਰੇਸ਼ਟ ਵਿੱਦਿਆ ਕੇਵਲ ਉਹ ਵਡਭਾਗੇ ਮਨੁੱਖ ਹੀ ਦ੍ਰਿੜ੍ਹ ਕਰਦੇ ਹਨ, ਜਿਨ੍ਹਾਂ ਉੱਤੇ ਵਾਹਿਗੁਰੂ ਕਿਰਪਾਲੂ ਹੋਵੇ। ਹੇ ਨਾਨਕ ! ਉਹ (ਵਡਭਾਗੇ ਮਨੁੱਖ ਵੇਦਾਂ ਦਾ ਕਰਮ-ਕਾਂਡ ਛੱਡ ਕੇ) ਸਦਾ ਨਾਮ-ਦਾਨ ਦੀ ਹੀ ਜਾਚਨਾ ਕਰਦੇ ਹਨ, ਜਿਸ ਦਾ ਦੇਣਹਾਰ ਗੁਰੂ ਗੋਪਾਲ ਹੈ।੧੪।

***ਸਾਰੰਸ਼ :*** ਲੋਕਾਈ ਵੇਦਾਂ ਦੀ ਤ੍ਰਿਗੁਣੀ ਵਿੱਦਿਆ ਵਿਚ ਉਲਝੀ ਪਈ ਹੈ, ਪਰ ਸ੍ਰੇਸ਼ਟ ਵਿੱਦਿਆ ਪ੍ਰਭੂ ਦੀ ਭਗਤੀ ਹੀ ਹੈ। ਇਹ ਦ੍ਰਿੜ੍ਹਤਾ ਉਨ੍ਹਾਂ ਨੂੰ ਹੋ ਆਉਂਦੀ ਹੈ, ਜਿਨ੍ਹਾਂ ਉੱਤੇ ਵਾਹਿਗੁਰੂ ਜੀ ਦੀ ਬਖ਼ਸ਼ਸ਼ ਹੁੰਦੀ ਹੈ। ਉਹ ਪ੍ਰਭੂ ਪਾਸੋਂ ਸਦਾ ਨਾਮ-ਦਾਨ ਦੀ ਜਾਚਨਾ ਕਰਦੇ ਰਹਿੰਦੇ ਹਨ।

**ਨਹ ਚਿੰਤਾ ਮਾਤ ਪਿਤ ਭ੍ਰਾਤਹ**
**ਨਹ ਚਿੰਤਾ ਕਛੁ ਲੋਕ ਕਹ ॥**
**ਨਹ ਚਿੰਤਾ ਬਨਿਤਾ ਸੁਤ ਮੀਤਹ**
**ਪ੍ਰਵਿਰਤਿ ਮਾਇਆ ਸਨਬੰਧਨਹ ॥**
**ਦਇਆਲ ਏਕ ਭਗਵਾਨ ਪੁਰਖਹ**
**ਨਾਨਕ ਸਰਬ ਜੀਅ ਪ੍ਰਤਿਪਾਲਕਹ ॥੧੫॥** *(ਪੰਨਾ ੧੩੫੫)*

***ਉਚਾਰਣ-ਬੋਧ :*** ਭ੍ਰਾਤਹ, ਕਹ, ਮੀਤਹ, ਸਨਬੰਧਨਹ, ਪੁਰਖਹ, ਪ੍ਰਤਿਪਾਲਕਹ ਸ਼ਬਦਾਂ ਦਾ ਅੰਤਲਾ 'ਹ' ਮੁਕਤਾ ਰੂਪ ਹੈ। ਸੋ ਇਸ ਦਾ ਉਚਾਰਨ ਇਸ ਦੀ 'ਮੁਕਤਾ ਧੁਨੀ' ਵਿਚ ਹੀ ਕੀਤਾ ਜਾਣਾ ਉਚਿਤ ਹੈ। 'ਹ' ਦਾ ਉਚਾਰਣ 'ਹਿ' ਵਾਂਗ ਕਰਨਾ ਠੀਕ ਨਹੀਂ।

***ਪਦ ਅਰਥ :*** ਭ੍ਰਾਤਹ—ਭਰਾਵਾਂ ਦੀ। ਲੋਕ ਕਹ—ਲੋਕਾਂ ਦੀ। ਬਨਿਤਾ—

ਪਤਨੀ। ਸੁਤ—ਪੁੱਤਰ। ਮੀਤਹ—ਮਿੱਤਰਾਂ ਦੀ। ਪ੍ਰਵਿਰਤਿ ਮਾਇਆ—ਜਗਤ ਵਿਚ ਪ੍ਰਵਿਰਤ ਹੋ ਰਹੀ ਮਾਇਆ। ਸਨਬੰਧਨਹ—ਸਨਬੰਧ। ਭਗਵਾਨ ਪੁਰਖਹ—ਪੂਰਨ ਪੁਰਖ ਪ੍ਰਭੂ। ਪ੍ਰਤਿਪਾਲਕਹ—ਪ੍ਰਤਿਪਾਲਣਹਾਰ, ਪ੍ਰਤਿਪਾਲਣਾ ਕਰਨ ਵਾਲਾ।੧੫।

***ਅਰਥ :*** ਮਾਤਾ ਦੀ, ਪਿਤਾ ਦੀ, ਭਰਾਵਾਂ ਦੀ ਚਿੰਤਾ ਕਰਨੀ ਕਿਸੇ ਕੰਮ ਨਹੀਂ। ਲੋਕਾਂ ਦੀ ਚਿੰਤਾ ਕਰਨੀ ਵੀ ਕਿਸੇ ਲੇਖੇ ਨਹੀਂ। ਇਸਤ੍ਰੀ, ਪੁੱਤਰਾਂ, ਮਿੱਤਰਾਂ ਆਦਿ ਦੀ ਚਿੰਤਾ ਕਰਨੀ ਵੀ ਫ਼ਜ਼ੂਲ ਹੈ, ਭਾਵ, ਜੀਵ ਵੱਲੋਂ ਕਿਸੇ ਦੀ ਪ੍ਰਤਿਪਾਲਣਾ ਸੰਬੰਧੀ ਚਿੰਤਾ ਕਰਨੀ ਬੇਅਰਥ ਹੈ, (ਕਿਉਂਕਿ) ਜਿਤਨੇ ਭੀ ਸੰਸਾਰੀ ਸੰਬੰਧ ਹਨ, ਇਹ ਸਭ (ਸੰਸਾਰ ਵਿਚ) ਪ੍ਰਵਿਰਤ ਹੋ ਰਹੀ ਮਾਇਆ ਦੇ ਹੀ ਸਨਬੰਧ ਹਨ।

'ਨਾਨਕ'! (ਅਸਲੀਅਤ ਇਹ ਹੈ ਕਿ ਕੋਈ ਮਨੁੱਖ ਕਿਸੇ ਦੀ ਪ੍ਰਤਿਪਾਲਣਾ ਨਹੀਂ ਕਰਦਾ) ਇਕ ਦਿਆਲ ਪੁਰਖ ਪ੍ਰਭੂ ਭਗਵਾਨ ਹੀ ਹੈ, ਜੋ ਸਾਰੇ ਜੀਵਾਂ ਦਾ ਪ੍ਰਤਿਪਾਲਕ (ਪਾਲਣਾ ਕਰਨ ਵਾਲਾ) ਹੈ।੧੫।

***ਸਾਰੰਸ਼ :*** **ਨਾ ਕਰਿ ਚਿੰਤ ਚਿੰਤਾ ਹੈ ਕਰਤੇ॥**
**ਹਰਿ ਦੇਵੈ ਜਲਿ ਥਲਿ ਜੰਤਾ ਸਭਤੈ॥**
**ਅਚਿੰਤ ਦਾਨੁ ਦੇਇ ਪ੍ਰਭੁ ਮੇਰਾ**
**ਵਿਚਿ ਪਾਥਰ ਕੀਟ ਪਖਾਣੀ ਹੇ॥੬॥**

*(ਮਾਰੂ ਸੋਲਹੇ ਮ: ੪, ਪੰਨਾ ੧੦੭੦)*

**ਅਨਿਤ੍ਯ ਵਿਤੰ ਅਨਿਤ੍ਯ ਚਿਤੰ**
**ਅਨਿਤ੍ਯ ਆਸਾ ਬਹੁ ਬਿਧਿ ਪ੍ਰਕਾਰੰ॥**
**ਅਨਿਤ੍ਯ ਹੇਤੰ ਅਹੰ ਬੰਧੰ**
**ਭਰਮ ਮਾਇਆ ਮਲਨੰ ਬਿਕਾਰੰ॥**
**ਫਿਰੰਤ ਜੋਨਿ ਅਨੇਕ ਜਠਰਾਗਨਿ**
**ਨਹ ਸਿਮਰੰਤ ਮਲੀਣ ਬੁਧੰ੍॥**
**ਹੇ ਗੋਬਿੰਦ ਕਰਤ ਮਇਆ**
**ਨਾਨਕ ਪਤਿਤ ਉਧਾਰਣ ਸਾਧ ਸੰਗਮਹ॥੧੬॥**

*(ਪੰਨਾ ੧੩੫੫)*

***ਉਚਾਰਣ-ਬੋਧ :*** ਅਨਿਤ੍ਰ—ਅਨਿਤਿਅ ਵਾਂਗ ਬੋਲੋ। ਬੁਧੰ੍ਰ—ਉਚਾਰਣ ਬੁਧਿਅੰ ਵਾਂਗ।

***ਪਦ ਅਰਥ :*** ਅਨਿਤ੍ਰ—ਨਿੱਤ ਨਾ ਰਹਿਣ ਵਾਲਾ, ਨਾਸਵਾਨ। ਵਿਤੰ—ਧਨ। ਚਿਤੰ—ਚਿਤਵਣੀ ਕਰਨੀ। ਬਹੁ ਬਿਧਿ ਪ੍ਰਕਾਰੰ—ਕਈ ਤਰ੍ਹਾਂ ਦੀ। ਹੇਤੰ—ਹੇਤ, ਮੋਹ। ਅਹੰ—ਹੰਕਾਰ। ਬੰਧੰ—ਬੰਧਨ। ਭਰਮ—ਭੁਲੇਖਾ, ਛਲ ਰੂਪ। ਮਲਨੰ—ਮਲੀਨਤਾ। ਬਿਕਾਰੰ—ਬਿਕਾਰ, ਪਾਪ। ਫਿਰੰਤ—ਫਿਰਦੇ ਹਨ। ਜਠਰਾਗਨਿ—ਜਠਰ ਦੀ ਅਗਨੀ ਵਿਚ, ਪੇਟ ਦੀ ਅਗਨੀ ਵਿਚ। ਨਹ ਸਿਮਰੰਤ—ਨਹੀਂ ਸਿਮਰਦੇ। ਮਲੀਣ ਬੁਧੰ੍ਰ—ਮਾਇਆ ਨਾਲ ਲਿੱਬੜੀ ਹੋਈ ਬੁੱਧੀ ਵਾਲੇ ਜੀਵ। ਕਰਤ ਮਇਆ—(ਜਿਸ 'ਤੇ) ਕਿਰਪਾ ਕਰਦੇ ਹੋ। ਪਤਿਤ ਉਧਾਰਣ—ਪਤਿਤਾਂ ਨੂੰ ਉਧਾਰਨ ਵਾਲੀ। ਸਾਧ ਸੰਗਮਹ—ਸਾਧਾਂ ਦੀ ਸੰਗਤ, ਸਤਸੰਗਤ।੧੬।

***ਅਰਥ :*** ਧਨ ਸਦਾ ਰਹਿਣ ਵਾਲਾ ਨਹੀਂ, ਮਾਇਆ ਦੀ ਚਿਤਵਣੀ ਕਰਨੀ ਫ਼ਜ਼ੂਲ ਹੈ। ਮਾਇਆ ਵਾਸਤੇ ਕਈ ਪ੍ਰਕਾਰ ਦੀ ਆਸ ਬੰਨ੍ਹਣੀ ਫ਼ਜ਼ੂਲ ਹੈ। ਮਾਇਆ ਦਾ ਮੋਹ ਅਨਿੱਤ ਹੈ ਅਤੇ ਇਸ ਦਾ ਹੰਕਾਰ ਜੀਵਨ ਲਈ ਬੰਧਨ ਰੂਪ ਹੈ। ਇਹ ਛਲ ਰੂਪ ਮਾਇਆ ਮਲੀਨਤਾ ਤੇ ਵਿਕਾਰਾਂ ਦਾ ਮੂਲ ਕਾਰਨ ਹੈ। ਮਾਇਆ ਨਾਲ ਮਲੀਨ ਹੋਈ ਬੁੱਧੀ ਵਾਲੇ ਜੀਵ ਪ੍ਰਭੂ ਨੂੰ ਨਹੀਂ ਸਿਮਰਦੇ, ਜੂਨਾਂ ਵਿਚ ਭਟਕਦੇ ਹੋਏ ਮੁੜ ਮੁੜ ਗਰਭ-ਅਗਨ ਦਾ ਕਸ਼ਟ ਝੱਲਦੇ ਹਨ।

ਸਲੋਕ ਦੇ ਅੰਤ ਵਿਚ 'ਨਾਨਕ' ਨਾਮ ਦੀ ਛਾਪ ਲਾ ਕੇ ਬੇਨਤੀ ਕਰਦੇ ਹਨ, ਹੇ ਗੋਬਿੰਦ ਜੀ! ਜਿਸ 'ਤੇ ਤੁਸੀਂ ਕਿਰਪਾ ਕਰਦੇ ਹੋ, ਉਸ ਨੂੰ ਤੁਸੀਂ, ਪਤਿਤਾਂ ਦਾ ਉੱਧਾਰ ਕਰ ਦੇਣ ਵਾਲੀ ਸਾਧ ਸੰਗਤ ਵਿਚ ਵਾਸਾ ਬਖ਼ਸ਼ਦੇ ਹੋ।੧੬।

***ਸਾਰੰਸ਼ :*** ਮਾਇਆ ਵਿਕਾਰਾਂ ਦੀ ਮੂਲ ਹੈ। ਮਾਇਆ ਦੇ ਲਾਲਚ ਵਿਚ ਪਿਆ ਜੀਵ, ਵਾਹਿਗੁਰੂ ਨੂੰ ਵਿਸਾਰ ਕੇ, ਜੂਨਾਂ ਵਿਚ ਭਟਕਦਾ ਰਹਿੰਦਾ ਹੈ। ਵਾਹਿਗੁਰੂ ਦੀ ਬਖ਼ਸ਼ਸ਼ ਹੋਵੇ ਤਾਂ ਸਾਧ ਸੰਗਤ ਮਿਲਦੀ ਹੈ, ਜਿਥੇ ਪਤਿਤਾਂ ਦਾ ਵੀ ਉੱਧਾਰ ਹੋ ਜਾਂਦਾ ਹੈ।

**ਗਿਰੰਤ ਗਿਰਿ ਪਤਿਤ ਪਾਤਾਲੰ**
**ਜਲੰਤ ਦੇਦੀਪ੍ਰ ਬੈਸ੍ਵਾਂਤਰਹ ॥**
**ਬਹੰਤਿ ਅਗਾਹ ਤੋਯੰ ਤਰੰਗੰ**
**ਦੁਖੰਤ ਗ੍ਰਹ ਚਿੰਤਾ, ਜਨਮੰ ਤ ਮਰਣਹ ॥**

**ਅਨਿਕ ਸਾਧਨੰ ਨ ਸਿਧ੍ਯ੍ਤੇ ਨਾਨਕ**
**ਅਸਥੰਭੰ ਅਸਥੰਭੰ ਅਸਥੰਭੰ**
**ਸਬਦ ਸਾਧ ਸ੍ਵਜਨਹ ॥੧੭॥** *(ਪੰਨਾ ੧੩੫੫)*

***ਉਚਾਰਣ-ਬੋਧ :*** ਦੇਦੀਪ੍ਯ—ਉਚਾਰਣ ਦੇਦੀਪਿਅ ਵਾਂਗ। ਬੈਸ੍ਵਾਂਤਰਹ—ਬੈਸੁਆਂਤਰਹ ਵਾਂਗ। ਤੋਯੰ—ਤੋਇਅੰ ਵਾਂਗ। ਸਿਧ੍ਯ੍ਤੇ—ਸਿਧਿਅਤੇ ਵਾਂਗ ਉਚਾਰਣ। ਸ੍ਵਜਨਹ—ਸੁਅੱਜਨਹ ਵਾਂਗ ਬੋਲੋ। ਬੈਸ੍ਵਾਂਤਰਹ, ਮਰਣਹ, ਸ੍ਵਜਨਹ—ਅੰਤਲੇ 'ਹ' ਮੁਕਤੇ ਦਾ ਉਚਾਰਣ 'ਹਿ' ਕਰਨਾ ਦਰੁੱਸਤ ਨਹੀਂ।

***ਪਦ ਅਰਥ :*** ਗਿਰੰਤ—ਡਿੱਗ ਕੇ। ਗਿਰਿ—ਗਿਰੀ, ਪਹਾੜ। ਪਤਿਤ—ਡਿੱਗ ਪੈਣਾ। ਜਲੰਤ—ਸੜਨਾ। ਦੇਦੀਪ੍ਯ—ਭੜਕਦੀ, ਮਚਦੀ। ਬੈਸ੍ਵਾਂਤਰਹ—ਅਗਨੀ ਵਿਚ। ਬਹੰਤਿ ਅਗਾਹ—ਵਹਿ ਰਹੀ ਡੂੰਘੀ ਨਦੀ। ਤੋਯੰ ਤਰੰਗੰ—ਪਾਣੀ ਦੀਆਂ ਲਹਿਰਾਂ। ਦੁਖੰਤ—ਦੁੱਖ। ਗ੍ਰਹ ਚਿੰਤਾ—ਘਰ ਦੇ ਚਿੰਤਾ ਫ਼ਿਕਰ। ਜਨਮੰਤ—ਜਨਮਾਂ ਦੇ। ਮਰਣਹ—ਮਰਨ ਦੇ। ਅਨਿਕ ਸਾਧਨੰ—ਕਈ ਤਰ੍ਹਾਂ ਦੇ ਸਾਧਨ। ਨ ਸਿਧ੍ਯ੍ਤੇ—ਨਹੀਂ ਰਾਸ ਆਉਂਦੇ। ਅਸਥੰਭੰ—ਸਹਾਰਾ। ਸਬਦ—ਉਪਦੇਸ਼। ਸਾਧ ਸ੍ਵਜਨਹ—ਸ੍ਰੇਸ਼ਟ ਸਾਧੂ ਸੱਜਣਾਂ ਦੇ।੧੭।

***ਅਰਥ :*** ਪਹਾੜ ਤੋਂ ਡਿੱਗ ਕੇ ਪਤਾਲ ਵਿਚ ਜਾ ਪੈਣਾ, ਮਚਦੀ ਅੱਗ ਵਿਚ ਸੜਨਾ, ਡੂੰਘੇ ਸਮੁੰਦਰ ਦੇ ਜਲ ਦੀਆਂ ਲਹਿਰਾਂ ਵਿਚ ਰੁੜ੍ਹ ਜਾਣਾ, ਘਰੋਗੀ ਚਿੰਤਾਵਾਂ, ਮੁੜ ਮੁੜ ਜੰਮਣਾ ਮਰਨਾ (ਇਤਿਆਦਿਕ ਕਈ ਪ੍ਰਕਾਰ ਦਾ ਦੁੱਖ ਜੀਵ ਨੂੰ) ਦੁਖਿਤ ਕਰਦਾ ਹੈ।

'ਨਾਨਕ'! (ਕਈ ਪ੍ਰਕਾਰ ਦੇ ਦੁੱਖਾਂ ਤੋਂ ਛੁਟਕਾਰੇ ਲਈ) ਅਨੇਕ ਪ੍ਰਕਾਰ ਦੇ ਸਾਧਨ ਕੀਤਿਆਂ ਵੀ ਸਫਲਤਾ ਨਹੀਂ ਹੁੰਦੀ। (ਦੁੱਖਾਂ ਤੋਂ ਬਚਾਅ ਲਈ) ਸਤਿਗੁਰੂ ਸਤ-ਪੁਰਖ ਦਾ ਸ਼ਬਦ ਹੀ ਮਨ ਬਾਣੀ ਸਰੀਰ ਕਰਕੇ ਜੀਵ ਦਾ ਅਸਲ ਆਸਰਾ ਹੈ।੧੭।

***ਸਾਰੰਸ਼ :*** ਅਨੇਕ ਤਰ੍ਹਾਂ ਦੇ ਜਤਨ ਤੇ ਸਾਧਨ ਕਰਨ ਨਾਲ ਦੁੱਖਾਂ ਤੋਂ ਛੁਟਕਾਰਾ ਨਹੀਂ ਮਿਲ ਸਕਦਾ। ਗੁਰੂ ਕਾ ਸ਼ਬਦ ਹੀ ਜੀਵ ਦਾ ਅਸਲ ਸਹਾਰਾ ਹੈ। ਗੁਰਵਾਕ :

**ਗੁਰ ਕਾ ਬਚਨੁ ਬਸੈ ਜੀਅ ਨਾਲੇ ॥**
**ਜਲਿ ਨਹੀ ਡੂਬੈ ਤਸਕਰੁ ਨਹੀ ਲੇਵੈ**
**ਭਾਹਿ ਨ ਸਾਕੈ ਜਾਲੇ ॥੧॥ਰਹਾਉ॥੩੨॥** *(ਧਨਾਸਰੀ ਮ: ੫, ਪੰਨਾ ੬੭੯)*

ਘੋਰ ਦੁਖੵੰ, ਅਨਿਕ ਹਤੵੰ
ਜਨਮ ਦਾਰਿਦ੍ੰ, ਮਹਾ ਬਿਖੵਾਦੰ ॥
ਮਿਟੰਤ ਸਗਲ ਸਿਮਰੰਤ ਹਰਿ ਨਾਮ ਨਾਨਕ
ਜੈਸੇ ਪਾਵਕ ਕਾਸਟ ਭਸਮੰ ਕਰੋਤਿ ॥੧੮॥ *(ਪੰਨਾ ੧੩੫੫)*

***ਉਚਾਰਣ-ਬੋਧ :*** ਦੁਖੵੰ—ਉਚਾਰਨ ਦੁਖਿਅੰ ਵਾਂਗ। ਹਤੵੰ—ਹਤਿਅੰ। ਬਿਖੵਾਦੰ—ਬਿਖਿਆਦੰ ਵਾਂਗ ਬੋਲਣਾ ਹੈ।

***ਪਦ ਅਰਥ :*** ਘੋਰ—ਬਹੁਤ ਭਾਰੀ, ਭਿਆਨਕ। ਦੁਖੵੰ—ਦੁੱਖ, ਬਿਪਤਾ। ਅਨਿਕ ਹਤੵੰ—ਅਨੇਕ ਤਰ੍ਹਾਂ ਦੀ ਹੱਤਿਆ। ਜਨਮ—ਕਈ ਜਨਮਾਂ ਦੀ। ਦਾਰਿਦ੍ੰ—ਗ਼ਰੀਬੀ। ਮਹਾ ਬਿਖੵਾਦੰ—ਭਾਰੀ ਪੁਆੜੇ। ਮਿਟੰਤ—ਮਿੱਟ ਜਾਂਦੇ ਹਨ। ਪਾਵਕ—ਅਗਨੀ। ਕਾਸਟ—ਲੱਕੜੀ। ਭਸਮੰ—ਸੁਆਹ। ਕਰੋਤਿ—ਕਰ ਦਿੰਦੀ ਹੈ।੧੮।

***ਅਰਥ :*** ਭਿਆਨਕ ਦੁੱਖ, ਕਈ ਤਰ੍ਹਾਂ ਦੀ ਹੱਤਿਆ, ਜਨਮ-ਜਨਮਾਂਤਰਾਂ ਦੀ ਗ਼ਰੀਬੀ, ਭਾਰੀ ਪੁਆੜੇ—'ਨਾਨਕ'! ਇਹ ਸਾਰੇ (ਕਲੇਸ਼) ਹਰੀ ਨਾਮ-ਸਿਮਰਨ ਕਰਦਿਆਂ ਇਉਂ ਮਿਟ ਜਾਂਦੇ ਹਨ, ਜਿਵੇਂ ਅਗਨੀ (ਦੀ ਇਕ ਚਿਣਗ) (ਮਣਾਂ-ਮੂੰਹੀਂ) ਲੱਕੜਾਂ ਨੂੰ ਸੁਆਹ ਕਰ ਦਿੰਦੀ ਹੈ।੧੮।

***ਸਾਰੰਸ਼ :*** ਹਰਿ-ਨਾਮ ਸਿਮਰਨ ਜਨਮ-ਜਨਮਾਂਤਰਾਂ ਦੇ ਦੁੱਖਾਂ ਕਲੇਸ਼ਾਂ ਦਾ ਨਾਸ ਕਰਨ ਨੂੰ ਸਮਰੱਥ ਹੈ। ਗੁਰਵਾਕ :

**ਈਧਣੁ ਕੀਤੋਮੂ ਘਣਾ, ਭੋਰੀ ਦਿਤੀਮੁ ਭਾਹਿ ॥**
**ਮਨਿ ਵਸੰਦੜੋ ਸਚੁ ਸਹੁ, ਨਾਨਕ, ਹਭੇ ਡੁਖੜੇ ਉਲਾਹਿ ॥੨॥੫॥**

*(ਜੈਤਸਰੀ ਕੀ ਵਾਰ, ਪੰਨਾ ੭੦੬)*

ਅੰਧਕਾਰ ਸਿਮਰਤ ਪ੍ਰਕਾਸੰ
ਗੁਣ ਰਮੰਤ ਅਘ ਖੰਡਨਹ ॥
ਰਿਦ ਬਸੰਤਿ ਭੈ ਭੀਤ ਦੂਤਹ
ਕਰਮ ਕਰਤ ਮਹਾ ਨਿਰਮਲਹ ॥
ਜਨਮ ਮਰਣ ਰਹੰਤ ਸ੍ਰੋਤਾ
ਸੁਖ ਸਮੂਹ ਅਮੋਘ ਦਰਸਨਹ ॥

**ਸਰਣਿ ਜੋਗੰ ਸੰਤ ਪ੍ਰਿਅ ਨਾਨਕ**
**ਸੋ ਭਗਵਾਨ ਖੇਮੰ ਕਰੋਤਿ ॥੧੯॥** *(ਪੰਨਾ ੧੩੫੫)*

***ਉਚਾਰਣ-ਬੋਧ :*** ਖੰਡਨਹ, ਦੂਤਹ, ਨਿਰਮਲਹ, ਦਰਸਨਹ—ਅੰਤਲੇ 'ਹ' ਮੁਕਤੇ ਦਾ ਉਚਾਰਣ 'ਹਿ' ਵਾਂਗ ਕਰਨਾ ਠੀਕ ਨਹੀਂ।

***ਪਦ ਅਰਥ :*** ਅੰਧਕਾਰ—ਹਨੇਰੇ (ਹਿਰਦੇ)। ਸਿਮਰਤ—ਸਿਮਰਨ ਨਾਲ, ਸਿਮਰਦਿਆਂ। ਪ੍ਰਕਾਸੰ—ਪ੍ਰਕਾਸ਼, ਚਾਨਣਾ। ਰਮੰਤ—ਰਮਣ ਨਾਲ, ਜੱਸ ਕਰਨ ਨਾਲ। ਅਘ—ਪਾਪ। ਖੰਡਨਹ—ਨਾਸ ਹੁੰਦੇ ਹਨ। ਬਸੰਤਿ—ਵੱਸਣ ਨਾਲ, ਵੱਸਿਆਂ। ਭੈ ਭੀਤ—ਡਰ ਨਾਲ ਡੌਰ ਭੌਰ ਹੋਇਆ (awe-stricken)। ਦੂਤਹ—ਕਾਮ ਕ੍ਰੋਧ ਆਦਿਕ ਦੂਤ। ਕਰਮ ਕਰਤ—ਅਧਿਆਤਮਕ ਕਰਮ ਕਰਦਿਆਂ। ਰਹੰਤ—ਰਹਿ ਜਾਂਦੇ ਹਨ, ਮੁੱਕ ਜਾਂਦੇ ਹਨ। ਸ੍ਰੋਤਾ—ਨਾਮ ਸਰਵਣ ਕਰਨ ਵਾਲੇ। ਅਮੋਘ ਦਰਸਨਹ—ਸਫਲ ਦਰਸ਼ਨ ਨਾਲ। ਸਰਣਿ ਜੋਗੰ—ਸਰਣ ਜੋਗ ਪ੍ਰਭੂ। ਸੰਤ ਪ੍ਰਿਅ—ਸੰਤਾਂ ਦਾ ਪਿਆਰਾ। ਖੇਮੰ—ਖ਼ੁਸ਼ੀ, ਕਲਿਆਣ। ਕਰੋਤਿ—ਕਰਦਾ ਹੈ।੧੯।

***ਅਰਥ :*** ਪ੍ਰਭੂ ਦਾ ਨਾਮ ਸਿਮਰਦਿਆਂ ਹਨੇਰੇ ਹਿਰਦੇ ਜਗਮਗਾ ਉਠਦੇ ਹਨ, ਪ੍ਰਭੂ ਦੇ ਗੁਣ ਗਾਂਦਿਆਂ ਪਾਪ ਨਾਸ ਹੋ ਜਾਂਦੇ ਹਨ। (ਪ੍ਰਭੂ ਦਾ ਨਾਮ) ਹਿਰਦੇ ਵਿਚ ਵੱਸਣ ਨਾਲ ਕਾਮ ਆਦਿ ਦੂਤ ਭੈ-ਭੀਤ ਹੋ ਜਾਂਦੇ ਹਨ ਅਤੇ (ਨਾਮ-ਸਿਮਰਨ-ਮਈ) ਅਧਿਆਤਮਕ ਕਰਮ ਕਰਨ ਨਾਲ ਮਹਾਂ ਪਵਿੱਤਰ ਹੋ ਜਾਈਦਾ ਹੈ। ਨਾਮ ਸਰਵਣ ਕਰਨ ਵਾਲੇ ਦੇ ਜਨਮ-ਮਰਨ (ਦੇ ਗੇੜ) ਮੁੱਕ ਜਾਂਦੇ ਹਨ। ਪ੍ਰਭੂ ਦੇ ਸਫਲ ਦਰਸ਼ਨ ਪਰਸਿਆਂ ਹਰ ਪ੍ਰਕਾਰ ਦੇ ਸੁੱਖ ਪ੍ਰਾਪਤ ਹੋ ਜਾਂਦੇ ਹਨ।

'ਨਾਨਕ'! ਉਹ ਸ਼ਰਨ ਪਾਲਣ ਵਾਲਾ ਸੰਤਾਂ ਦਾ ਪਿਆਰਾ ਭਗਵਾਨ (ਆਪਣੇ ਸੰਤਾਂ ਦੀ) ਸਦਾ ਕਲਿਆਣ ਕਰਦਾ ਹੈ।੧੯।

***ਸਾਰੰਸ਼ :*** ਇਸ ਸਲੋਕ ਵਿਚ ਵਾਹਿਗੁਰੂ ਦੇ ਨਾਮ ਸਿਮਰਨ ਕਰਨ, ਉਸ ਦੇ ਗੁਣ ਗਾਉਣ, ਹਿਰਦੇ ਵਿਚ ਵਸਾਉਣ, ਅਧਿਆਤਮਕ ਕਰਮ ਕਰਨ ਤੇ ਉਸ ਦੇ ਸਫਲ ਦਰਸ਼ਨ ਪਰਸਨ ਦੀਆਂ ਬਰਕਤਾਂ ਦਰਸਾਈਆਂ ਗਈਆਂ ਹਨ।

**ਪਾਛੰ ਕਰੋਤਿ ਅਗ੍ਰਣੀਵਹ**
**ਨਿਰਾਸੰ ਆਸ ਪੂਰਨਹ ॥**
**ਨਿਰਧਨ ਭਯੰ ਧਨਵੰਤਹ**
**ਰੋਗੀਅੰ ਰੋਗ ਖੰਡਨਹ ॥**

ਭਗਤੰ ਭਗਤਿ ਦਾਨੰ
ਰਾਮ ਨਾਮ ਗੁਣ ਕੀਰਤਨਹ ॥
ਪਾਰਬ੍ਰਹਮ ਪੁਰਖ ਦਾਤਾਰਹ
ਨਾਨਕ, ਗੁਰ ਸੇਵਾ ਕਿੰ ਨ ਲਭ੍ਯਤੇ ॥੨੦॥ *(ਪੰਨਾ ੧੩੫੫)*

***ਉਚਾਰਣ-ਬੋਧ :*** ਅਗ੍ਰਣੀਵਹ, ਪੂਰਨਹ, ਧਨਵੰਤਹ, ਖੰਡਨਹ, ਕੀਰਤਨਹ, ਦਾਤਾਰਹ—ਸ਼ਬਦਾਂ ਦਾ ਅੰਤਲਾ 'ਹ' ਮੁਕਤਾ ਰੂਪ ਹੈ। ਸੋ ਇਸ ਦਾ ਉਚਾਰਣ ਇਸ ਦੀ ਮੁਕਤਾ ਧੁਨੀ ਵਿਚ ਹੀ ਕੀਤਾ ਜਾਣਾ ਉਚਿਤ ਹੈ। 'ਹ' ਦਾ ਉਚਾਰਣ 'ਹਿ' ਵਾਂਗ ਕਰਨਾ ਠੀਕ ਨਹੀਂ। ਭਯੰ—ਭਇਅੰ। ਭਗਤੰ—ਭਗਤਿਅੰ। ਲਭ੍ਯਤੇ—ਲਭਅਤੇ ਬੋਲੋ ਜੀ।

***ਪਦ ਅਰਥ :*** ਪਾਛੰ—ਪਿੱਛੇ ਰਹੇ ਹੋਇਆਂ ਨੂੰ। ਕਰੋਤਿ—ਕਰਦਾ ਹੈ। ਅਗ੍ਰਣੀਵਹ—ਮੂਹਰੇ। ਨਿਰਾਸੰ—ਨਿਰਾਸਿਆਂ ਦੀ। ਪੂਰਨਹ—ਪੂਰੀਆਂ ਕਰਨਹਾਰ। ਭਯੰ—ਹੋ ਜਾਂਦੇ ਹਨ। ਰੋਗੀਅੰ ਰੋਗ—ਰੋਗੀਆਂ ਦੇ ਰੋਗ। ਖੰਡਨਹ—ਖੰਡਨਹਾਰ, ਨਾਸ ਕਰਨ ਵਾਲਾ। ਭਗਤੰ—ਭਗਤਾਂ ਨੂੰ। ਰਾਮ ਨਾਮ ਗੁਣ ਕੀਰਤਨਹ—ਰਾਮ ਨਾਮ ਦੇ ਗੁਣਾਂ ਦਾ ਕੀਰਤਨ। ਕਿੰ ਨ ਲਭ੍ਯਤੇ—ਕਿਉਂ ਨਹੀਂ ਲੱਭਦਾ।੨੦।

***ਅਰਥ :*** (ਸਰਬ ਕਲਾ ਸਮਰੱਥ ਪ੍ਰਭੂ) ਪੱਛੜਿਆਂ ਹੋਇਆਂ ਨੂੰ ਮੂਹਰੇ ਕਰ ਦਿੰਦਾ ਹੈ ਅਤੇ ਨਿਰਾਸੇ ਹੋ ਚੁੱਕਿਆਂ ਦੀਆਂ ਆਸਾਂ ਪੂਰਨਹਾਰ ਹੈ। ਕੰਗਾਲ ਲੋਕੀਂ (ਪ੍ਰਭੂ ਦੀ ਬਖ਼ਸ਼ਸ਼ ਸਦਕਾ) ਧਨਵਾਨ ਹੋ ਜਾਂਦੇ ਹਨ। ਪ੍ਰਭੂ ਰੋਗੀਆਂ ਦੇ ਰੋਗ ਖੰਡਨਹਾਰ ਹੈ। ਉਹ ਆਪਣੇ ਭਗਤਾਂ ਨੂੰ ਭਗਤੀ ਦਾ ਦਾਨ ਦੇਂਦਾ ਹੈ, ਰਾਮ ਨਾਮ ਦੇ ਗੁਣਾਂ ਦੀ ਸਿਫ਼ਤਿ-ਸਾਲਾਹ ਬਖ਼ਸ਼ਦਾ ਹੈ।

'ਨਾਨਕ'! (ਐਸੇ ਸਰਬ ਸ਼ਕਤੀਮਾਨ) ਤੇ ਸਰਬ ਸੁੱਖਦਾਇਕ ਪਾਰਬ੍ਰਹਮ ਦਾਤਾਰ ਪੁਰਖ ਨੂੰ ਗੁਰੂ ਦੀ ਸੇਵਾ ਦੁਆਰਾ ਤੂੰ ਕਿਉਂ ਨਹੀਂ ਲੱਭਦਾ ?।੨੦।

***ਸਾਰੰਸ਼ :*** ਜੀਵਾਂ ਦੀ ਹਰ ਤਰ੍ਹਾਂ ਨਾਲ ਸਹਾਇਤਾ ਤੇ ਰੱਖਿਆ ਕਰਨਹਾਰ ਦਾਤਾਰ ਪਾਰਬ੍ਰਹਮ ਨੂੰ ਗੁਰੂ ਦੀ ਸੇਵਾ ਦੁਆਰਾ ਲੱਭਣਾ ਚਾਹੀਦਾ ਹੈ।

ਅਧਰੰ ਧਰੰ ਧਾਰਣਹ
ਨਿਰਧਨੰ ਧਨ ਨਾਮ ਨਰਹਰਹ ॥
ਅਨਾਥ ਨਾਥ ਗੋਬਿੰਦਹ
ਬਲਹੀਣ ਬਲ ਕੇਸਵਹ ॥

**ਸਰਬ ਭੂਤ ਦਯਾਲ ਅਚੁਤ**
**ਦੀਨ ਬਾਂਧਵ ਦਾਮੋਦਰਹ ॥**
**ਸਰਬਗ੍ਹ ਪੂਰਨ ਪੁਰਖ ਭਗਵਾਨਹ**
**ਭਗਤਿ ਵਛਲ ਕਰੁਣਾ ਮਯਹ ॥**
**ਘਟਿ ਘਟਿ ਬਸੰਤ ਬਾਸੁਦੇਵਹ**
**ਪਾਰਬ੍ਰਹਮ ਪਰਮੇਸੁਰਹ ॥**
**ਜਾਚੰਤਿ ਨਾਨਕ ਕ੍ਰਿਪਾਲ ਪ੍ਰਸਾਦੰ**
**ਨਹ ਬਿਸਰੰਤਿ ਨਹ ਬਿਸਰੰਤਿ ਨਾਰਾਇਣਹ ॥੨੧॥**

*(ਪੰਨਾ ੧੩੫੫-੫੬)*

***ਉਚਾਰਣ-ਬੋਧ :*** ਧਾਰਣਹ, ਨਰਹਰਹ, ਗੋਬਿੰਦਹ, ਕੇਸਵਹ, ਦਾਮੋਦਰਹ, ਭਗਵਾਨਹ, ਮਯਹ, ਬਾਸੁਦੇਵਹ, ਪਰਮੇਸੁਰਹ, ਨਾਰਾਇਣਹ—'ਹ' ਮੁਕਤਾ ਦਾ ਉਚਾਰਣ 'ਹਿ' ਵਾਂਗ ਕਰਨਾ ਠੀਕ ਨਹੀਂ। ਸਰਬਗ੍ਹ—ਸਰਬੱਗਿਅ। ਕਰੁਣਾ—'ਰ' ਦੇ ਔਂਕੜ ਨੂੰ ਉਚਾਰਣ ਦਾ ਹਿੱਸਾ ਬਣਾਓ ਜੀ; ਮਯਹ—ਮਇਅਹ ਬੋਲ ਜੀ। ਨਾਰਾਇਣਹ—'ਨੰਨੇ' ਨੂੰ ਲੱਗੇ 'ਕੰਨੇ' ਦਾ ਉਚਾਰਣ ਛੱਡਣਾ ਨਹੀਂ।

***ਪਦ ਅਰਥ :*** ਅਧਰੰ—ਆਸਰੇ-ਰਹਿਤ, ਨਿਆਸਰੇ। ਧਰੰ—ਆਸਰਾ। ਧਾਰਣਹ—ਧਾਰਨਹਾਰ, ਦੇਣਹਾਰ। ਨਰਹਰਹ—ਵਾਹਿਗੁਰੂ। ਕੇਸਵਹ—ਕੇਸਾਂ ਵਾਲਾ ਪ੍ਰਭੂ। ਸਰਬ ਭੂਤ—ਸਾਰੇ ਜੀਵਾਂ ਪ੍ਰਤੀ। ਦਯਾਲ—ਦਿਆਲੂ। ਅਚੁਤ—ਅਬਿਨਾਸ਼ੀ। ਦੀਨ ਬਾਂਧਵ—ਦੀਨਾਂ ਦੁਖੀਆਂ ਦੇ ਬੰਧੂ, ਸੱਜਣ। ਦਾਮੋਦਰਹ—ਉਦਰ ਦੁਆਲੇ ਲਪੇਟੀ ਹੋਈ ਤੜਾਗੀ ਵਾਲਾ, ਵਾਹਿਗੁਰੂ। ਸਰਬਗ੍ਹ—ਸਭ ਕੁਝ ਜਾਨਣਹਾਰ। ਪੂਰਨ—ਪਰੀਪੂਰਨ ਪ੍ਰਭੂ। ਭਗਵਾਨਹ—ਮਾਲਕ ਪ੍ਰਭੂ। ਭਗਤਿ ਵਛਲ—ਭਗਤੀ ਕਰਨ ਵਾਲਿਆਂ (ਭਗਤਾਂ) ਨੂੰ ਪਿਆਰ ਕਰਨ ਵਾਲਾ ਪ੍ਰਭੂ। ਕਰੁਣਾ ਮਯਹ—ਦਇਆ, ਤਰਸ ਸਰੂਪ। ਬਸੰਤ—ਵੱਸਦਾ ਹੈ। ਬਾਸੁਦੇਵਹ—ਜਿਸ ਵਿਚ ਸਭ ਦਾ ਨਿਵਾਸ ਹੈ ਅਤੇ ਜੋ ਸਭ ਵਿਚ ਨਿਵਾਸ ਕਰਦਾ ਹੈ, ਵਾਹਿਗੁਰੂ। ਜਾਚੰਤਿ—ਮੰਗਦਾ ਹੈ। ਪ੍ਰਸਾਦੰ—ਕਿਰਪਾ, ਬਖ਼ਸ਼ਸ਼। ਨਹ ਬਿਸਰੰਤਿ—ਨਾ ਵਿਸਰੇ। ਨਾਰਾਇਣਹ—ਨਾਰਾਇਣ ਪ੍ਰਭੂ ।੨੧।

***ਅਰਥ :*** ਧਰਣੀਧਰ ਪ੍ਰਭੂ ਨਿਆਸਰਿਆਂ ਨੂੰ ਆਸਰਾ ਦੇਣਹਾਰ ਹੈ, ਨਰਹਰ ਪ੍ਰਭੂ ਦਾ ਨਾਮ, ਧਨ-ਹੀਣ ਮਨੁੱਖਾਂ ਲਈ ਧਨ ਹੈ। ਗੋਬਿੰਦ ਪ੍ਰਭੂ ਅਨਾਥਾਂ ਦਾ

ਨਾਥ ਹੈ। ਕੇਸਵ ਪ੍ਰਭੂ ਬਲ-ਹੀਣਾਂ ਨੂੰ ਬਲ ਪ੍ਰਦਾਨ ਕਰਨਹਾਰ ਹੈ। ਅਬਿਨਾਸ਼ੀ ਪ੍ਰਭੂ ਸਰਬੱਤ ਜੀਵਾਂ ਉੱਤੇ ਦਇਆ ਕਰਨ ਵਾਲਾ ਹੈ। ਦਾਮੋਦਰ ਪ੍ਰਭੂ ਦੀਨ-ਦੁਖੀਆਂ ਦਾ ਬੰਧੂ (ਮਿੱਤਰ) ਹੈ। ਪੂਰਨ ਪੁਰਖ ਭਗਵਾਨ ਸਭ ਕੁਝ ਜਾਨਣਹਾਰ ਹੈ। ਦਇਆ-ਸਰੂਪ ਪ੍ਰਭੂ ਭਗਤੀ ਕਰਨਹਾਰੇ (ਭਗਤਾਂ) ਨੂੰ ਪਿਆਰ ਕਰਨ ਵਾਲਾ ਹੈ। ਪਾਰਬ੍ਰਹਮ ਪਰਮੇਸੁਰ ਬਾਸਦੇਵ ਪ੍ਰਭੂ ਹਰੇਕ ਹਿਰਦੇ ਵਿਚ ਵੱਸ ਰਿਹਾ ਹੈ।

ਕਿਰਪਾਲੂ ਪ੍ਰਭੂ ਤੋਂ ਮੈਂ ਨਾਨਕ ਇਹੋ ਬਖ਼ਸ਼ਸ਼ ਮੰਗਦਾ ਹਾਂ ਕਿ ਮੈਨੂੰ (ਅਜਿਹਾ ਸਰਬ-ਕਲਾ ਸਮਰੱਥ) ਨਾਰਾਇਣ ਪ੍ਰਭੂ ਕਦੇ ਨਾ ਵਿਸਰੇ, ਕਦੇ ਨਾ ਵਿਸਰੇ।੨੧।

***ਸਾਰੰਸ਼ :*** ਸਰਬੱਗ ਅਤੇ ਸਰਬ-ਕਲਾ ਸਮਰੱਥ ਵਾਹਿਗੁਰੂ ਕਿਰਪਾਲੂ ਹੈ, ਜੀਵਾਂ ਦੀ ਹਰ ਪ੍ਰਕਾਰ ਦੀ ਰੱਖਿਆ ਕਰਦਾ ਹੈ, ਭਗਤੀ ਕਰਨ ਵਾਲਿਆਂ ਨੂੰ ਪਿਆਰ ਕਰਦਾ ਹੈ। ਜੀਵ ਲਈ ਇਹੋ ਮੰਗ ਮੰਗਣ ਜੋਗ ਹੈ ਕਿ ਅਜਿਹਾ ਪ੍ਰਭੂ ਮਨ ਤੋਂ ਕਦੇ ਵਿਸਰ ਨਾ ਜਾਏ।

**ਨਹ ਸਮਰਥੰ ਨਹ ਸੇਵਕੰ**
**ਨਹ ਪ੍ਰੀਤਿ ਪਰਮ ਪੁਰਖੋਤਮੰ ॥**
**ਤਵ ਪ੍ਰਸਾਦਿ ਸਿਮਰਤੇ ਨਾਮੰ**
**ਨਾਨਕ ਕ੍ਰਿਪਾਲ ਹਰਿ ਹਰਿ ਗੁਰੰ ॥੨੨॥** *(ਪੰਨਾ ੧੩੫੬)*

***ਪਦ ਅਰਥ :*** ਸਮਰਥੰ—ਸਮਰੱਥਾ, ਬਲ। ਸੇਵਕੰ—ਸੇਵਕ-ਸੁਭਾ। ਪੁਰਖੋਤਮੰ—ਸਰਬੋਤਮ ਪੁਰਖ, ਵਾਹਿਗੁਰੂ। ਤਵ ਪ੍ਰਸਾਦਿ—ਤੇਰੀ ਕਿਰਪਾ ਨਾਲ। ਕ੍ਰਿਪਾਲ—ਹੇ ਕਿਰਪਾਲੂ ਪ੍ਰਭੂ!।੨੨।

***ਅਰਥ :*** ਹੇ ਪਰਮ ਪੁਰਖੋਤਮ ਅਕਾਲ ਪੁਰਖ ਜੀ! ਨਾ ਹੀ (ਮੇਰੇ ਵਿਚ ਕਿਸੇ ਕਿਸਮ ਦੀ ਕੋਈ) ਸਮਰੱਥਾ ਹੈ, ਨਾ ਹੀ ਸੇਵਕਾਂ ਵਾਲਾ ਕੋਈ ਗੁਣ ਹੈ ਅਤੇ ਨਾ ਹੀ (ਮੇਰੇ ਵਿਚ) ਤੇਰੀ ਪ੍ਰੀਤੀ ਹੈ।

ਹੇ ਕਿਰਪਾਲੂ ਗੁਰਦੇਵ ਹਰੀ! ਕੇਵਲ ਤੇਰੀ ਕਿਰਪਾ ਦੁਆਰਾ ਹੀ ਮੈਂ 'ਨਾਨਕ' ਤੇਰਾ ਨਾਮ ਸਿਮਰ ਸਕਦਾ ਹਾਂ।੨੨।

***ਸਾਰੰਸ਼ :*** **ਤੁਮ ਲਾਵਹੁ ਤਉ ਲਾਗਹ ਸੇਵ ॥**
**ਹਮ ਤੇ ਕਛੂ ਨ ਹੋਵੈ ਦੇਵ ॥੧॥ਰਹਾਉ॥੮੩॥**
*(ਗਉੜੀ ਗੁਆਰੇਰੀ ਮ: ੫, ਪੰਨਾ ੧੮੦)*

**ਭਰਣ ਪੋਖਣ ਕਰੰਤ ਜੀਆ**
**ਬਿਸ੍ਰਾਮ ਛਾਦਨ ਦੇਵੰਤ ਦਾਨੰ॥**
**ਸ੍ਰਿਜੰਤ ਰਤਨ ਜਨਮ ਚਤੁਰ ਚੇਤਨਹ॥**
**ਵਰਤੰਤਿ ਸੁਖ ਆਨੰਦ ਪ੍ਰਸਾਦਹ॥**
**ਸਿਮਰੰਤ ਨਾਨਕ ਹਰਿ ਹਰਿ ਹਰੇ॥**
**ਅਨਿਤ੍ਯ ਰਚਨਾ ਨਿਰਮੋਹ ਤੇ॥੨੩॥** *(ਪੰਨਾ ੧੩੫੬)*

***ਉਚਾਰਣ-ਬੋਧ :*** ਸ੍ਰਿਜੰਤ—ਸਿਹਾਰੀ ਉਚਾਰਣ ਪੈਰ-ਅੱਖਰ ਨਾਲ। ਚੇਤਨਹ, ਪ੍ਰਸਾਦਹ—'ਹ' ਉਚਾਰਣ 'ਹਿ' ਨਹੀਂ ਕਰਨਾ। ਅਨਿਤ੍ਯ—ਅਨਿਤਿਅ ਬੋਲੋ ਜੀ। ਨਿਰਮੋਹ ਤੇ—ਉਚਾਰਣ ਇਕੱਠਾ ਨਹੀਂ ਕਰਨਾ, 'ਤੇ' ਉਚਾਰਣ ਵੱਖਰਾ।

***ਪਦ ਅਰਥ :*** ਭਰਣ ਪੋਖਣ—ਪਾਲਣਾ ਪੋਸਣਾ। ਕਰੰਤ—ਕਰਦਾ ਹੈ। ਜੀਆ—ਜੀਵ। ਬਿਸ੍ਰਾਮ—ਟਿਕਾਣਾ। ਛਾਦਨ—ਬਸਤਰ। ਦੇਵੰਤ—ਦੇਂਦਾ ਹੈ। ਸ੍ਰਿਜੰਤ—ਸਿਰਜਦਾ ਹੈ। ਚਤੁਰ—ਸਿਆਣਾ। ਚੇਤਨਹ—ਚੇਤਨਾ ਵਾਲਾ। ਪ੍ਰਸਾਦਹ—ਬਖ਼ਸ਼ਸ਼ਾਂ। ਸਿਮਰੰਤ—ਸਿਮਰਦੇ ਹਨ। ਅਨਿਤ੍ਯ—ਨਾ ਰਹਿਣ ਵਾਲੀ, ਨਾਸਵੰਤ। ਨਿਰਮੋਹ—ਨਿਰਲੇਪ। ਤੇ—ਉਹ ਜੀਵ (ਬਹੁ-ਵਚਨ, ਪੜਨਾਂਵ)।੨੩।

***ਅਰਥ :*** (ਸ੍ਰਿਸ਼ਟੀ ਦੇ) ਜਿਤਨੇ ਜੀਵ ਹਨ, (ਵਾਹਿਗੁਰੂ) ਸਾਰਿਆਂ ਦੀ ਪਾਲਣਾ ਪੋਸਣਾ ਕਰਦਾ ਹੈ, (ਸਭ ਨੂੰ) (ਰਹਿਣ ਲਈ) ਟਿਕਾਣਾ ਅਤੇ (ਪਹਿਰਨ ਲਈ) ਕਪੜੇ ਦਾਨ ਕਰਦਾ ਹੈ, ਚੇਤੰਨਤਾ ਤੇ ਚਤੁਰਤਾ ਸੰਪੰਨ ਰਤਨ ਵਰਗਾ ਅਮੋਲਕ ਮਨੁੱਖਾ ਜਨਮ ਸਿਰਜਦਾ ਹੈ। (ਜੀਵ) ਉਸ ਦੀਆਂ ਬਖ਼ਸ਼ੀਆਂ ਨਿਆਮਤਾਂ ਨੂੰ ਸੁੱਖ ਅਨੰਦ ਨਾਲ ਮਾਣਦੇ ਹਨ (ਅਤੇ ਇਨ੍ਹਾਂ ਵਿਚ ਖੱਚਿਤ ਹੋਏ ਰਹਿੰਦੇ ਹਨ)। 'ਨਾਨਕ'! ਇਸ ਨਾਸਮਾਨ ਰਚਨਾ ਦੇ ਮੋਹ ਤੋਂ ਕੇਵਲ ਉਹ ਜੀਵ ਹੀ ਨਿਰਲੇਪ ਰਹਿੰਦੇ ਹਨ, ਜਿਹੜੇ (ਵਾਹਿਗੁਰੂ ਦੀਆਂ ਬਖ਼ਸ਼ਸ਼ਾਂ ਨੂੰ ਸੁੱਖ ਅਨੰਦ ਨਾਲ ਮਾਣਦੇ ਹੋਏ) ਸੁਆਸ ਸੁਆਸ ਨਾਮ ਸਿਮਰਦੇ ਰਹਿੰਦੇ ਹਨ।੨੩।

***ਸਾਰੰਸ਼ :*** ਵਾਹਿਗੁਰੂ ਵਡ-ਸਮਰੱਥ ਦਾਤਾਰ ਹੈ। ਉਸ ਨੇ ਜੀਵਾਂ ਨੂੰ ਅਨੇਕ ਅਮੋਲਕ ਦਾਤਾਂ ਬਖ਼ਸ਼ੀਆਂ ਹੋਈਆਂ ਹਨ। ਸਿਮਰਨ ਵਾਲੇ ਬੰਦੇ ਉਸ ਦੀਆਂ ਦਾਤਾਂ ਨੂੰ ਉਸ ਦੀ ਬਖ਼ਸ਼ਸ਼ ਜਾਣ ਕੇ ਮਾਣਦੇ ਹੋਏ, ਇਨ੍ਹਾਂ ਨਾਸਮਾਨ ਦਾਤਾਂ ਦੇ ਮੋਹ ਤੋਂ ਨਿਰਲੇਪ ਹੋ ਕੇ, ਦਾਤਾਰ ਨਾਲ ਜੁੜੇ ਰਹਿੰਦੇ ਹਨ।

**ਦਾਨੰ ਪਰਾ ਪੂਰਬੇਣ ਭੁੰਚੰਤੇ ਮਹੀਪਤੇ ॥**
**ਬਿਪਰੀਤ ਬੁਧੵੰ ਮਾਰਤ ਲੋਕਹ**
**ਨਾਨਕ ਚਿਰੰਕਾਲ ਦੁਖ ਭੋਗਤੇ ॥੨੪॥** *(ਪੰਨਾ ੧੩੫੬)*

***ਉਚਾਰਣ-ਬੋਧ :*** ਭੁੰਚੰਤੇ—'ਭ' ਟਿੱਪੀ ਤੇ ਔਂਕੜ ਇਕੱਠਾ ਉਚਾਰਨਾ ਹੈ, 'ਭ' '˜' ਛੱਡਣੀ ਨਹੀਂ; ਉਚਾਰਣ ਦਾ ਹਿੱਸਾ ਬਨਾਣਾ ਹੈ। ਮਹੀਪਤੇ—ਉਚਾਰਣ ਇਕੱਠਾ। ਪਦ-ਛੇਦ ਨਹੀਂ ਕਰਨਾ—'ਮਹੀਪ ਤੇ' ਵਾਂਗ। ਬੁਧੵੰ—ਬੁਧਿਅੰ। ਲੋਕਹ—'ਹ' ਮੁਕਤਾ ਉਚਾਰਣ 'ਹਿ' ਵਾਂਗ ਨਹੀਂ ਕਰਨਾ।

***ਪਦ ਅਰਥ :*** ਪਰਾ ਪੂਰਬੇਣ—ਪਹਿਲੇ (ਪੂਰਬਲੇ) ਜਨਮਾਂ ਦਾ। ਭੁੰਚੰਤੇ—ਭੁੰਚਦੇ ਹਨ, ਭੋਗਦੇ ਹਨ। ਮਹੀਪਤੇ—ਧਰਤੀ ਦੇ ਪਤੀ ਰਾਜੇ। ਬਿਪਰੀਤ ਬੁਧੵੰ—ਉਲਟੀ ਬੁੱਧੀ ਵਾਲੇ। ਮਾਰਤ ਲੋਕਹ—ਲੋਕਾਂ (ਜੀਵਾਂ) ਨੂੰ ਮਾਰਦੇ ਹਨ, ਜ਼ੁਲਮ ਕਰਦੇ ਹਨ। ਚਿਰੰਕਾਲ—ਚਿਰ ਕਾਲ ਤਕ, ਕਈ ਜਨਮਾਂ ਤਕ।੨੪।

***ਅਰਥ :*** (ਜੀਵ) ਪੂਰਬਲੇ ਜਨਮਾਂ ਵਿਚ ਕੀਤੇ ਪੁੰਨ-ਕਰਮਾਂ ਦਾ ਫਲ, ਧਰਤੀ ਦੇ ਰਾਜੇ ਬਣ ਕੇ ਭੋਗਦੇ ਹਨ। (ਰਾਜ-ਮਦ ਦੇ ਅਧੀਨ) ਇਨ੍ਹਾਂ ਦੀ ਬੁੱਧੀ ਫਿਟ ਜਾਂਦੀ ਹੈ, (ਸੁਆਰਥ ਅਧੀਨ) ਇਹ ਲੋਕਾਂ ਨੂੰ ਮਾਰਦੇ ਹਨ, ਭਾਵ, ਉਨ੍ਹਾਂ 'ਤੇ ਜ਼ੁਲਮ ਕਰਦੇ ਹਨ, ਜਿਸ ਦੇ ਫਲਸਰੂਪ 'ਨਾਨਕ'! ਚਿਰੰਕਾਲ (ਕਈ ਜਨਮਾਂ ਤਕ) ਦੁੱਖ ਭੋਗਦੇ ਰਹਿੰਦੇ ਹਨ।੨੪।

***ਸਾਰੰਸ਼ :*** ਰਾਜ-ਮਦ ਅਧੀਨ ਮਨੁੱਖ ਦੀ ਬੁੱਧੀ ਫਿਟ ਜਾਂਦੀ ਹੈ ਤੇ ਉਹ ਦੂਜਿਆਂ 'ਤੇ ਵਧੀਕੀਆਂ ਕਰਦਾ ਹੈ, ਜਿਸਦੇ ਫਲਸਰੂਪ ਦੁੱਖ ਭੋਗਣਾ ਪੈਂਦਾ ਹੈ। ਪ੍ਰਸਿੱਧ ਅਖਾਣ ਹੈ—ਤਪੋਂ ਰਾਜ, ਰਾਜੋਂ ਨਰਕ।

**ਬ੍ਰਿਥਾ ਅਨੁਗ੍ਰਹੰ ਗੋਬਿੰਦਹ**
**ਜਸੵ ਸਿਮਰਣ ਰਿਦੰਤਰਹ ॥**
**ਆਰੋਗੵੰ ਮਹਾ ਰੋਗੵੰ**
**ਬਿਸਿਮ੍ਰਿਤੇ ਕਰੁਣਾ ਮਯਹ ॥੨੫॥** *(ਪੰਨਾ ੧੩੫੬)*

***ਉਚਾਰਣ-ਬੋਧ :*** ਗੋਬਿੰਦਹ, ਰਿਦੰਤਰਹ, ਮਯਹ—ਅੰਤਲੇ 'ਹ' ਨੂੰ 'ਹਿ' ਨਹੀਂ ਉਚਾਰਣਾ। ਜਸੵ—ਜਸਿਅ। ਆਰੋਗੵੰ—ਆਰੋਗਿਅੰ। ਰੋਗੵੰ—ਰੋਗਿਅੰ। ਮਯਹ—ਮਇਅਹ ਬੋਲੋ ਜੀ। ਇਸ ਦਾ ਉਚਾਰਣ 'ਕਰੁਣਾ ਮੈ' ਜਾਂ 'ਕਰੁਣਾ ਮੈਂ' ਨਹੀਂ ਕਰਨਾ ਚਾਹੀਦਾ।

***ਪਦ ਅਰਥ :*** ਬ੍ਰਿਥਾ—ਕਸ਼ਟ, ਪੀੜਾ। ਅਨੁਗ੍ਰਹੰ—ਕਿਰਪਾ, ਬਖ਼ਸ਼ਸ਼। ਗੋਬਿੰਦਹ—ਗੋਬਿੰਦ ਦੀ। ਜਸ੍ਹ—ਜਿਸ ਦੇ। ਰਿਦੰਤਰਹ—ਹਿਰਦੇ ਵਿਚ। ਆਰੋਗੰ੍ਹ—ਅਰੋਗ, ਨਰੋਆ। ਮਹਾ ਰੋਗੰ੍ਹ—ਮਹਾਂ ਰੋਗੀ। ਬਿਸਿਮ੍ਰਿਤੇ—ਨਹੀਂ ਸਿਮਰਦਾ, ਭੁੱਲ ਜਾਂਦਾ ਹੈ। ਕਰੁਣਾ ਮਯਹ—ਕਿਰਪਾ-ਸਰੂਪ, ਕਿਰਪਾਲੂ ਪ੍ਰਭੂ।੨੫।

***ਅਰਥ :*** ਜਿਸ ਜੀਵ ਦੇ ਹਿਰਦੇ ਵਿਚ ਪ੍ਰਭੂ ਦਾ ਸਿਮਰਨ ਵੱਸਦਾ ਹੈ, ਉਹ ਕਸ਼ਟ ਨੂੰ ਵੀ ਪ੍ਰਭੂ ਦੀ ਬਖ਼ਸ਼ਸ਼ ਜਾਣਦਾ (ਅਤੇ ਉਸ ਦੀ ਰਜ਼ਾ ਵਿਚ ਪ੍ਰਸੰਨ ਰਹਿੰਦਾ) ਹੈ, ਪਰ ਜਿਹੜਾ ਪ੍ਰਾਣੀ ਕਿਰਪਾਲੂ ਪ੍ਰਭੂ (ਦੇ ਨਾਮ) ਨੂੰ ਵਿਸਾਰ ਦੇਂਦਾ ਹੈ, ਉਹ (ਤਨ ਕਰਕੇ) ਅਰੋਗ ਹੁੰਦਾ ਹੋਇਆ ਵੀ (ਮਨ ਕਰਕੇ) ਵੱਡਾ ਰੋਗੀ ਹੀ ਰਹਿੰਦਾ ਹੈ।੨੫।

***ਸਾਰੰਸ਼ :*** ਪ੍ਰਭੂ ਦੀ ਯਾਦ ਵੱਡੀ ਨਿਆਮਤ ਹੈ ਤੇ ਪ੍ਰਭੂ ਦਾ ਵਿਸਰ ਜਾਣਾ ਸਭ ਤੋਂ ਵੱਡਾ ਰੋਗ।

**ਰਮਣੰ ਕੇਵਲੰ ਕੀਰਤਨੰ**
**ਸੁਧਰਮੰ ਦੇਹ ਧਾਰਣਹ ॥**
**ਅੰਮ੍ਰਿਤ ਨਾਮੁ ਨਾਰਾਇਣ**
**ਨਾਨਕ ਪੀਵਤੰ ਸੰਤ ਨ ਤ੍ਰਿਪ੍ਰਤੇ ॥੨੬॥** *(ਪੰਨਾ ੧੩੫੬)*

***ਉਚਾਰਣ-ਬੋਧ :*** ਸੁਧਰਮੰ—ਉਚਾਰਨ ਇਕੱਠਾ; 'ਸੁ ਧਰਮੰ' ਨਹੀਂ ਕਰਨਾ। ਨਾਰਾਇਣ—'ਨ' ਕੰਨਾ ਛੱਡਣਾ ਨਹੀਂ; ਉਚਾਰਣ ਦਾ ਹਿੱਸਾ ਬਨਾਣਾ ਹੈ ਜੀ। ਤ੍ਰਿਪ੍ਰਤੇ—ਤ੍ਰਿਪਅਤੇ ਬੋਲੋ ਜੀ।

***ਪਦ ਅਰਥ :*** ਰਮਣੰ—ਜਪਣਾ। ਕੇਵਲੰ—ਕੇਵਲ। ਸੁਧਰਮੰ—ਸ੍ਰੇਸ਼ਟ ਧਰਮ। ਦੇਹ ਧਾਰਣਹ—ਮਨੁੱਖਾ ਸਰੀਰ ਧਾਰਨ ਕਰਨ ਦਾ। ਪੀਵਤੰ—ਪੀਂਦਿਆਂ, ਪੀ ਪੀ ਕੇ। ਨ ਤ੍ਰਿਪ੍ਰਤੇ—ਨਹੀਂ ਰੱਜਦੇ।੨੬।

***ਅਰਥ :*** ਕੇਵਲ ਪ੍ਰਭੂ-ਨਾਮ ਦਾ ਕੀਰਤਨ ਕਰਦੇ ਰਹਿਣਾ, ਅਥਵਾ ਉਸ ਦੇ ਗੁਣ ਗਾਉਂਦੇ ਰਹਿਣਾ ਹੀ (ਮਨੁੱਖਾ) ਦੇਹੀ ਧਾਰਨ ਕਰਨ ਦਾ ਪਰਮ-ਧਰਮ (ਮੂਲ-ਮੰਤਵ) ਹੈ। 'ਨਾਨਕ'! ਨਾਰਾਇਣ ਪ੍ਰਭੂ ਦੇ ਅੰਮ੍ਰਿਤ-ਨਾਮ ਨੂੰ ਪੀਂਦੇ ਹੋਏ ਸੰਤ ਰੱਜਦੇ ਨਹੀਂ; ਭਾਵ ਉਨ੍ਹਾਂ ਵਿਚ ਨਾਮ ਦੀ ਭੁੱਖ ਵੱਧ ਤੋਂ ਵਧੇਰੇ ਹੁੰਦੀ ਹੈ।੨੬।

***ਸਾਰੰਸ਼ :*** ਮਨੁੱਖਾ ਜਨਮ ਦਾ ਉਦੇਸ਼ ਕੇਵਲ ਪ੍ਰਭੂ ਦੀ ਸਿਫ਼ਤਿ-ਸਾਲਾਹ ਕਰਨਾ ਹੀ ਹੈ। ਸਤ-ਪੁਰਸ਼ ਸਦਾ ਹੀ ਨਾਮ-ਰਸ ਦੇ ਮਤਵਾਲੇ ਰਹਿੰਦੇ ਹਨ।

**ਸਹਣ ਸੀਲ ਸੰਤੰ**
**ਸਮ ਮਿਤ੍ਰਸ੍ਹ ਦੁਰਜਨਹ ॥**
**ਨਾਨਕ, ਭੋਜਨ ਅਨਿਕ ਪ੍ਰਕਾਰੇਣ**
**ਨਿੰਦਕ ਆਵਧ ਹੋਇ ਉਪਤਿਸਟਤੇ ॥੨੭॥** *(ਪੰਨਾ ੧੩੫੬)*

***ਉਚਾਰਣ-ਬੋਧ :*** ਮਿਤ੍ਰਸ੍ਹ—ਮਿਤ੍ਰੱਸਿਅ ਬੋਲੋ ਜੀ। ਦੁਰਜਨਹ—'ਹ' ਉਚਾਰਨ 'ਹਿ' ਨਹੀਂ ਕਰਨਾ।

***ਪਦ ਅਰਥ :*** ਸਹਣ ਸੀਲ—ਧੀਰਜ ਤੇ ਨੇਕ ਸੁਭਾਅ। ਸਮ—ਸਮਾਨ, ਇੱਕੋ ਜਿਹਾ। ਮਿਤ੍ਰਸ੍ਹ—ਮਿੱਤਰ। ਦੁਰਜਨਹ—ਖੋਟੇ ਪੁਰਸ਼, ਦੁਸ਼ਮਣ। ਅਨਿਕ ਪ੍ਰਕਾਰੇਣ—ਕਈ ਤਰ੍ਹਾਂ ਦੇ। ਆਵਧ ਹੋਇ—ਹਥਿਆਰ-ਬੰਦ ਹੋ ਕੇ। ਉਪਤਿਸਟਤੇ—ਨੇੜੇ ਆਵੇ, ਸਿਰ 'ਤੇ ਆ ਚੜ੍ਹੇ।੨੭।

***ਅਰਥ :*** ਸੰਤਾਂ (ਸਤ-ਪੁਰਸ਼ਾਂ) ਵਿਚ ਸਹਿਨਸ਼ੀਲਤਾ ਇੰਨੀ ਪ੍ਰਬਲ ਹੁੰਦੀ ਹੈ ਕਿ ਉਨ੍ਹਾਂ ਵਾਸਤੇ ਮਿੱਤਰ ਤੇ ਦੁਸ਼ਮਣ ਇਕ-ਸਮਾਨ ਹੁੰਦੇ ਹਨ। 'ਨਾਨਕ'! ਭਾਵੇਂ ਕੋਈ (ਉਨ੍ਹਾਂ ਦਾ ਹਿਤੈਸ਼ੀ) ਅਨਿਕ ਪ੍ਰਕਾਰ ਦੇ ਭੋਜਨ ਅਰਪਨ ਕਰੇ ਜਾਂ ਉਨ੍ਹਾਂ ਦਾ ਮੰਦਾ ਚਿਤਵਣ ਵਾਲਾ ਕੋਈ ਵਿਅਕਤੀ ਹਥਿਆਰਬੰਦ ਹੋ ਕੇ ਉਨ੍ਹਾਂ 'ਤੇ ਚੜ੍ਹ ਆਵੇ (ਉਨ੍ਹਾਂ ਲਈ ਸਾਰੇ ਇਕ-ਸਮਾਨ ਹੁੰਦੇ ਹਨ)।੨੭।

***ਸਾਰੰਸ਼ :*** ਨਾਮ-ਸਿਮਰਨ ਵਾਲੇ ਸਤ-ਪੁਰਸ਼ਾਂ ਦੀ ਸਮ-ਦ੍ਰਿਸ਼ਟੀ ਹੁੰਦੀ ਹੈ। ਉਨ੍ਹਾਂ ਦੇ ਅੰਦਰੋਂ ਸੱਜਣ ਤੇ ਦੁਸ਼ਮਣ ਦਾ ਵਿਤਕਰਾ ਮਿਟ ਜਾਂਦਾ ਹੈ। ਗੁਰਵਾਕ :

**ਸੰਤ ਰਹਤ ਸੁਨਹੁ ਮੇਰੇ ਭਾਈ ॥...**
**ਮਿਤ੍ਰ ਸਤ੍ਰ ਜਾ ਕੈ ਏਕ ਸਮਾਨੈ ॥**
**ਪ੍ਰਭ ਅਪੁਨੇ ਬਿਨੁ ਅਵਰੁ ਨ ਜਾਨੈ ॥੨॥੯੯॥**

*(ਆਸਾ ਮਹਲਾ ੫, ਪੰਨਾ ੩੯੨)*

**ਤਿਰਸਕਾਰ ਨਹ ਭਵੰਤਿ**
**ਨਹ ਭਵੰਤਿ ਮਾਨ ਭੰਗਨਹ ॥**
**ਸੋਭਾ ਹੀਨ ਨਹ ਭਵੰਤਿ**
**ਨਹ ਪੋਹੰਤਿ ਸੰਸਾਰ ਦੁਖਨਹ ॥**

**ਗੋਬਿੰਦ ਨਾਮ ਜਪੰਤਿ ਮਿਲਿ ਸਾਧ ਸੰਗਹ**
**ਨਾਨਕ ਸੇ ਪ੍ਰਾਣੀ ਸੁਖ ਬਾਸਨਹ ॥੨੮॥** *(ਪੰਨਾ ੧੩੫੬)*

***ਉਚਾਰਣ-ਬੋਧ :*** ਨਹ, ਭੰਗਨਹ, ਦੂਖਨਹ, ਸੰਗਹ, ਬਾਸਨਹ—ਸ਼ਬਦਾਂ ਵਿਚ 'ਹ' ਮੁਕਤਾ ਲਗ-ਰਹਿਤ ਹੈ, ਪਰ ਇਸ ਦਾ ਉਚਾਰਣ ਬਹੁਤ ਕਰ ਕੇ ('ਹਿ') ਵਾਂਗ ਕੀਤਾ ਜਾਣਾ ਪ੍ਰਚਲਿਤ ਹੈ, ਜੋ ਠੀਕ ਨਹੀਂ। 'ਹ' ਮੁਕਤਾ ਦੀ ਧੁਨੀ ਖੜੀ-ਤੜੀ ਹੁੰਦੀ ਹੈ। ਤਿਰਸਕਾਰ—ਗੁਰਬਾਣੀ ਵਿਚ ਇਹ ਰੂਪ ਇੱਕੋ ਵਾਰ ਆਇਆ ਹੈ। 'ਿ' 'ਤ' ਉਚਾਰਣ ਕਰਨਾ ਉਚਿਤ ਹੈ; 'ਤਰਿਸਕਾਰ' ਨਹੀਂ ਬੋਲਣਾ।

***ਪਦ ਅਰਥ :*** ਤਿਰਸਕਾਰ—ਨਿਰਾਦਰ। ਨਹ ਭਵੰਤਿ—ਨਹੀਂ ਹੁੰਦਾ। ਮਾਨ ਭੰਗਨਹ—ਮਾਨ ਭੰਗ ਹੋਣਾ, ਬੇਇਜ਼ਤੀ ਹੋਣੀ। ਸੋਭਾਹੀਨ—ਸੋਭਾਹੀਣਤਾ। ਨਹ ਪੋਹੰਤਿ—ਨਹੀਂ ਪੋਹ ਸਕਦੇ। ਸੰਸਾਰ ਦੂਖਨਹ—ਸੰਸਾਰ ਦੇ ਦੁੱਖ। ਜਪੰਤਿ—ਜਪਦੇ ਹਨ। ਸਾਧ ਸੰਗਹ—ਸਾਧ ਸੰਗਤ ਵਿਚ। ਸੁਖ ਬਾਸਨਹ—ਸੁੱਖਾਂ ਵਿਚ ਵੱਸਦੇ ਹਨ।੨੮।

ਅਖ਼ੀਰਲੀ ਤੁਕ ਤੋਂ ਅਰਥ ਚੁੱਕਿਆ ਗਿਆ ਹੈ :

***ਅਰਥ :*** 'ਨਾਨਕ'! (ਜਿਹੜੇ ਵਿਅਕਤੀ) ਸਾਧ ਸੰਗਤ ਵਿਚ ਮਿਲ ਕੇ (ਸਦਾ) ਵਾਹਿਗੁਰੂ ਦਾ ਨਾਮ ਜਪਦੇ ਰਹਿੰਦੇ ਹਨ, ਉਹ ਸਦਾ ਸੁਖੀ ਵੱਸਦੇ ਹਨ। ਉਹਨਾਂ ਦਾ ਕਦੀ ਨਿਰਾਦਰ ਨਹੀਂ ਹੁੰਦਾ, ਨਾ ਹੀ ਕਦੀ ਉਹਨਾਂ ਦਾ ਸਤਿਕਾਰ ਭੰਗ (ਅਪਮਾਨ) ਹੁੰਦਾ ਹੈ। ਉਨ੍ਹਾਂ ਦੀ ਸੋਭਾ-ਹੀਣਤਾ ਕਦੀ ਨਹੀਂ ਹੁੰਦੀ ਅਤੇ ਨਾ ਹੀ ਉਹਨਾਂ ਨੂੰ ਸੰਸਾਰ ਦੇ ਦੁੱਖ ਪੋਹ ਸਕਦੇ ਹਨ।੨੮।

***ਸਾਰੰਸ਼ :*** ਨਾਮ ਸਿਮਰਨ ਦੇ ਤੁਫ਼ੈਲ ਸਦੀਵੀ ਸੁੱਖ ਮਿਲਦਾ ਹੈ, ਸੱਚੀ ਤੇ ਸਦੀਵੀ ਸੋਭਾ ਮਿਲਦੀ ਹੈ।

**ਸੈਨਾ ਸਾਧ ਸਮੂਹ ਸੂਰ ਅਜਿਤੰ**
**ਸੰਨਾਹੰ ਤਨਿ ਨਿੰਮ੍ਰਤਾਹ ॥**
**ਆਵਧਹ ਗੁਣ ਗੋਬਿੰਦ ਰਮਣੰ**
**ਓਟ ਗੁਰ ਸਬਦ ਕਰ ਚਰਮਣਹ ॥**
**ਆਰੂੜਤੇ ਅਸ੍ਵ ਰਥ ਨਾਗਹ**
**ਬੁਝੰਤੇ ਪ੍ਰਭ ਮਾਰਗਹ ॥**

**ਬਿਚਰਤੇ ਨਿਰਭਯੰ ਸਤ੍ਰੁ ਸੈਨਾ**
**ਧਾਯੰਤੇ ਗੁੋਪਾਲ ਕੀਰਤਨਹ ॥**
**ਜਿਤਤੇ ਬਿਸ੍ਵ ਸੰਸਾਰਹ**
**ਨਾਨਕ ਵਸੵੰ ਕਰੋਤਿ ਪੰਚ ਤਸਕਰਹ ॥੨੯॥** *(ਪੰਨਾ ੧੩੫੬)*

***ਉਚਾਰਣ-ਬੋਧ :*** ਨਿੰਮ੍ਰਤਾਹ, ਆਵਧਹ, ਚਰਮਣਹ, ਨਾਮਹ, ਮਾਰਗਹ, ਕੀਰਤਨਹ, ਸੰਸਾਰਹ, ਤਸਕਰਹ—'ਹ' ਉਚਾਰਣ 'ਹਿ' ਨਹੀਂ ਕਰਨਾ। ਨਿਰਭਯੰ—ਨਿਰਭਇਆਂ ਬੋਲੋ ਜੀ। ਧਾਯੰਤੇ—ਧਾਇਅੰਤੇ। ਗੁੋਪਾਲ—ਅੱਖਰ 'ਗ' ਦੇ ਨਾਲ ਦੋ ਲਗਾਂ (ੋ) ਅਤੇ (ੁ) ਹਨ। ਅਸਲ ਸ਼ਬਦ 'ਗੋਪਾਲ' ਹੈ, ਇਥੇ 'ਗੁਪਾਲ' ਪੜ੍ਹਨਾ ਹੈ। ਜਿਤਤੇ—ਉਚਾਰਣ ਅੱਧਕ ਸਹਿਤ ਇਕੱਠਾ—ਜਿੱਤਤੇ ਵਾਂਗ। ਵਸੵੰ—ਵਸਿਆਂ।

***ਪਦ ਅਰਥ :*** ਸੈਨਾ—ਫ਼ੌਜ। ਸਾਧ ਸਮੂਹ—ਸਾਧੂ ਜਨਾਂ ਦਾ ਇਕੱਠ, ਸਾਧ ਸੰਗਤ। ਸੂਰ ਅਜਿਤੰ—ਨਾ ਜਿੱਤੇ ਜਾਣ ਵਾਲੇ ਸੂਰਮੇ। ਸੰਨਾਹੰ—ਸੰਜੋਅ, ਜ਼ਰ੍ਹਾ ਬਕਤਰ, ਲੋਹੇ ਦੀ ਜਾਲੀ ਦੀ ਵਰਦੀ ਜੋ ਸੂਰਮੇ ਜੁੱਧ ਵੇਲੇ ਪਹਿਨਦੇ ਹਨ। ਤਨਿ ਨਿੰਮ੍ਰਤਾਹ—ਸਰੀਰ ਉੱਤੇ ਨਿਮਰਤਾ ਦੀ। ਆਵਧਹ—ਸ਼ਸਤਰ, ਹਥਿਆਰ। ਗੁਣ ਗੋਬਿੰਦ ਰਮਣੰ—ਗੋਬਿੰਦ ਦੇ ਗੁਣ ਗਾਉਣੇ। ਕਰ—ਹੱਥਾਂ ਵਿਚ। ਚਰਮਣਹ—(ਗੈਂਡੇ ਦੇ) ਚੰਮ ਦੀ ਢਾਲ, ਜਿਸ 'ਤੇ ਕੋਈ ਹਥਿਆਰ ਜਾਂ ਗੋਲੀ ਅਸਰ ਨਹੀਂ ਕਰ ਸਕਦੀ। ਆਰੂੜਤੇ—ਸਵਾਰੀ ਕਰਦੇ ਹਨ। ਅਸ੍ਵ—ਘੋੜੇ। ਨਾਗਹ—ਹਾਥੀ। ਬੁਝੰਤੇ—ਬੁੱਝਦੇ ਹਨ। ਪ੍ਰਭ ਮਾਰਗਹ—ਪ੍ਰਭੂ ਦੇ ਦਰ 'ਤੇ ਪਹੁੰਚਣ ਵਾਲੇ ਮਾਰਗ ਨੂੰ। ਬਿਚਰਤੇ—ਵਿਚਰਦੇ ਹਨ। ਨਿਰਭਯੰ—ਨਿਰਭੈ ਹੋ ਕੇ, ਬੇਖ਼ੌਫ਼ ਹੋ ਕੇ। ਸਤ੍ਰੁ ਸੈਨਾ—ਸ਼ਤਰੂਆਂ ਦੀ ਸੈਨਾ ਵਿਚ। ਧਾਯੰਤੇ—ਧਾਵਾ ਕਰਦੇ ਹਨ, ਹੱਲਾ ਬੋਲਦੇ ਹਨ। ਗੁੋਪਾਲ ਕੀਰਤਨਹ—ਗੋਪਾਲ ਦੇ ਕੀਰਤਨ। ਜਿਤਤੇ—ਜਿੱਤ ਲੈਂਦੇ ਹਨ। ਬਿਸ੍ਵ ਸੰਸਾਰਹ—ਵਿਸ਼ਵ (ਸਾਰੇ) ਸੰਸਾਰ ਨੂੰ। ਵਸੵੰ ਕਰੋਤਿ—ਕਾਬੂ ਵਿਚ ਕਰ ਲੈਂਦੇ ਹਨ। ਪੰਚ ਤਸਕਰਹ—ਪੰਜਾਂ ਚੋਰਾਂ ਨੂੰ।੨੯।

(ਸਿਮਰਨ ਕਰਨ ਵਾਲੇ ਗੁਰਮੁਖ ਕਿਵੇਂ ਕਾਮਾਦਿਕ ਪੰਜਾਂ ਸ਼ਤਰੂਆਂ ਨਾਲ ਜੁੱਧ ਕਰਦੇ ਹਨ ਤੇ ਉਨ੍ਹਾਂ ਨੂੰ ਕਾਬੂ ਕਰਦੇ ਹਨ, ਇਸ ਸਲੋਕ ਵਿਚ ਇਸ ਦਾ ਜ਼ਿਕਰ ਹੈ।)

***ਅਰਥ :*** ਸਾਧੂ ਜਨਾਂ ਦਾ ਸਮੁਦਾਇ, ਭਾਵ ਸਾਧ ਸੰਗਤ ਅਜਿੱਤ ਸੂਰਮਿਆਂ ਦੀ ਸੈਨਾ ਹੈ। ਉਸ ਨੇ ਸਰੀਰ 'ਤੇ ਨਿਮਰਤਾ ਦੀ ਸੰਜੋਅ ਪਹਿਨੀ ਹੁੰਦੀ ਹੈ। ਪ੍ਰਭੂ

ਦੇ ਗੁਣ ਗਾਉਂਦੇ ਰਹਿਣਾ, ਇਹ ਉਨ੍ਹਾਂ ਦੇ ਸ਼ਸਤਰ ਹਨ; ਗੁਰ-ਸ਼ਬਦ ਦੀ ਓਟ ਲਈ ਰੱਖਣੀ, ਉਨ੍ਹਾਂ ਦੇ ਹੱਥਾਂ ਵਿਚ ਮਾਨੋ (ਗੈਂਡੇ ਦੇ) ਚੰਮ ਦੀ ਢਾਲ ਹੈ। ਪ੍ਰਭੂ-ਪ੍ਰਾਪਤੀ ਦਾ ਜੀਵਨ-ਰਾਹ ਬੁੱਝ ਲੈਣਾ, ਇਹ ਉਨ੍ਹਾਂ ਲਈ ਘੋੜਿਆਂ, ਰੱਥਾਂ ਤੇ ਹਾਥੀਆਂ ਦੀ ਸਵਾਰੀ ਕਰਨੀ ਹੈ। ਗੋਪਾਲ ਪ੍ਰਭੂ ਦੇ ਕੀਰਤਨ (ਸਿਫ਼ਤਿ-ਸਾਲਾਹ) ਦੇ ਬਲ-ਬੋਤੇ ਸ਼ਤਰੂਆਂ ਉੱਤੇ ਧਾਵਾ ਬੋਲਦੇ ਹਨ ਅਤੇ ਬੇਖ਼ੌਫ਼ ਹੋ ਕੇ (ਕਾਮਾਦਿਕ) ਵੈਰੀਆਂ ਦੀ ਸੈਨਾ ਵਿਚ ਵਿਚਰਦੇ ਹਨ।

'ਨਾਨਕ'! (ਇਨ੍ਹਾਂ ਅਧਿਆਤਮਕ ਸ਼ਸਤਰਾਂ-ਅਸਤਰਾਂ ਦਾ ਸਦਕਾ ਸੰਤ-ਜਨ) ਪੰਜ ਕਾਮਾਦਿਕ ਜਗਤ-ਜੇਤੂ ਲੁਟੇਰਿਆਂ ਨੂੰ ਆਪਣੇ ਕਾਬੂ ਵਿਚ ਕਰ ਲੈਂਦੇ ਹਨ ਤੇ ਇਸ ਤਰ੍ਹਾਂ ਉਹ ਮਾਨੋ ਸਾਰੇ ਸੰਸਾਰ ਨੂੰ ਜਿੱਤ ਲੈਂਦੇ ਹਨ।੨੯।

***ਸਾਰੰਸ਼ :*** ਸਾਧ ਸੰਗਤ ਵਿਚ ਗੁਰੂ-ਪਰਾਇਣ ਹੋ ਕੇ ਗੁਰ-ਸ਼ਬਦ ਦੀ ਕਮਾਈ ਕਰਨ ਨਾਲ ਮਨ ਬਲਵਾਨ ਹੋ ਜਾਂਦਾ ਹੈ ਤੇ ਇਸ ਦੇ ਤੁਫ਼ੈਲ ਜਗਤ-ਵਿਜਈ ਕਾਮਾਦਿਕ ਪੰਜ ਸ਼ਤਰੂ ਸਤ-ਪੁਰਸ਼ਾਂ ਦੇ ਵੱਸ ਵਿਚ ਆ ਜਾਂਦੇ ਹਨ। ਜਿਵੇਂ ਕਿ :

**ਸਗਲ ਸ੍ਰਿਸਟਿ ਕੇ ਪੰਚ ਸਿਕਦਾਰ ॥**
**ਰਾਮ ਭਗਤ ਕੇ ਪਾਨੀਹਾਰ ॥੧॥ਰਹਾਉ॥**
**ਜਗਤ ਪਾਸ ਤੇ ਲੇਤੇ ਦਾਨੁ ॥**
**ਗੋਬਿੰਦ ਭਗਤ ਕਉ ਕਰਹਿ ਸਲਾਮੁ ॥...੨॥੧੧॥**

*(ਗੋਂਡ ਮਹਲਾ ੫, ਪੰਨਾ ੮੬੫)*

**ਧਾਵਉ ਦਸਾ ਅਨੇਕ, ਪ੍ਰੇਮ ਪ੍ਰਭ ਕਾਰਣੇ ॥**
**ਪੰਚ ਸਤਾਵਹਿ ਦੂਤ, ਕਵਨ ਬਿਧਿ ਮਾਰਣੇ ॥**
**ਤੀਖਣ ਬਾਣ ਚਲਾਇ, ਨਾਮੁ ਪ੍ਰਭ ਧ੍ਯਾਈਐ ॥**
**ਹਰਿਹਾਂ ਮਹਾਂ ਬਿਖਾਦੀ ਘਾਤ, ਪੂਰਨ ਗੁਰੁ ਪਾਈਐ ॥੧੬॥**

[ਧ੍ਯਾਈਐ—ਉਚਾਰਣ : ਧਿਆਈਐ] *(ਫੁਨਹੇ ਮ: ੫, ਪੰਨਾ ੧੩੬੩)*

## ਮ੍ਰਿਗ ਤ੍ਰਿਸਨਾ ਗੰਧਰਬ ਨਗਰੰ
## ਦ੍ਰੁਮ ਛਾਯਾ ਰਚਿ ਦੁਰਮਤਿਹ ॥
## ਤਤਹ ਕੁਟੰਬ ਮੋਹ ਮਿਥ੍ਯਾ
## ਸਿਮਰੰਤਿ ਨਾਨਕ ਰਾਮ ਰਾਮ ਨਾਮਹ ॥੩੦॥ *(ਪੰਨਾ ੧੩੫੬)*

***ਉਚਾਰਣ-ਬੋਧ :*** ਮ੍ਰਿਗ ਤ੍ਰਿਸਨਾ—'ਿ' ਉਚਾਰਣ ਪੈਰ-ਅੱਖਰ '੍ਰ' ਨਾਲ

ਮਿਲਵਾਂ। ਤਤਹ, ਨਾਮਹ—'ਹ' ਉਚਾਰਣ 'ਹਿ' ਨਹੀਂ ਕਰਨਾ। ਛਾਯਾ—ਛਾਇਆ। ਮਿਥ੍ਹਾ—ਮਿਥਿਆ ਬੋਲੋ ਜੀ।

***ਪਦ ਅਰਥ :*** ਮ੍ਰਿਗ ਤ੍ਰਿਸਨਾ—ਮਾਰੂਥਲ ਵਿਚ ਸੂਰਜ ਦੀਆਂ ਕਿਰਨਾਂ ਪੈਣ ਕਾਰਨ ਰੇਤਲਾ ਮੈਦਾਨ ਪਾਣੀ ਦੇ ਦਰਿਆ ਵਾਂਗ ਲਿਸ਼ਕਦਾ ਹੈ। ਤ੍ਰਿਹਾਏ ਹਿਰਨ ਉਸ ਵੱਲ ਭੱਜਦੇ ਹਨ, ਪਰ ਠਗ-ਨੀਰਾ (ਧੋਖਾ ਦੇਊ ਪਾਣੀ) ਅੱਗੇ ਤੋਂ ਅੱਗੇ ਤੁਰੀ ਜਾਂਦਾ ਹੈ। ਗੰਧਰਬ ਨਗਰੰ—ਆਕਾਸ਼ ਵਿਚ ਮਿੱਥੀ ਹੋਈ ਰਾਜੇ ਹਰੀ ਚੰਦ ਦੀ ਇਕ ਨਗਰੀ, ਜਿਸ ਦੀ 'ਠਗ-ਨੀਰੇ' ਵਾਂਗ ਕੋਈ ਅਸਲੀਅਤ ਨਹੀਂ। ਦ੍ਰੁਮ ਛਾਯਾ—ਬ੍ਰਿਛ ਦੀ ਛਾਂ। ਰਚਿ—ਰਚ ਕੇ, ਲੱਗ ਕੇ। ਦੁਰਮਤਿਹ—ਮੱਤ ਖੋਟੀ ਹੋ ਜਾਂਦੀ ਹੈ, ਭ੍ਰਿਸ਼ਟ ਜਾਂਦੀ ਹੈ। ਤਤਹ—ਉਸੇ ਤਰ੍ਹਾਂ। ਮਿਥ੍ਹਾ—ਝੂਠਾ, ਨਾਸਵੰਤ। ਸਿਮਰੰਤਿ—ਸਿਮਰਦੇ ਹਨ।੩੦।

***ਅਰਥ :*** ਮ੍ਰਿਗ-ਤ੍ਰਿਸ਼ਨਾ (ਠੱਗ-ਨੀਰਾ), ਗੰਧਰਬ ਨਗਰੀ (ਇਕ ਖ਼ਿਆਲੀ ਨਗਰੀ) ਅਤੇ ਬ੍ਰਿਛ ਦੀ ਛਾਂ (ਜਿਵੇਂ ਮਿਥਿਆ ਹੈ) ਤਿਵੇਂ ਹੀ ਕੁਟੰਬ ਦਾ ਮੋਹ ਮਿਥਿਆ ਹੈ ਤੇ ਖੋਟੀ ਮਤਿ ਦੇ ਕਾਰਨ ਦੁਰਮਤੀ ਮਨੁੱਖ ਇਸ ਮੋਹ ਵਿਚ ਰਚਿਆ ਰਹਿੰਦਾ ਹੈ।

'ਨਾਨਕ'! (ਮਿਥਿਆ ਮੋਹ ਤੋਂ ਉਹੀ ਬਚਦੇ ਹਨ, ਜੋ) ਰਾਮ ਨਾਮ ਸਿਮਰਦੇ ਹਨ।

***ਸਾਰੰਸ਼ :*** ਮਾਇਕੀ ਪਦਾਰਥਾਂ ਅਤੇ ਪ੍ਰਵਾਰਿਕ ਮੋਹ ਨੂੰ ਤਿਆਗ ਕੇ ਨਾਮ-ਸਿਮਰਨ ਵਿਚ ਪ੍ਰੀਤ ਪਾਉਣੀ ਚਾਹੀਦੀ ਹੈ।

> **ਧਨੁ ਜੋਬਨੁ ਸੰਪੈ ਸੁਖ ਭੋੁਗਵੈ, ਸੰਗਿ ਨ ਨਿਬਹਤ ਮਾਤ ॥**
> **ਮ੍ਰਿਗ ਤ੍ਰਿਸਨਾ ਦੇਖਿ ਰਚਿਓ ਬਾਵਰ, ਦ੍ਰੁਮ ਛਾਇਆ ਰੰਗਿ ਰਾਤ ॥੧॥੭॥**
> [ਭੋੁਗਵੈ—ਉਚਾਰਣ : ਭੁਗਵੈ] *(ਕੇਦਾਰਾ ਮ: ੫, ਪੰਨਾ ੧੧੨੦)*

**ਨਚ ਬਿਦਿਆ ਨਿਧਾਨ ਨਿਗਮੰ**
**ਨਚ ਗੁਣਗ੍ਯ ਨਾਮ ਕੀਰਤਨਹ ॥**
**ਨਚ ਰਾਗ ਰਤਨ ਕੰਠੰ**
**ਨਹ ਚੰਚਲ ਚਤੁਰ ਚਾਤੁਰਹ ॥**
**ਭਾਗ ਉਦਿਮ ਲਬਧ੍ੰ ਮਾਇਆ**
**ਨਾਨਕ ਸਾਧ ਸੰਗਿ ਖਲ ਪੰਡਿਤਹ ॥੩੧॥** *(ਪੰਨਾ ੧੩੫੬)*

***ਉਚਾਰਣ-ਬੋਧ :*** ਗੁਣਗ੍ਯ—ਗੁਣੱਗਿਅ ਬੋਲਣਾ ਹੈ ਜੀ। ਲਬਧ੍ਯੰ—ਲਬਧਿਅੰ। ਕੀਰਤਨਹ, ਨਹ, ਚਾਤੁਰਹ, ਪੰਡਿਤਹ—'ਹ' ਉਚਾਰਣ 'ਹਿ' ਕਰਨਾ ਠੀਕ ਨਹੀਂ। ਉਦਿਮ—'ਦ' 'ਿ' ਛੱਡਣੀ ਨਹੀਂ। ਉਚਾਰਣ ਦਾ ਹਿੱਸਾ ਬਣਾਓ ਜੀ।

***ਪਦ ਅਰਥ :*** ਨਚ—ਨਹੀਂ ਹੈ। ਨਿਧਾਨ—ਖ਼ਜ਼ਾਨਾ। ਨਿਗਮੰ—ਵੇਦ। ਬਿਦਿਆ ਨਿਧਾਨ ਨਿਗਮੰ—ਵੇਦ ਵਿੱਦਿਆ ਦਾ ਖ਼ਜ਼ਾਨਾ। ਗੁਣਗ੍ਯ—ਗੁਣਾਂ ਦਾ ਗਿਆਤਾ। ਕੰਠੰ—ਗਲਾ। ਚੰਚਲ—ਚੁਸਤੀ, ਫੁਰਤੀ। ਚਤੁਰ—ਸਿਆਣਾ। ਚਾਤੁਰਹ—ਹੁਸ਼ਿਆਰ। ਉਦਿਮ—ਉਦੇ ਹੋਣ 'ਤੇ, ਪਰਗਟ ਹੋਣ 'ਤੇ। ਲਬਧ੍ਯੰ—ਲੱਭਦੀ ਹੈ। ਮਾਇਆ—ਦੈਵੀ-ਸੰਪਤੀ। ਸਾਧ ਸੰਗਿ—ਸਤਸੰਗਤ ਵਿਚ। ਖਲ—ਮੂਰਖ। ਪੰਡਿਤਹ—ਪੰਡਤ, ਵਿਦਵਾਨ।੩੧।

***ਅਰਥ :*** (ਉਹ ਪ੍ਰਾਣੀ) ਜਿਸ ਪਾਸ ਨਾ ਤਾਂ ਵੇਦ-ਵਿੱਦਿਆ ਦਾ ਖ਼ਜ਼ਾਨਾ ਹੋਵੇ; ਨਾ ਉਹ ਨਾਮ ਕੀਰਤਨ-ਮਈ-ਗੁਣਾਂ ਦਾ ਗਿਆਤਾ ਹੋਵੇ; ਨਾ ਉਸ ਪਾਸ ਰਤਨ-ਰਾਗ ਗਾਉਣ ਵਾਲਾ ਗਲਾ ਹੋਵੇ; ਨਾ ਉਹ ਚੁਸਤ, ਸਿਆਣਾ ਤੇ ਹੁਸ਼ਿਆਰ ਹੋਵੇ; ਭਾਵ, ਜੋ ਪ੍ਰਾਣੀ ਬਿਲਕੁਲ ਹੀ ਮੂੜ੍ਹ ਹੋਵੇ। 'ਨਾਨਕ'! ਭਾਗ ਉਦੇ ਹੋਣ 'ਤੇ ਦੈਵੀ ਸੰਪਤੀ (ਸਾਧ ਸੰਗਤ ਵਿੱਚੋਂ) ਮਿਲਦੀ ਹੈ ਅਤੇ ਮੂਰਖ ਪ੍ਰਾਣੀ ਵੀ ਸਾਧ ਸੰਗਤ ਵਿਚ ਮਿਲ ਕੇ ਵਿਦਵਾਨ ਹੋ ਜਾਂਦਾ ਹੈ।੩੧।

***ਸਾਰੰਸ਼ :*** ਪੂਰਬਲੇ ਭਾਗਾਂ ਦੇ ਉਦੇ ਹੋਣ 'ਤੇ ਹੀ ਸਤਸੰਗਤ ਦਾ ਮੇਲ ਪ੍ਰਾਪਤ ਹੁੰਦਾ ਹੈ। ਸਾਧ ਸੰਗਤ ਵਿਚ ਮੂਰਖ ਵੀ ਸਿਆਣੇ ਹੋ ਨਿਬੜਦੇ ਹਨ।

**ਕੰਠ ਰਮਣੀਯ ਰਾਮ ਰਾਮ ਮਾਲਾ**
**ਹਸਤ ਊਚ ਪ੍ਰੇਮ ਧਾਰਣੀ ॥**
**ਜੀਹ ਭਣਿ ਜੋ ਉਤਮ ਸਲੋਕ**
**ਉਧਰਣੰ ਨੈਨ ਨੰਦਨੀ ॥੩੨॥** *(ਪੰਨਾ ੧੩੫੬)*

***ਉਚਾਰਣ-ਬੋਧ :*** ਰਮਣੀਯ—ਰਮਣੀਅ ਬੋਲੋ ਜੀ; ਅੰਤਲਾ 'ਯ' ਕੇਵਲ ਲਮਕਾਅ ਹੈ।

***ਪਦ ਅਰਥ :*** ਕੰਠ—ਗਲਾ। ਰਮਣੀਯ—ਰਵਣ ਜੋਗ। ਹਸਤ ਊਚ—ਗੋਮੁਖੀ, ਇਕ ਗੁੱਥੀ ਜਿਸ ਵਿਚ ਮਾਲਾ ਵਾਲਾ ਹੱਥ ਢੱਕ ਕੇ ਲੁਕਵੇਂ ਢੰਗ ਨਾਲ ਮਾਲਾ ਫੇਰੀ ਜਾਂਦੀ ਹੈ। ਪ੍ਰੇਮ ਧਾਰਣੀ—ਪ੍ਰੇਮ ਦੀ ਧਾਰਨਾ ਕਰਨੀ। ਜੀਹ—ਜੀਭ।

ਭਣਿਜੋ—ਉਚਾਰਦਾ ਹੈ। ਉਧਰਣੰ—ਉਧਾਰ, ਬਚਾਅ। ਨੈਨ ਨੰਦਨੀ—ਨੈਣਾਂ ਨੂੰ ਅਨੰਦ ਦੇਣ ਵਾਲੀ, ਮੋਹਣੀ-ਮਾਇਆ।੩੨।

***ਅਰਥ :*** ਜਿਹੜਾ ਪ੍ਰਾਣੀ ਗਲੇ ਤੋਂ ਰਵਣ ਜੋਗ ਰਾਮ ਰਾਮ ਦੇ (ਨਿਰੰਤਰ) ਉਚਾਰਣ ਨੂੰ ਮਾਲਾ ਬਣਾਉਂਦਾ ਹੈ, ਜਿਸ ਵਾਸਤੇ ਪ੍ਰੇਮ ਦਾ ਧਾਰਨੀ ਹੋਣਾ ਗੋਮੁਖੀ (ਮਾਲਾ ਵਾਲੇ ਹੱਥ ਉੱਤੇ ਚੜ੍ਹਾਉਣ ਵਾਲੀ ਗੁੱਥੀ) ਹੈ, ਜੋ ਰਸਨਾ ਦੁਆਰਾ ਸਦਾ ਸਿਫ਼ਤਿ-ਸਾਲਾਹ ਦੀ ਉੱਤਮ ਬਾਣੀ ਉਚਾਰਦਾ ਰਹਿੰਦਾ ਹੈ, ਉਸ ਦਾ ਨਿਰਸੰਦੇਹ ਮੋਹਣੀ-ਮਾਇਆ (ਦੇ ਜਾਲ) ਤੋਂ ਬਚਾਅ ਹੋ ਜਾਂਦਾ ਹੈ।੩੨।

***ਸਾਰੰਸ਼ :*** ਪ੍ਰੇਮ ਸਹਿਤ ਰਾਮ ਨਾਮ ਦੇ ਸਿਮਰਨ ਕਰਨ ਦੀ ਬਰਕਤ ਨਾਲ ਹੀ 'ਤੀਨ ਲੋਕ ਕੀ ਪਿਆਰੀ' ਮਾਇਆ ਦੀਆਂ ਫਾਹੀਆਂ ਤੋਂ ਛੁਟਕਾਰਾ ਹੋ ਸਕਦਾ ਹੈ।

**ਗੁਰ ਮੰਤ੍ਰ ਹੀਣਸ੍ਹ ਜੋ ਪ੍ਰਾਣੀ**
**ਧ੍ਰਿਗੰਤ ਜਨਮ ਭ੍ਰਸਟਣਹ ॥**
**ਕੂਕਰਹ ਸੂਕਰਹ ਗਰਧਭੰਹ**
**ਕਾਕਹ ਸਰਪਨਹ ਤੁਲਿ ਖਲਹ ॥੩੩॥** *(ਪੰਨਾ ੧੩੫੬)*

***ਉਚਾਰਣ-ਬੋਧ :*** ਹੀਣਸ੍ਹ—ਹੀਣੱਸਿਅ ਬੋਲੋ ਜੀ। ਧ੍ਰਿਗੰਤ—'ਿ' ਅਤੇ ਪੈਰ-ਅੱਖਰ '੍ਰ' ਦਾ ਉਚਾਰਣ ਮਿਲਵਾਂ। ਭ੍ਰਸਟਣਹ, ਕੂਕਰਹ, ਸੂਕਰਹ, ਗਰਧਭਹ, ਕਾਕਹ, ਸਰਪਨਹ—ਅੰਤਲਾ 'ਹ' ਦਾ ਉਚਾਰਣ 'ਹਿ' ਕਰਨਾ ਠੀਕ ਨਹੀਂ।

***ਪਦ ਅਰਥ :*** ਹੀਣਸ੍ਹ—ਖ਼ਾਲੀ, ਸੱਖਣਾ, ਵਿਰਵਾ। ਧ੍ਰਿਗੰਤ—ਧਿਰਕਾਰ ਜੋਗ, ਫਿਟਕਾਰ ਜੋਗ। ਭ੍ਰਸਟਣਹ—ਭ੍ਰਿਸ਼ਟਿਆ ਹੋਇਆ। ਕੂਕਰਹ—ਕੁੱਤੇ। ਸੂਕਰਹ—ਸੂਰ। ਗਰਧਭਹ—ਖੋਤੇ। ਕਾਕਹ—ਕਾਂ। ਸਰਪਨਹ—ਸੱਪ। ਤੁਲਿ—ਸਮਾਨ, ਵਰਗਾ, ਬਰਾਬਰ। ਖਲਹ—ਮੂਰਖ।੩੩।

***ਅਰਥ :*** ਜਿਹੜਾ ਪ੍ਰਾਣੀ ਗੁਰੂ ਦੇ ਮੰਤ੍ਰ (ਗੁਰ-ਦੀਖਿਆ) ਤੋਂ ਵਿਰਵਾ ਹੈ, ਉਸ ਦਾ ਜਨਮ ਭ੍ਰਿਸ਼ਟਿਆ ਹੋਇਆ (ਮਲੀਨ ਮਤਿ ਵਾਲਾ) ਅਤੇ ਫਿਟਕਾਰ ਜੋਗ ਹੈ। ਉਹ ਮੂਰਖ ਕੁੱਤੇ, ਸੂਰ, ਖੋਤੇ, ਕਾਂ ਅਤੇ ਸੱਪ (ਆਦਿਕ ਘਿਰਣਤ ਜੂਨਾਂ) ਵਰਗਾ ਹੈ, (ਭਾਵ, ਉਸ ਦੀ ਜੂਨ ਹੀ ਮਨੁੱਖ ਦੀ ਹੈ, ਖ਼ਸਲਤਾਂ (ਸੁਭਾਅ, ਆਦਤਾਂ) ਪਸ਼ੂਆਂ ਵਾਲੀਆਂ ਹਨ)।੩੩।

***ਸਾਰੰਸ਼ :*** **ਸਤਿਗੁਰ ਬਾਝਹੁ ਗੁਰੁ ਨਹੀ ਕੋਈ**
**ਨਿਗੁਰੇ ਕਾ ਹੈ ਨਾਉ ਬੁਰਾ ॥੧੩॥**

*(ਆਸਾ ਮ: ੩ ਪਟੀ, ਪੰਨਾ ੪੩੫)*

ਅਥਵਾ—

**ਸਬਦੁ ਨ ਜਾਣਹਿ ਸੇ ਅੰਨੇ ਬੋਲੇ ਸੇ ਕਿਤੁ ਆਏ ਸੰਸਾਰਾ ॥**
**ਹਰਿ ਰਸੁ ਨ ਪਾਇਆ ਬਿਰਥਾ ਜਨਮੁ ਗਵਾਇਆ ਜੰਮਹਿ ਵਾਰੋ ਵਾਰਾ ॥**
**ਬਿਸਟਾ ਕੇ ਕੀੜੇ ਬਿਸਟਾ ਮਾਹਿ ਸਮਾਣੇ**
**ਮਨਮੁਖ ਮੁਗਧ ਗੁਬਾਰਾ ॥੩॥੪॥** *(ਸੋਰਠਿ ਮ: ੩, ਪੰਨਾ ੬੦੧)*

## ਚਰਣਾਰਬਿੰਦ ਭਜਨੰ
## ਰਿਦਯੰ ਨਾਮ ਧਾਰਣਹ ॥
## ਕੀਰਤਨੰ ਸਾਧ ਸੰਗੇਣ
## ਨਾਨਕ ਨਹ ਦ੍ਰਿਸਟੰਤਿ ਜਮ ਦੂਤਨਹ ॥੩੪॥

*(ਪੰਨਾ ੧੩੫੬)*

***ਸਾਵਧਾਨ :*** ਚਰਣਾਰਬਿੰਦ—'ਣ' ਦਾ ਉਚਾਰਣ 'ਨ' ਨਹੀਂ ਕਰਨਾ।

***ਉਚਾਰਣ-ਬੋਧ :*** ਰਿਦਯੰ—ਰਿਦਿਅੰ ਬੋਲੋ ਜੀ। ਦ੍ਰਿਸਟੰਤਿ—'ਿ' ਉਚਾਰਣ ਪੈਰ-ਅੱਖਰ '੍ਰ' ਨਾਲ ਮਿਲਵਾਂ। ਧਾਰਣਹ, ਨਹ, ਦੂਤਨਹ—ਅੰਤਲਾ 'ਹ' ਦਾ ਉਚਾਰਣ 'ਹਿ' ਨਹੀਂ ਕਰਨਾ ਜੀ।

***ਪਦ ਅਰਥ :*** ਚਰਣਾਰਬਿੰਦ—ਚਰਨ ਕਮਲ। ਰਿਦਯੰ—ਹਿਰਦੇ ਵਿਚ। ਸਾਧ ਸੰਗੇਣ—ਸਾਧ ਸੰਗਤ ਵਿਚ। ਨਹ ਦ੍ਰਿਸਟੰਤਿ—ਨਹੀਂ ਵੇਖਦਾ। ਜਮ ਦੂਤਨਹ—ਜਮ-ਰਾਜੇ ਦੇ ਦੂਤ।੩੪।

***ਅਰਥ :*** ਜਿਹੜਾ ਪ੍ਰਾਣੀ (ਪ੍ਰਭੂ ਦੇ) ਚਰਨ ਕਮਲਾਂ ਦਾ ਭਜਨ ਕਰਦਾ ਹੈ, ਨਾਮ-ਸਿਮਰਨ ਹਿਰਦੇ ਵਿਚ ਧਾਰਨ ਕਰਦਾ ਹੈ ਅਤੇ ਸਾਧ ਸੰਗਤ ਵਿਚ ਜੁੜ ਕੇ ਪ੍ਰਭੂ ਦਾ ਗੁਣਾਨਵਾਦ ਕਰਦਾ ਹੈ; 'ਨਾਨਕ'! ਉਸ ਨੂੰ ਜਮਦੂਤ ਨਹੀਂ ਦੇਖਣੇ ਪੈਂਦੇ (ਭਾਵ, ਉਸ ਦਾ ਜਮ-ਦੂਤਾਂ ਨਾਲ ਵਾਹ ਨਹੀਂ ਪੈਂਦਾ)।੩੪।

***ਸਾਰੰਸ਼ :*** ਸਾਧ ਸੰਗਤ ਵਿਚ ਮਿਲ ਕੇ ਪ੍ਰਭੂ ਦੀ ਸਿਫ਼ਤਿ-ਸਾਲਾਹ ਕਰਨ ਵਾਲੇ ਮਨੁੱਖ ਦੇ ਨੇੜੇ ਜਮ-ਦੂਤ ਨਹੀਂ ਫਟਕ ਸਕਦੇ। ਗੁਰਵਾਕ :

ਜਹ ਸਾਧੂ ਗੋਬਿਦ ਭਜਨੁ ਕੀਰਤਨੁ ਨਾਨਕ ਨੀਤ ॥
ਣਾ ਹਉ ਣਾ ਤੂੰ ਣਹ ਛੁਟਹਿ ਨਿਕਟਿ ਨ ਜਾਈਅਹੁ ਦੂਤ ॥੧॥੩੧॥
*(ਗਉੜੀ ਬਾਵਨ ਅਖਰੀ ਮ: ੫, ਪੰਨਾ ੨੫੬)*

**ਨਚ ਦੁਰਲਭੰ ਧਨੰ ਰੂਪੰ**
**ਨਚ ਦੁਰਲਭੰ ਸ੍ਵਰਗ ਰਾਜਨਹ ॥**
**ਨਚ ਦੁਰਲਭੰ ਭੋਜਨੰ ਬਿੰਜਨੰ**
**ਨਚ ਦੁਰਲਭੰ ਸ੍ਵਛ ਅੰਬਰਹ ॥**
**ਨਚ ਦੁਰਲਭੰ ਸੁਤ ਮਿਤ੍ਰ ਭ੍ਰਾਤ ਬਾਂਧਵ**
**ਨਚ ਦੁਰਲਭੰ ਬਨਿਤਾ ਬਿਲਾਸਹ ॥**
**ਨਚ ਦੁਰਲਭੰ ਬਿਦਿਆ ਪ੍ਰਬੀਣੰ**
**ਨਚ ਦੁਰਲਭੰ ਚਤੁਰ ਚੰਚਲਹ ॥**
**ਦੁਰਲਭੰ ਏਕ ਭਗਵਾਨ ਨਾਮਹ**
**ਨਾਨਕ ਲਬਧ੍ਹਿੰ ਸਾਧ ਸੰਗਿ ਕ੍ਰਿਪਾ ਪ੍ਰਭੰ ॥੩੫॥** *(ਪੰਨਾ ੧੩੫੭)*

***ਉਚਾਰਣ-ਬੋਧ :*** ਸ੍ਵਰਗ—ਸੁਅਰਗ। ਸ੍ਵਛ—ਸੁਅੱਛ। ਰਾਜਨਹ, ਅੰਬਰਹ, ਬਿਲਾਸਹ, ਚੰਚਲਹ, ਨਾਮਹ—ਅੰਤਲੇ 'ਹ' ਦਾ ਉਚਾਰਣ 'ਹਿ' ਕਰਨਾ ਠੀਕ ਨਹੀਂ। ਲਬਧ੍ਹਿੰ—ਲਬਧਿਅੰ ਬੋਲੋ ਜੀ।

***ਪਦ ਅਰਥ :*** ਨਚ—ਨਹੀਂ ਹੈ। ਦੁਰਲਭੰ—ਔਖਿਆਈ ਨਾਲ ਪ੍ਰਾਪਤ ਹੋਣ ਵਾਲਾ ਪਦਾਰਥ; ਭਾਵ, ਅਮੋਲਕ ਪਦਾਰਥ। ਬਿੰਜਨੰ—ਸੁਆਦਲੇ ਖਾਣੇ। ਸ੍ਵਛ ਅੰਬਰਹ—ਸਾਫ਼ ਸੁਥਰੇ ਕੱਪੜੇ। ਸੁਤ—ਪੁੱਤਰ। ਭ੍ਰਾਤ—ਭਰਾ। ਬਾਂਧਵ—ਬੰਧੂ, ਰਿਸ਼ਤੇਦਾਰ। ਬਨਿਤਾ—ਇਸਤ੍ਰੀ, ਪਤਨੀ। ਬਿਲਾਸਹ—ਕਲੋਲ, ਭੋਗ-ਬਿਲਾਸ। ਬਿਦਿਆ ਪ੍ਰਬੀਣੰ—ਵਿੱਦਿਆ ਵਿਚ ਪ੍ਰਬੀਨ (ਸਿਆਣਾ) ਹੋਣਾ। ਚਤੁਰ ਚੰਚਲਹ—ਚੁਸਤ-ਚਲਾਕ। ਲਬਧ੍ਹਿੰ—ਲੱਭਦਾ ਹੈ। ਸਾਧ ਸੰਗਿ—ਸਾਧ ਸੰਗਤ ਵਿਚ। ਕ੍ਰਿਪਾ ਪ੍ਰਭੰ—ਪ੍ਰਭੂ ਦੀ ਕਿਰਪਾ ਦੁਆਰਾ।੩੫।

***ਅਰਥ :*** (ਸੰਸਾਰ ਵਿਚ) ਧਨ ਅਤੇ ਰੂਪ ਦੁਰਲੱਭ ਨਹੀਂ ਅਤੇ ਨਾ ਹੀ ਸਵਰਗ ਦਾ ਰਾਜ ਦੁਰਲੱਭ ਹੈ। (ਭਾਂਤ-ਭਾਂਤ ਦੇ) ਸੁਆਦਲੇ ਖਾਣੇ ਦੁਰਲੱਭ ਨਹੀਂ ਅਤੇ ਨਾ ਹੀ ਸਾਫ਼-ਸੁਥਰੇ ਕੱਪੜੇ ਦੁਰਲੱਭ ਹਨ। ਪੁੱਤਰ, ਮਿੱਤਰ, ਭਰਾ, ਰਿਸ਼ਤੇਦਾਰ

ਵੀ ਦੁਰਲੱਭ ਨਹੀਂ ਅਤੇ ਨਾ ਹੀ ਇਸਤ੍ਰੀ ਦੇ ਭੋਗ-ਬਿਲਾਸ ਦੁਰਲੱਭ ਹਨ। ਵਿੱਦਿਆ ਵਿਚ ਪ੍ਰਬੀਨ ਹੋਣਾ ਦੁਰਲੱਭ ਨਹੀਂ ਅਤੇ ਨਾ ਹੀ ਚੁਸਤ-ਚਲਾਕ ਹੋਣਾ ਦੁਰਲੱਭ ਹੈ।

'ਨਾਨਕ'! ਕੇਵਲ ਇਕ ਭਗਵਾਨ ਦਾ ਨਾਮ ਹੀ ਦੁਰਲੱਭ (ਅਮੋਲ) ਹੈ ਅਤੇ ਇਹ (ਨਾਮ) ਸਾਧ ਸੰਗਤ ਵਿਚ ਪ੍ਰਭੂ ਦੀ ਕਿਰਪਾ ਸਦਕਾ ਲੱਭਦਾ ਹੈ।੩੫।

***ਸਾਰੰਸ਼ :*** ਜੀਵਨ ਵਿਚ ਦੁਨਿਆਵੀ ਪਦਾਰਥ ਦੁਰਲੱਭ ਨਹੀਂ ਹਨ। ਇਕ ਪ੍ਰਭੂ ਦਾ ਨਾਮ ਦੁਰਲੱਭ ਵਸਤੂ ਹੈ, ਜੋ ਪ੍ਰਭੂ ਦੀ ਕਿਰਪਾ ਨਾਲ ਸਾਧ ਸੰਗਤ ਵਿਚ ਪ੍ਰਾਪਤ ਹੁੰਦਾ ਹੈ। ਗੁਰਵਾਕ :

**ਸਾਈ ਨਾਮੁ ਅਮੋਲੁ, ਕੀਮ ਨ ਕੋਈ ਜਾਣਦੋ ॥**
**ਜਿਨਾ ਭਾਗ ਮਥਾਹਿ, ਸੇ ਨਾਨਕ ਹਰਿ ਰੰਗੁ ਮਾਣਦੋ ॥੧॥**

*(ਸਿਰੀਰਾਗ ਕੇ ਛੰਤ ਮ: ੫ ਡਖਣਾ, ਪੰਨਾ ੮੧)*

**ਸੁਖੁ ਨਾਹੀ ਬਹੁਤੈ ਧਨਿ ਖਾਟੇ ॥**
**ਸੁਖੁ ਨਾਹੀ ਪੇਖੇ ਨਿਰਤਿ ਨਾਟੇ ॥**
**ਸੁਖੁ ਨਾਹੀ ਬਹੁ ਦੇਸ ਕਮਾਏ ॥**
**ਸਰਬ ਸੁਖਾ ਹਰਿ ਹਰਿ ਗੁਣ ਗਾਏ ॥੧॥੨੮॥੪੧॥**

*(ਭੈਰਉ ਮਹਲਾ ੫, ਪੰਨਾ ੧੧੪੭)*

## ਜਤ ਕਤਹ ਤਤਹ ਦ੍ਰਿਸਟੰ
## ਸ੍ਵਰਗ ਮਰਤ ਪਯਾਲ ਲੋਕਹ ॥
## ਸਰਬਤ੍ਰ ਰਮਣੰ ਗੋਬਿੰਦਹ
## ਨਾਨਕ ਲੇਪ ਛੇਪ ਨ ਲਿਪ੍ਯਤੇ ॥੩੬॥ *(ਪੰਨਾ ੧੩੫੭)*

***ਉਚਾਰਣ-ਬੋਧ :*** ਕਤਹ, ਤਤਹ, ਲੋਕਹ, ਗੋਬਿੰਦਹ—ਇਨ੍ਹਾਂ ਸ਼ਬਦਾਂ ਵਿਚ 'ਹ' ਮੁਕਤਾ ਦਾ ਉਚਾਰਣ 'ਹਿ' ਨਹੀਂ ਕਰਨਾ ਜੀ। ਦ੍ਰਿਸਟੰ—'ਿ' ਦਾ ਉਚਾਰਣ ਪੈਰ-ਅੱਖਰ '੍' ਨਾਲ ਮਿਲਵਾਂ। ਪਯਾਲ—ਪਇਆਲ। ਲਿਪ੍ਯਤੇ—ਲਿਪਿਅਤੇ।

***ਪਦ ਅਰਥ :*** ਜਤ ਕਤਹ—ਜਿਥੇ ਕਿਥੇ। ਤਤਹ—ਤਿਥੇ, ਭਾਵ ਹਰ ਥਾਂ। ਦ੍ਰਿਸਟੰ—ਵੇਖੀਦਾ ਹੈ। ਮਰਤ ਲੋਕਹ—ਮਾਤ-ਲੋਕ, ਧਰਤੀ। ਪਯਾਲ ਲੋਕਹ—ਪਤਾਲ ਲੋਕ। ਸਰਬਤ੍ਰ—ਸਭ ਥਾਈਂ। ਰਮਣੰ—ਰਮ ਰਿਹਾ, ਵਿਆਪਕ ਹੋ ਰਿਹਾ।

ਲੇਪ ਛੇਪ—ਲਾਗ-ਲਪੇਟ, ਦਾਗ਼ (ਮਾਇਆ ਦਾ ਪ੍ਰਭਾਵ)। ਨ ਲਿਪ੍ਤੇ—ਲਿਪਾਇਮਾਨ ਨਹੀਂ ਹੁੰਦਾ।੩੬।

***ਅਰਥ :*** ਜਿਥੇ ਕਿਥੇ, ਭਾਵੇਂ ਮਾਤ-ਲੋਕ ਵਿਚ, ਪਤਾਲ ਲੋਕ ਵਿਚ ਜਾਂ ਸਵਰਗ ਲੋਕ ਵਿਚ ਵੇਖੀਏ, ਓਥੇ, ਭਾਵ, ਹਰ ਥਾਵੇਂ ਵਾਹਿਗੁਰੂ ਦ੍ਰਿਸ਼ਟਮਾਨ ਹੁੰਦਾ ਹੈ। 'ਨਾਨਕ'! ਗੋਬਿੰਦ ਸਾਰੀ ਪ੍ਰਕਿਰਤੀ ਵਿਚ ਰਮਿਆ ਹੋਇਆ ਵੀ ਹੈ, ਪਰ ਉਹ ਮਾਇਆ ਦੀ ਲਾਗ-ਲਪੇਟ ਵਿਚ ਲਿਪਾਇਮਾਨ ਨਹੀਂ ਹੁੰਦਾ; ਭਾਵ, ਉਸ ਦੇ ਪ੍ਰਭਾਵ ਤੋਂ ਨਿਰਲੇਪ ਹੈ। (ਏਸੇ ਤਰ੍ਹਾਂ ਜੋ ਮਨੁੱਖ ਕੁਦਰਤ ਵਿਚ ਕਾਦਰ ਦੀ ਹੋਂਦ ਅਨੁਭਵ ਕਰਦਾ ਹੈ, ਉਹ ਮਾਇਆ ਦੇ ਪ੍ਰਭਾਵ ਤੋਂ ਅਛੋਹ ਰਹਿੰਦਾ ਹੈ)।੩੬।

***ਸਾਰੰਸ਼ :*** ਸਾਰੀ ਪ੍ਰਕਿਰਤੀ ਵਿਚ ਰਮਿਆ ਹੋਣ ਦੇ ਬਾਵਜੂਦ ਪ੍ਰਭੂ ਆਪ ਸਭ ਕਾਸੇ ਤੋਂ ਅਲੇਪ ਹੈ। ਕੁਦਰਤ ਵਿੱਚੋਂ ਕਾਦਰ ਦੀ ਹੋਂਦ ਅਨੁਭਵ ਕਰਨ ਵਾਲਾ ਪ੍ਰਾਣੀ ਵੀ ਮਾਇਆ ਦੇ ਪ੍ਰਭਾਵ ਤੋਂ ਨਿਰਲੇਪ ਰਹਿੰਦਾ ਹੈ। ਜਿਵੇਂ :

**ਜਿਉ ਜਲ ਅੰਦਰਿ ਕਮਲ ਹੈ ਮਾਇਆ ਵਿਚਿ ਉਦਾਸੁ ਰਹਾਇਆ॥**

*(ਭਾਈ ਗੁਰਦਾਸ ਜੀ, ਵਾਰ ੫, ਪਉੜੀ ੧੩)*

**ਬਿਖਯਾ ਭਯੰਤਿ ਅੰਮ੍ਰਿਤੰ**
**ਦ੍ਰੁਸਟਾਂ ਸਖਾ ਸ੍ਵਜਨਹ॥**
**ਦੁਖੰ ਭਯੰਤਿ ਸੁਖ੍ਯੰ**
**ਭੈ ਭੀਤੰ ਤ ਨਿਰਭਯਹ॥**
**ਥਾਨ ਬਿਹੂਨ ਬਿਸ੍ਰਾਮ ਨਾਮੰ**
**ਨਾਨਕ ਕ੍ਰਿਪਾਲ ਹਰਿ ਹਰਿ ਗੁਰਹ॥੩੭॥** *(ਪੰਨਾ ੧੩੫੭)*

***ਉਚਾਰਣ-ਬੋਧ :*** ਬਿਖਯਾ—ਬਿਖਿਆ। ਭਯੰਤਿ—ਭਇਅੰਤ ਬੋਲੋ ਜੀ। ਸ੍ਵਜਨਹ—ਸੁਅੱਜਨਹ। ਸੁਖ੍ਯੰ—ਸੁਖਿਅੰ। ਨਿਰਭਯਹ—ਨਿਰਭਇਅਹ ਬੋਲਣਾ ਹੈ ਜੀ। ਅੰਮ੍ਰਿਤੰ—'ਿ' ਉਚਾਰਣ ਪੈਰ-ਅੱਖਰ '੍ਰ' ਨਾਲ ਮਿਲਵਾਂ। ਦ੍ਰੁਸਟਾਂ—ਔਂਕੜ ਦਾ ਉਚਾਰਣ ਪੈਰ-ਅੱਖਰ '੍ਰ' ਨਾਲ ਮਿਲਵਾਂ; 'ਦ' ਔਂਕੜ ਉਚਾਰਣ ਨਹੀਂ ਕਰਨਾ।

***ਪਦ ਅਰਥ :*** ਬਿਖਯਾ—ਬਿਖ, ਜ਼ਹਿਰ। ਭਯੰਤਿ—ਹੋ ਜਾਂਦਾ ਹੈ। ਦ੍ਰੁਸਟਾਂ—ਦੁਸ਼ਟ-ਆਤਮਾ, ਪਾਪ-ਆਤਮਾ। ਸ੍ਵਜਨਹ—ਭਲੇ ਪੁਰਸ਼, ਹਿਤੈਸ਼ੀ। ਭੈ ਭੀਤੰ—

ਭੈ-ਭੀਤ ਹੋਏ ਹੋਏ, ਡਰੇ ਹੋਏ। ਨਿਰਭਯਹ—ਡਰ ਰਹਿਤ, ਬੇਖ਼ੌਫ਼। ਥਾਨ ਬਿਹੂਨ—ਟਿਕਾਣੇ ਤੋਂ ਰਹਿਤ, ਨਿਥਾਵੇਂ। ਬਿਸ੍ਰਾਮ—ਟਿਕਾਣੇ।੩੭।

ਅਖ਼ੀਰਲੀ ਤੁਕ ਤੋਂ ਅਰਥ ਚੁੱਕਿਆ ਗਿਆ ਹੈ:

***ਅਰਥ :*** 'ਨਾਨਕ'! ਵਾਹਿਗੁਰੂ-ਸਰੂਪ ਸਤਿਗੁਰੂ ਜੀ ਜਦੋਂ ਕਿਰਪਾਲੂ ਹੋ ਜਾਣ ਤਾਂ ਜ਼ਹਿਰ ਅੰਮ੍ਰਿਤ ਬਣ ਜਾਂਦਾ ਹੈ; ਦੁਸ਼ਟ-ਬੁੱਧੀ ਵਾਲੇ, ਭਾਵ, ਮੰਦਾ ਚਿਤਵਣ ਵਾਲੇ ਬੰਦੇ ਮਿੱਤਰ ਤੇ ਹਿਤੈਸ਼ੀ ਹੋ ਨਿਬੜਦੇ ਹਨ; 'ਦੁੱਖ' ਸੁੱਖਾਂ ਵਿਚ ਵੱਟ ਜਾਂਦੇ ਹਨ; ਭੈ-ਭੀਤ ਹੋਏ ਹੋਏ ਪੁਰਸ਼ ਬੇਖ਼ੌਫ਼ ਹੋ ਜਾਂਦੇ ਹਨ ਅਤੇ ਨਿਥਾਵਿਆਂ ਦੀ ਨਾਮ ਵਿਚ ਇਸਥਿਤੀ ਹੋ ਜਾਂਦੀ ਹੈ।੩੭।

***ਸਾਰੰਸ਼ :*** ਹਰੀ ਰੂਪ ਸਤਿਗੁਰੂ ਜਦੋਂ ਕਿਰਪਾਲੂ ਹੋ ਜਾਣ ਤਾਂ ਨਾਮ ਵਿਚ ਲੀਨਤਾ ਅਤੇ ਸਥਿਰਤਾ ਹੋ ਜਾਂਦੀ ਹੈ ਤੇ ਸਭ ਮੁਸ਼ਕਲਾਂ ਆਸਾਨ ਹੋ ਜਾਂਦੀਆਂ ਹਨ। ਜਿਵੇਂ:

**ਕਚਹੁ ਕੰਚਨੁ ਭਇਅਉ, ਸਬਦੁ ਗੁਰ ਸ੍ਰਵਣਹਿ ਸੁਣਿਓ ॥**
**ਬਿਖੁ ਤੇ ਅੰਮ੍ਰਿਤੁ ਹੁਯਉ, ਨਾਮੁ ਸਤਿਗੁਰ ਮੁਖਿ ਭਣਿਅਉ ॥**
**ਲੋਹਉ ਹੋਯਉ ਲਾਲੁ, ਨਦਰਿ ਸਤਿਗੁਰੁ ਜਦਿ ਧਾਰੈ ॥**
**ਪਾਹਣ ਮਾਣਕ ਕਰੈ, ਗਿਆਨੁ ਗੁਰ ਕਹਿਅਉ ਬੀਚਾਰੈ ॥**
**ਕਾਠਹੁ ਸ੍ਰੀਖੰਡ ਸਤਿਗੁਰਿ ਕੀਅਉ, ਦੁਖ ਦਰਿਦ੍ਰ ਤਿਨ ਕੇ ਗਇਅ ॥**
**ਸਤਿਗੁਰੂ ਚਰਨ ਜਿਨ੍ ਪਰਸਿਆ, ਸੇ ਪਸੁ ਪਰੇਤ ਸੁਰਿ ਨਰ ਭਇਅ ॥੨॥੬॥**

*(ਸਵਈਏ ਮਹਲੇ ਚਉਥੇ ਕੇ, ਪੰਨਾ ੧੩੯੯)*

[ਗਇਅ—ਉਚਾਰਣ: ਗਏ। ਭਇਅ—ਉਚਾਰਣ: ਭਏ।]

**ਸਰਬ ਸੀਲ ਮਮੰ ਸੀਲੰ**
**ਸਰਬ ਪਾਵਨ ਮਮ ਪਾਵਨਹ ॥**
**ਸਰਬ ਕਰਤਬ ਮਮੰ ਕਰਤਾ**
**ਨਾਨਕ ਲੇਪ ਛੇਪ ਨ ਲਿਪ੍ਰਤੇ ॥੩੮॥** *(ਪੰਨਾ ੧੩੫੭)*

***ਉਚਾਰਣ-ਬੋਧ :*** ਲਿਪ੍ਰਤੇ—ਲਿਪਿਅਤੇ।

***ਪਦ ਅਰਥ :*** ਸਰਬ—ਸਾਰੀ। ਸੀਲ—ਸਹਿਨਸ਼ੀਲਤਾ। ਮਮੰ—ਮੇਰੀ। ਪਾਵਨ—ਪਵਿੱਤਰਤਾ। ਕਰਤਬ—ਕਰਨ-ਜੋਗ, ਕਰਨਹਾਰ। ਲੇਪ ਛੇਪ—ਲਾਗ-ਲਪੇਟ, ਦਾਗ (ਮਾਇਆ ਦਾ ਪ੍ਰਭਾਵ)। ਨ ਲਿਪ੍ਰਤੇ—ਲਿਪਾਇਮਾਨ ਨਹੀਂ ਹੁੰਦਾ।੩੮।

***ਅਰਥ :*** ਜੋ ਪ੍ਰਭੂ ਸਾਰਿਆਂ ਨੂੰ ਸਹਿਨਸ਼ੀਲਤਾ ਬਖ਼ਸ਼ਣ ਵਾਲਾ ਹੈ, ਓਹੀ ਮੈਨੂੰ ਸਹਿਨਸ਼ੀਲਤਾ ਬਖ਼ਸ਼ਦਾ ਹੈ; ਜੋ ਪ੍ਰਭੂ ਸਾਰਿਆਂ ਨੂੰ ਪਵਿੱਤਰਤਾ ਦੇਣ ਵਾਲਾ ਹੈ, ਓਹੀ ਮੈਨੂੰ ਪਵਿੱਤਰਤਾ ਦੇਂਦਾ ਹੈ; ਜੋ ਪ੍ਰਭੂ (ਸੰਸਾਰ ਦੇ) ਸਾਰਿਆਂ ਦਾ ਕਰਨਹਾਰ ਹੈ, ਓਹੀ ਮੇਰਾ ਕਰਤਾ ਹੈ। 'ਨਾਨਕ'! (ਸਭ ਵਿਚ ਵਰਤਦਿਆਂ ਹੋਇਆਂ ਵੀ) ਉਹ (ਵਾਹਿਗੁਰੂ) ਮਾਇਆ ਦੀ ਲਾਗ-ਲਪੇਟ ਵਿਚ ਲਿਪਾਇਮਾਨ ਨਹੀਂ ਹੁੰਦਾ।੩੮।

***ਸਾਰੰਸ਼ :*** ਪ੍ਰਭੂ ਸਭ ਜੀਵਾਂ ਦਾ ਅਤੇ ਉਹਨਾਂ ਦੇ ਸਰਬ ਕਾਰਜਾਂ ਦਾ ਕਰਨਹਾਰ ਹੁੰਦਾ ਹੋਇਆ ਵੀ, ਆਪ ਸਭ ਤੋਂ ਨਿਰਲੇਪ ਹੈ। ਪ੍ਰਭੂ ਨੂੰ ਮਨ-ਬਚ-ਕਰਮ ਕਰਕੇ ਕਰਨਹਾਰ ਮੰਨਣ ਦਾ ਵਿਸ਼ਵਾਸ ਧਾਰਨ ਕਰਨ ਵਾਲਾ ਜਗਿਆਸੂ ਹਉਮੈ ਦੀ ਲੇਸ ਤੋਂ ਨਿਰਲੇਪ ਰਹਿੰਦਾ ਹੈ।

**ਨਹ ਸੀਤਲੰ ਚੰਦ੍ਰ ਦੇਵਹ**
**ਨਹ ਸੀਤਲੰ ਬਾਵਨ ਚੰਦਨਹ ॥**
**ਨਹ ਸੀਤਲੰ ਸੀਤ ਰੁਤੇਣ**
**ਨਾਨਕ ਸੀਤਲੰ ਸਾਧ ਸ੍ਵਜਨਹ ॥੩੯॥** *(ਪੰਨਾ ੧੩੫੭)*

***ਉਚਾਰਣ-ਬੋਧ :*** ਸ੍ਵਜਨਹ—ਸੁਅੱਜਨਹ।

***ਪਦ ਅਰਥ :*** ਸੀਤਲੰ—ਠੰਢਾ। ਚੰਦ੍ਰ—ਚੰਦਰਮਾ। ਦੇਵਹ—ਪ੍ਰਕਾਸ਼ ਕਰਨ ਵਾਲਾ। ਬਾਵਨ ਚੰਦਨਹ—ਚਿੱਟਾ ਚੰਦਨ ਜੋ ਕਮਾਲ ਦੀ ਸੁਗੰਧੀ ਵਾਲਾ ਹੁੰਦਾ ਹੈ। ਸੀਤ ਰੁਤੇਣ—ਸਰਦੀਆਂ ਦੀ ਰੁੱਤ। ਸ੍ਵਜਨਹ—ਚੰਗੇ ਪੁਰਸ਼।੩੯।

***ਅਰਥ :*** (ਚੰਦਰਮਾ, ਚੰਦਨ ਅਤੇ ਸਰਦ ਰੁੱਤ ਸੀਤਲ ਗਿਣੇ ਜਾਂਦੇ ਹਨ, ਪਰ ਮਨ ਨੂੰ ਸ਼ਾਂਤ ਕਰਨ ਲਈ) ਨਾ ਚੰਦਰ ਦੇਵ ਸੀਤਲ ਹੈ, ਨਾ ਬਾਵਨ ਚੰਦਨ ਸੀਤਲ ਹੈ ਅਤੇ ਨਾ ਹੀ ਸੀਤਲ ਹੈ ਸਰਦ ਰੁੱਤ। 'ਨਾਨਕ'! (ਮਨ ਦੀ ਤ੍ਰਿਸ਼ਨਾ-ਅਗਨੀ ਸ਼ਾਂਤ ਕਰਨ ਲਈ) ਭਲੇ ਪੁਰਸ਼ ਹੀ ਸੀਤਲ ਹੁੰਦੇ ਹਨ, ਜਿਨ੍ਹਾਂ ਨੇ ਮਨ ਨੂੰ ਸਾਧਿਆ ਹੁੰਦਾ ਹੈ (ਉਹਨਾਂ ਦੀ ਸੰਗਤ ਦੁਆਰਾ ਹੀ ਮਨ ਨੂੰ ਸੀਤਲਤਾ ਮਿਲ ਸਕਦੀ ਹੈ)।੩੯।

***ਸਾਰੰਸ਼ :*** ਨਾਮ ਜਪਣ ਨਾਲ ਅਤੇ ਨਾਮ ਜਪਣ ਵਾਲੇ ਸਤ-ਪੁਰਸ਼ਾਂ ਦੀ ਸੰਗਤ ਵਿਚ ਮਨ ਨੂੰ ਜੋ ਸੀਤਲਤਾ ਅਥਵਾ ਸ਼ਾਂਤੀ ਮਿਲ ਸਕਦੀ ਹੈ, ਉਹ ਹੋਰ ਕਿਸੇ ਵੀ ਠੰਢੀ ਤੋਂ ਠੰਢੀ ਵਸਤੂ, ਰੁੱਤ ਜਾਂ ਥਾਂ ਤੋਂ ਨਹੀਂ ਮਿਲ ਸਕਦੀ। ਗੁਰਵਾਕ :

ਚੰਦਨ ਚੰਦੁ ਨ ਸਰਦ ਰੁਤਿ ਮੂਲਿ ਨ ਮਿਟਈ ਘਾਂਮ ॥
ਸੀਤਲੁ ਥੀਵੈ ਨਾਨਕਾ ਜਪੰਦੜੋ ਹਰਿ ਨਾਮੁ ॥੨॥੧੭॥

*(ਜੈਤਸਰੀ ਕੀ ਵਾਰ ਮ: ੫, ਪੰਨਾ ੭੦੯)*

**ਮੰਤ੍ਰੰ ਰਾਮ ਰਾਮ ਨਾਮੰ**
**ਧ੍ਯ੍ਯਾਨੰ ਸਰਬਤ੍ਰ ਪੂਰਨਹ ॥**
**ਗ੍ਯ੍ਯਾਨੰ ਸਮ ਦੁਖ ਸੁਖੰ**
**ਜੁਗਤਿ ਨਿਰਮਲ ਨਿਰਵੈਰਣਹ ॥**
**ਦਯਾਲੰ ਸਰਬਤ੍ਰ ਜੀਆ**
**ਪੰਚ ਦੋਖ ਬਿਵਰਜਿਤਹ ॥**
**ਭੋਜਨੰ ਗੋਪਾਲ ਕੀਰਤਨੰ**
**ਅਲਪ ਮਾਯਾ ਜਲ ਕਮਲ ਰਹਤਹ ॥**
**ਉਪਦੇਸੰ ਸਮ ਮਿਤ੍ਰ ਸਤ੍ਰਹ**
**ਭਗਵੰਤ ਭਗਤਿ ਭਾਵਨੀ ॥**
**ਪਰ ਨਿੰਦਾ ਨਹ ਸ੍ਰੋਤਿ ਸ੍ਰਵਣੰ**
**ਆਪੁ ਤ੍ਯ੍ਯਾਗਿ ਸਗਲ ਰੇਣੁਕਹ ॥**
**ਖਟ ਲਖ੍ਯ੍ਯਣ ਪੂਰਨੰ ਪੁਰਖਹ**
**ਨਾਨਕ ਨਾਮ ਸਾਧ ਸ੍ਵਜਨਹ ॥੪੦॥** *(ਪੰਨਾ ੧੩੫੭)*

***ਉਚਾਰਣ-ਬੋਧ :*** ਮੰਤ੍ਰੰ—ਅੰਤਲੇ ਸੁਰ ਦਾ ਉਚਾਰਣ ਪੈਰ-ਅੱਖਰ '੍ਰ' ਨਾਲ ਮਿਲਵਾਂ। ਧ੍ਯ੍ਯਾਨੰ—ਧਿਆਨੰ। ਗ੍ਯ੍ਯਾਨੰ—ਗਿਆਨੰ। ਦਯਾਲੰ—ਦਇਆਲੰ। ਮਾਯਾ—ਮਾਇਆ। ਤ੍ਯ੍ਯਾਗਿ—ਤਿਆਗਿ। ਲਖ੍ਯ੍ਯਣ—ਲੱਖਿਅਣ। ਸ੍ਵਜਨਹ—ਸੁਅੱਜਨਹ। ਪੂਰਨਹ, ਨਿਰਵੈਰਣਹ, ਬਿਵਰਜਿਤਹ, ਰਹਤਹ, ਸਤ੍ਰਹ, ਨਹ, ਰੇਣੁਕਹ, ਪੁਰਖਹ, ਸ੍ਵਜਨਹ ਇਨ੍ਹਾਂ ਸ਼ਬਦਾਂ ਵਿਚ 'ਹ' ਮੁਕਤਾ ਰੂਪ ਹੈ। ਸੋ ਇਸਦਾ ਉਚਾਰਣ ਇਸ ਦੀ ਮੁਕਤਾ ਧਨੀ ਵਿਚ ਹੀ ਕੀਤਾ ਜਾਣਾ ਉਚਿਤ ਹੈ। 'ਹ' ਦਾ ਉਚਾਰਣ 'ਹਿ' ਵਾਂਗ ਕਰਨਾ ਠੀਕ ਨਹੀਂ। ਰੇਣੁਕਹ—'ਣ' ਔਂਕੜ ਨੂੰ ਉਚਾਰਣ ਦਾ ਹਿੱਸਾ ਬਨਾਣਾ ਹੈ; ਔਂਕੜ ਛੱਡਣਾ ਨਹੀਂ।

***ਪਦ ਅਰਥ :*** ਧ੍ਯ੍ਯਾਨੰ—ਧਿਆਨ। ਸਰਬਤ੍ਰ ਪੂਰਨਹ—ਸਭਨਾਂ ਵਿਚ ਵਿਆਪਕ

ਹੋ ਰਹੇ ਪ੍ਰਭੂ ਵਿਚ। ਗ੍ਯਾਨੰ—ਗਿਆਨੰ ਗਿਆਨ ਹੋਣਾ, ਜਾਨਣਾ। ਸਮ—ਬਰਾਬਰ, ਸਮਾਨ। ਜੁਗਤਿ—ਜੀਵਨ-ਜੁਗਤਿ। ਨਿਰਵੈਰਣਹ—ਨਿਰਵੈਰ ਹੋਣਾ। ਦਯਾਲੰ—ਦਿਆਲ ਹੋਣਾ। ਪੰਚ ਦੋਖ—ਪੰਜ ਕਾਮਾਦਿਕ ਦੋਖੀ। ਬਿਵਰਜਿਤਹ—ਰੋਕੀ ਰੱਖਦੇ ਹਨ। ਅਲਪ ਮਾਯਾ—ਮਾਇਆ ਤੋਂ ਅਲੇਪ। ਜਲ ਕਮਲ ਰਹਤਹ—ਜਿਵੇਂ ਜਲ ਵਿਚ ਕਮਲ ਨਿਰਲੇਪ ਰਹਿੰਦਾ ਹੈ। ਸਤ੍ਰਹ—ਸ਼ੱਤਰੂ, ਵੈਰੀ। ਭਾਵਨੀ—ਭੈ-ਭਾਵਨੀ, ਸ਼ਰਧਾ। ਨਹ ਸ੍ਰੋਤਿ—ਨਹੀਂ ਸੁਣਦੇ। ਸ੍ਰਵਣੰ—ਕੰਨ। ਤ੍ਯਿਾਗਿ—ਤਿਆਗ ਕੇ। ਸਗਲ ਰੇਣੁਕਹ—ਸਾਰਿਆਂ ਦੀ ਚਰਨ-ਧੂੜ। ਖਟ—ਛੇ। ਲਖ੍ਯਣ—ਲੱਛਣ, ਚਿੰਨ੍ਹ। ਪੂਰਨੰ ਪੁਰਖਹ—ਪੁੱਗੇ ਹੋਏ ਬੰਦੇ। ਸ੍ਵਜਨਹ—ਸ੍ਰੇਸ਼ਟ ਪੁਰਸ਼।੪੦।

ਇਸ ਸਲੋਕ ਵਿਚ ਗੁਰਮੁਖਾਂ ਅਥਵਾ ਪੂਰਨ ਪੁਰਸ਼ਾਂ ਦੇ ਲੱਛਣ ਵਰਣਨ ਕੀਤੇ ਹੋਏ ਹਨ:

***ਅਰਥ :*** (ਰਸਨਾ ਤੋਂ) ਸਦਾ ਰਮਤ ਰਾਮ ਦੇ ਨਾਮ ਦਾ ਮੰਤਰ ਉਚਾਰਦੇ ਰਹਿਣਾ, (ਨਿਰੰਤਰ) ਸਰਬ-ਵਿਆਪਕ ਪ੍ਰਭੂ ਦਾ ਧਿਆਨ ਧਾਰੀ ਰੱਖਣਾ (੧)। ਦੁੱਖ ਸੁੱਖ ਨੂੰ ਇਕ ਬਰਾਬਰ ਜਾਨਣਾ ਅਤੇ ਨਿਰਮਲ ਤੇ ਨਿਰਵੈਰ ਜੀਵਨ-ਜੁਗਤੀ ਧਾਰਨ ਕਰਨੀ (੨)। ਸਾਰੇ ਜੀਆਂ ਪ੍ਰਤੀ ਦਇਆਵਾਨ ਹੋਏ ਰਹਿਣਾ ਅਤੇ ਕਾਮਾਦਿਕ ਪੰਜਾਂ ਵਿਕਾਰਾਂ ਤੋਂ ਮਨ ਨੂੰ ਰੋਕੀ ਰੱਖਣਾ (੩)। ਗੋਪਾਲ ਪ੍ਰਭੂ ਦੇ ਕੀਰਤਨ ਨੂੰ ਭੋਜਨ ਬਣਾਉਣਾ ਅਤੇ ਮਾਇਆ ਵਿਚ ਨਿਰਲੇਪ ਰਹਿਣਾ, ਜਿਵੇਂ ਜਲ ਵਿਚ ਕਮਲ ਅਲਿਪਤ ਰਹਿੰਦਾ ਹੈ (੪)। ਮਿੱਤਰਾਂ ਤੇ ਦੁਸ਼ਮਣਾਂ ਨੂੰ ਇਕ-ਸਮਾਨ ਜਾਨਣਾ ਅਤੇ ਸਭ ਨੂੰ ਭਗਵੰਤ (ਪਰਮਾਤਮਾ) ਦੀ ਭਗਤੀ ਵਿਚ ਭਾਵਨੀ ਸਹਿਤ ਜੁਟੇ ਰਹਿਣ ਦਾ ਅਧਿਆਤਮਕ ਉਪਦੇਸ਼ ਦੇਣਾ (੫)। ਕੰਨਾਂ ਨਾਲ ਪਰਾਈ ਨਿੰਦਾ ਨਾ ਸੁਣਨੀ ਅਤੇ ਆਪਾ-ਭਾਵ ਛੱਡ ਕੇ ਸਭ ਦੀ ਚਰਨ-ਧੂੜ ਹੋਏ ਰਹਿਣਾ (੬)। 'ਨਾਨਕ'! ਪੂਰਨ ਪੁਰਖਾਂ ਦੇ ਇਹ ਛੇ ਲੱਛਣ ਹਨ ਤੇ ਇਨ੍ਹਾਂ ਦੇ ਧਾਰਨ ਕਰਨ ਵਾਲਿਆਂ ਦਾ ਨਾਂ ਹੀ ਸਾਧੂ ਸਤ-ਪੁਰਸ਼ ਹੈ।੪੦।

***ਸਾਰੰਸ਼ :*** ਪ੍ਰਭੂ ਨੂੰ ਵਿਆਪਕ ਜਾਨਣਾ, ਸੁਆਸ ਸੁਆਸ ਸਿਮਰਨ ਕਰਨਾ, ਦੁੱਖਾਂ ਸੁੱਖਾਂ ਨੂੰ ਸਮਾਨ ਜਾਨਣਾ, ਨਿਰਵੈਰ ਰਹਿਣਾ, ਨਿਰਮਲ ਜੀਵਨ-ਜੁਗਤਿ ਧਾਰਨ ਕਰਨੀ, ਦਇਆ ਧਾਰਨੀ, ਕਾਮਾਦਿਕ ਪੰਜਾਂ ਵਿਕਾਰਾਂ ਨੂੰ ਕਾਬੂ ਵਿਚ ਰੱਖਣਾ, ਕੀਰਤਨ ਨੂੰ ਜੀਵਨ-ਆਧਾਰ ਬਣਾਉਣਾ, ਮਿੱਤਰਾਂ-ਸ਼ੱਤਰੂਆਂ ਨੂੰ ਸਮਾਨ ਜਾਣ ਕੇ ਸਭ ਦਾ ਭਲਾ ਲੋੜਨਾ, ਪਰਾਈ ਨਿੰਦਾ ਤੋਂ ਬਚਣਾ, ਆਪਾ-ਭਾਵ ਤਿਆਗ ਕੇ ਸਭ ਦੀ ਚਰਨ-ਧੂੜ ਬਣੇ ਰਹਿਣਾ; ਇਹ ਨਿਸ਼ਾਨੀਆਂ ਹਨ ਸਤ-ਪੁਰਸ਼ਾਂ ਦੀਆਂ।

**ਅਜਾ ਭੋਗੰਤ ਕੰਦ ਮੂਲੰ**
**ਬਸੰਤੇ ਸਮੀਪਿ ਕੇਹਰਹ ॥**
**ਤਤ੍ਰਗਤੇ ਸੰਸਾਰਹ ਨਾਨਕ**
**ਸੋਗ ਹਰਖੰ ਬਿਆਪਤੇ ॥੪੧॥** *(ਪੰਨਾ ੧੩੫੭)*

***ਪਦ ਅਰਥ :*** ਅਜਾ—ਬੱਕਰੀ। ਭੋਗੰਤ—ਭੋਗਦੀ ਹੈ, ਖਾਂਦੀ ਹੈ। ਕੰਦ ਮੂਲੰ—ਘਾਹ ਬੂਟ। ਬਸੰਤੇ—ਵੱਸਦੀ ਹੈ। ਸਮੀਪਿ—ਨੇੜੇ। ਕੇਹਰਹ—ਸ਼ੇਰ ਦੇ। ਤਤ੍ਰਗਤੇ—ਓਵੇਂ ਹੀ, ਓਸੇ ਤਰ੍ਹਾਂ। ਸੋਗ ਹਰਖੰ—ਦੁੱਖ ਸੁੱਖ। ਬਿਆਪਤੇ—ਫਸੇ ਹੋਏ।੪੧।

***ਅਰਥ :*** ਬੱਕਰੀ (ਮਨ-ਭਾਉਂਦਾ) ਘਾਹ ਬੂਟ ਖਾਂਦੀ ਹੋਵੇ, ਪਰ ਵੱਸਦੀ ਹੋਵੇ ਸ਼ੇਰ ਦੇ ਨੇੜੇ (ਤਾਂ ਸ਼ੇਰ ਦੇ ਡਰ ਕਰਕੇ ਉਸ ਦਾ ਖ਼ੂਨ ਖ਼ੁਸ਼ਕ ਹੋਇਆ ਰਹਿੰਦਾ ਹੈ)। 'ਨਾਨਕ'! ਇਹੋ ਹਾਲ ਸੰਸਾਰੀ ਜੀਵਾਂ ਦਾ ਹੈ, ਜਿਹੜੇ ਹਰਖ ਸੋਗ ਦੇ (ਦੋ ਪੁੜਾਂ) ਵਿਚ ਫਸੇ (ਪਿੱਸਦੇ) ਰਹਿੰਦੇ ਹਨ।੪੧।

***ਸਾਰੰਸ਼ :*** ਹਰ ਸੁੱਖ ਦੀ ਬੁਕਲ ਵਿੱਚੋਂ ਦੁੱਖ ਨਿਕਲਦਾ ਹੈ। ਦੁੱਖ ਦਾ ਸਹਿਮ ਮਨੁੱਖ ਨੂੰ ਸਦਾ ਬਨਿਆ ਰਹਿੰਦਾ ਹੈ, ਜੋ ਉਸ ਦੇ ਜੀਵਨ ਨੂੰ ਬੇਸੁਆਦਾ ਕਰੀ ਰੱਖਦਾ ਹੈ। ਗੁਰਵਾਕ :

**ਹਰਖ ਸੋਗ ਕਾ ਦੇਹ ਕਰਿ ਬਾਧਿਓ ॥**
**ਦੀਰਘ ਰੋਗੁ ਮਾਇਆ ਆਸਾਧਿਓ ॥੧੩॥**
*(ਥਿਤੀ ਗਉੜੀ ਮ: ੫, ਪੰਨਾ ੨੯੯)*

**ਛਲੰ ਛਿਦ੍ਰੰ ਕੋਟਿ ਬਿਘਨੰ**
**ਅਪਰਾਧੰ ਕਿਲਬਿਖ ਮਲੰ ॥**
**ਭਰਮ ਮੋਹੰ ਮਾਨ ਅਪਮਾਨੰ**
**ਮਦੰ ਮਾਯਾ ਬਿਆਪਿਤੰ ॥**
**ਮ੍ਰਿਤ੍ਯੁ ਜਨਮ ਭ੍ਰਮੰਤਿ ਨਰਕਹ**
**ਅਨਿਕ ਉਪਾਵੰ ਨ ਸਿਧ੍ਯਤੇ ॥**
**ਨਿਰਮਲੰ ਸਾਧ ਸੰਗਹ**
**ਜਪੰਤਿ ਨਾਨਕ ਗੋਪਾਲ ਨਾਮੰ ॥**
**ਰਮੰਤਿ ਗੁਣ ਗੋਬਿੰਦ ਨਿਤ ਪ੍ਰਤਹ ॥੪੨॥** *(ਪੰਨਾ ੧੩੫੭)*

***ਉਚਾਰਣ-ਬੋਧ :*** ਮਾਯਾ—ਮਾਇਆ। ਮ੍ਰਿਤੁ—'ਿ' ਉਚਾਰਣ ਪੈਰ-ਅੱਖਰ '੍ਰ' ਨਾਲ ਮਿਲਵਾਂ—ਮਰਿਤਿਉ ਵਾਂਗ। ਸਿਧ੍ਰਤੇ—ਸਿਧਿਅਤੇ। ਬਿਆਪਿਤੰ—ਉਚਾਰਣ ਸਮੇਂ 'ਪ' ਸਿਹਾਰੀ ਛੱਡਣੀ ਨਹੀਂ; 'ਿ' ਨੂੰ ਉਚਾਰਣ ਦਾ ਹਿੱਸਾ ਬਨਾਣਾ ਹੈ ਜੀ। ਨਰਕਹ, ਸੰਗਹ, ਪ੍ਰਤਹ ਸ਼ਬਦਾਂ ਦਾ 'ਹ' ਮੁਕਤਾ ਹੈ; 'ਹਿ' ਉਚਾਰਣ ਠੀਕ ਨਹੀਂ।

***ਪਦ ਅਰਥ :*** ਛਲੰ—ਫ਼ਰੇਬ, ਧੋਖਾ। ਛਿਦ੍ਰੰ—ਐਬ, ਦੋਸ਼। ਕੋਟਿ—ਕਰੋੜਾਂ। ਬਿਘਨੰ—ਰੁਕਾਵਟਾਂ। ਅਪਰਾਧੰ—ਗੁਨਾਹ। ਕਿਲਬਿਖ—ਪਾਪ। ਮਲੰ—ਮੈਲ, ਮੈਲ ਨਾਲ ਮਲੀਨ ਹੋਇਆ। ਮਾਨ ਅਪਮਾਨੰ—ਆਦਰ ਤੇ ਨਿਰਾਦਰ। ਮਦੰ—ਨਸ਼ਾ। ਬਿਆਪਿਤੰ—ਵਿਆਪਿਆ ਹੋਵੇ। ਮ੍ਰਿਤੁ—ਮੌਤ। ਭ੍ਰਮੰਤਿ—ਭਰਮਦਾ ਹੈ। ਨਰਕਹ—ਨਰਕਾਂ ਵਿਚ। ਅਨਿਕ ਉਪਾਵੰ—ਕਈ ਤਰ੍ਹਾਂ ਦੇ ਸਾਧਨ। ਨ ਸਿਧ੍ਰਤੇ—ਰਾਸ ਨਹੀਂ ਆਉਂਦੇ। ਜਪੰਤਿ—ਜਪਣ ਕਰਕੇ। ਰਮੰਤਿ—ਰਮਣ ਕਰਕੇ, ਸਿਮਰਨ ਕਰਨ ਨਾਲ। ਨਿਤ ਪ੍ਰਤਹ—ਹਰ ਰੋਜ਼, ਸਦਾ ਹੀ।੪੨।

***ਅਰਥ :*** (ਜਿਹੜਾ ਮਨੁੱਖ ਜੀਵਨ ਵਿਚ ਮਾਇਆ ਦੇ) ਛਲ-ਛਿਦਰ ਕਾਰਨ ਕਰੋੜਾਂ ਵਿਘਨਾਂ ਵਿਚ ਘਿਰਿਆ ਹੋਵੇ; ਪਾਪਾਂ ਤੇ ਅਪਰਾਧਾਂ ਦੀ ਮੈਲ ਨਾਲ ਮਲੀਨ ਹੋਇਆ ਪਿਆ ਹੋਵੇ; ਮਾਇਆ ਦੇ ਨਸ਼ੇ ਕਾਰਨ ਮਾਨ, ਅਪਮਾਨ, ਭਰਮ ਤੇ ਮੋਹ ਵਿਚ ਫਸਿਆ ਪਿਆ ਹੋਵੇ; ਜਨਮ ਮਰਨ ਦੇ ਗੇੜ ਵਿਚ ਪਿਆ ਗਰਭ-ਜੋਨ ਦਾ ਨਰਕ ਭੋਗਦਾ ਹੋਵੇ; (ਉਸ ਦੇ ਬਚਾਅ ਲਈ) ਅਨੇਕ ਉਪਾਅ ਕੀਤਿਆਂ ਵੀ ਸਫਲਤਾ ਨਹੀਂ ਹੁੰਦੀ।

'ਨਾਨਕ'! ਸਾਧ ਸੰਗਤ ਵਿਚ ਮਿਲ ਕੇ ਨਿਤਾਪ੍ਰਤਿ ਵਾਹਿਗੁਰੂ ਦੇ ਗੁਣ ਗਾਉਂਦਿਆਂ, ਗੋਪਾਲ ਪ੍ਰਭੂ ਦਾ ਨਾਮ ਜਪਦਿਆਂ ਉਹ (ਪਾਪੀ ਅਪਰਾਧੀ ਮਨੁੱਖ ਵੀ) ਨਿਰਮਲ ਹੋ ਜਾਂਦਾ ਹੈ।੪੨।

***ਸਾਰੰਸ਼ :*** ਪਾਪਾਂ ਵਿਚ ਗ੍ਰਸੇ ਤੇ ਇਸ ਦੇ ਫਲਸਰੂਪ ਜਨਮ ਮਰਨ ਦੇ ਗੇੜੇ ਕੱਟਦੇ ਅਤੇ ਨਰਕ ਭੋਗਦੇ ਪ੍ਰਾਣੀ ਦੇ ਛੁਟਕਾਰੇ ਦਾ, ਸਿਵਾਏ ਸੰਗਤ ਵਿਚ ਮਿਲ ਕੇ ਪ੍ਰਭੂ ਦੇ ਸਿਮਰਨ ਕਰਨ ਦੇ ਹੋਰ ਕੋਈ ਸਫਲ ਸਾਧਨ ਨਹੀਂ। ਗੁਰਵਾਕ :

**ਜਿਉ ਚੰਦਨ ਨਿਕਟਿ ਵਸੈ ਹਿਰਡੁ ਬਪੁੜਾ**
**ਤਿਉ ਸਤਸੰਗਤਿ ਮਿਲਿ ਪਤਿਤ ਪਰਵਾਣੁ ॥੩॥੪॥**

*(ਗੋਂਡ ਮਹਲਾ ੪, ਪੰਨਾ ੮੬੧)*

**ਤਰਣ ਸਰਣ ਸੁਆਮੀ**
**ਰਮਣ ਸੀਲ ਪਰਮੇਸੁਰਹ ॥**
**ਕਰਣ ਕਾਰਣ ਸਮਰਥਹ**
**ਦਾਨੁ ਦੇਤ ਪ੍ਰਭੁ ਪੂਰਨਹ ॥**
**ਨਿਰਾਸ ਆਸ ਕਰਣੰ**
**ਸਗਲ ਅਰਥ ਆਲਯਹ ॥**
**ਗੁਣ ਨਿਧਾਨ ਸਿਮਰੰਤਿ ਨਾਨਕ**
**ਸਗਲ ਜਾਚੰਤ ਜਾਚਿਕਹ ॥੪੩॥** *(ਪੰਨਾ ੧੩੫੭)*

***ਉਚਾਰਣ-ਬੋਧ :*** ਪਰਮੇਸੁਰਹ, ਸਮਰਥਹ, ਪੂਰਨਹ, ਆਲਯਹ, ਜਾਚਿਕਹ ਇਨ੍ਹਾਂ ਸ਼ਬਦਾਂ ਦਾ ਅੰਤਲਾ 'ਹ' ਮੁਕਤਾ ਹੈ, 'ਹਿ' ਉਚਾਰਣ ਨਹੀਂ ਕਰਨਾ। ਆਲਯਹ—ਆਲਿਅਹ ਬੋਲੋ ਜੀ।

***ਪਦ ਅਰਥ :*** ਤਰਣ—ਬੇੜੀ। ਰਮਣ ਸੀਲ—ਰਮਣ ਜੋਗ। ਕਰਣ ਕਾਰਣ—ਕਾਰਨਾਂ ਦਾ ਕਰਨਹਾਰ। ਸਮਰਥਹ—ਯੋਗ, ਲਾਇਕ। ਪੂਰਨਹ—ਪੂਰਾ, ਰੱਜਵਾਂ। ਨਿਰਾਸ—ਨਿਰਾਸਿਆਂ ਨੂੰ। ਆਸ ਕਰਣੰ—ਆਸਾਵੰਤ ਕਰਦਾ ਹੈ, ਆਸ ਬੰਨ੍ਹਾਉਂਦਾ ਹੈ। ਸਗਲ—ਸਾਰੇ। ਅਰਥ—ਪਦਾਰਥ। ਆਲਯਹ—ਘਰ, ਭਾਵ ਸੋਮਾ। ਗੁਣ ਨਿਧਾਨ—ਗੁਣਾਂ ਦਾ ਖ਼ਜ਼ਾਨਾ ਪ੍ਰਭੂ। ਸਿਮਰੰਤਿ—ਸਿਮਰਨਾ ਚਾਹੀਦਾ ਹੈ। ਜਾਚੰਤ—ਜਾਚਦੇ ਹਨ, ਮੰਗਦੇ ਹਨ। ਜਾਚਿਕਹ—ਮੰਗਤੇ।੪੩।

***ਅਰਥ :*** ਪਰਮੇਸ਼ਰ ਸੁਆਮੀ ਦੀ ਸ਼ਰਨ ਲੈਣੀ (ਭਵ-ਸਾਗਰ ਤੋਂ ਪਾਰ ਲੰਘਣ ਲਈ ਮਾਨੋ) ਬੇੜੀ ਹੈ ਅਤੇ ਪਰਮੇਸ਼ਰ ਹੀ ਰਵਣ-ਜੋਗ, ਭਾਵ, ਆਤਮਕ ਆਨੰਦ ਦੇਣ ਦੇ ਸਮਰੱਥ ਹੈ। ਕਰਨ ਕਾਰਨ ਸਮਰੱਥ ਪ੍ਰਭੂ ਸਭ ਨੂੰ ਰੱਜਵਾਂ ਦਾਨ ਦੇਂਦਾ ਹੈ। ਨਿਰਾਸਿਆਂ ਨੂੰ ਆਸਾਵੰਤ ਕਰਨਹਾਰ ਹੈ ਅਤੇ ਸਗਲ ਪਦਾਰਥਾਂ ਦਾ ਸੋਮਾ ਹੈ।

'ਨਾਨਕ'! ਅਜਿਹੇ ਗੁਣਾਂ ਦੇ ਖ਼ਜ਼ਾਨੇ ਪ੍ਰਭੂ ਨੂੰ ਨਿਰੰਤਰ ਸਿਮਰਦੇ ਰਹਿਣਾ ਚਾਹੀਦਾ ਹੈ, (ਜਿਸ ਪਾਸੋਂ ਸਦੀਵਕਾਲ) ਸਾਰੇ ਜੀਵ ਮੰਗਤੇ ਹੋ ਕੇ ਦਾਤਾਂ ਮੰਗਦੇ (ਤੇ ਪ੍ਰਾਪਤ ਕਰਦੇ) ਹਨ।੪੩।

***ਸਾਰੰਸ਼ :*** ਪ੍ਰਭੂ ਸਰਬ ਕਲਾ ਸਮਰੱਥ ਤੇ ਸਰਬ ਮਨੋਰਥ ਪੂਰਨਹਾਰਾ ਹੈ। ਜੀਵ ਨੂੰ ਉਸ ਦਾ ਆਸਰਾ ਲੈ ਕੇ, ਉਸ ਦਾ ਨਾਮ ਸਿਮਰਦੇ ਰਹਿਣਾ ਚਾਹੀਦਾ ਹੈ।

ਦੁਰਗਮ ਸਥਾਨ ਸੁਗਮੰ
ਮਹਾ ਦੂਖ ਸਰਬ ਸੂਖਣਹ ॥
ਦੁਰਬਚਨ ਭੇਦ ਭਰਮੰ
ਸਾਕਤ ਪਿਸਨੰ ਤ ਸੁਰਜਨਹ ॥
ਅਸਥਿਤੰ ਸੋਗ ਹਰਖੰ
ਭੈ ਖੀਣੰ ਤ ਨਿਰਭਵਹ ॥
ਭੈ ਅਟਵੀਅੰ ਮਹਾ ਨਗਰ ਬਾਸੰ
ਧਰਮ ਲਖ੍ਹਣ ਪ੍ਰਭ ਮਇਆ ॥
ਸਾਧ ਸੰਗਮ ਰਾਮ ਰਾਮ ਰਮਣੰ
ਸਰਣਿ ਨਾਨਕ ਹਰਿ ਹਰਿ ਦਯਾਲ ਚਰਣੰ ॥੪੪॥

*(ਪੰਨਾ ੧੩੫੭-੫੮)*

***ਉਚਾਰਣ-ਬੋਧ :*** ਸੂਖਣਹ, ਸੁਰਜਨਹ, ਨਿਰਭਵਹ ਇਨ੍ਹਾਂ ਸ਼ਬਦਾਂ ਦਾ ਅੰਤਲਾ ਮੁਕਤਾ 'ਹ' ਦਾ ਉਚਾਰਣ 'ਹਿ' ਕਰਨਾ ਠੀਕ ਨਹੀਂ। ਲਖ੍ਹਣ—ਲੱਖਿਅਣ। ਦਯਾਲ—ਦਇਆਲ।

***ਪਦ ਅਰਥ :*** ਦੁਰਗਮ—ਜਿਥੇ ਪਹੁੰਚ ਔਖੀ ਹੋਵੇ, ਔਖੇ। ਸਥਾਨ—ਟਿਕਾਣੇ, ਥਾਵਾਂ। ਸੁਗਮੰ—ਜਿਥੇ ਪਹੁੰਚ ਸੌਖੀ ਹੋਵੇ, ਸੁਖਾਲੇ। ਦੁਰਬਚਨ—ਖੋਟੇ ਬਚਨ। ਭੇਦ ਭਰਮੰ—ਵਿੱਥਾਂ ਤੇ ਭਰਮ। ਸਾਕਤ—ਸ਼ਕਤੀ (ਮਾਇਆ) ਦੇ ਪੁਜਾਰੀ, ਭਾਵ ਰੱਬ ਤੋਂ ਟੁੱਟੇ ਹੋਏ ਵਿਅਕਤੀ। ਪਿਸਨੰ—ਚੁਗ਼ਲ। ਸੁਰਜਨਹ—ਦੈਵੀ ਪੁਰਸ਼, ਭਲੇ ਪੁਰਸ਼। ਅਸਥਿਤੰ—ਟਿਕਾਣਾ ਬਣਾ ਬੈਠਾ ਹੈ। ਸੋਗ—ਗ਼ਮੀ। ਹਰਖੰ—ਖ਼ੁਸ਼ੀ। ਭੈ ਖੀਣੰ—ਡਰ ਨਾਲ ਖੀਣ (ਭੁੱਗੇ) ਹੋਏ। ਨਿਰਭਵਹ—ਬੇਖ਼ੌਫ਼। ਭੈ ਅਟਵੀਅੰ—ਭੈ-ਦਾਇਕ ਜੰਗਲ। ਮਹਾ ਨਗਰ ਬਾਸੰ—ਸੰਘਣੀ ਵੱਸੋਂ ਵਾਲਾ ਨਗਰ। ਧਰਮ ਲਖ੍ਹਣ—ਧਰਮ ਦੇ ਲੱਛਣ। ਪ੍ਰਭ ਮਇਆ—ਪ੍ਰਭੂ ਦੀ ਕਿਰਪਾ ਨਾਲ। ਸਾਧ ਸੰਗਮ—ਸਤ ਸੰਗਤ ਵਿਚ। ਰਮਣੰ—ਸਿਮਰਨਾ। ਦਯਾਲ—ਦਿਆਲ ਪ੍ਰਭੂ ਦੇ। ਸਰਣਿ ਚਰਣੰ—ਚਰਨਾਂ ਦੀ ਸ਼ਰਨ।੪੪।

***ਅਰਥ :*** ਇਸ ਸਲੋਕ ਦੇ ਅਰਥ ਥੱਲਿਓਂ ਚੁੱਕੇ ਗਏ ਹਨ :

'ਨਾਨਕ' ਸਾਧ ਸੰਗਤ ਵਿਚ ਜੁੜ ਕੇ ਨਿਰੰਤਰ ਨਾਮ ਸਿਮਰਨ ਕਰਨਾ ਅਤੇ ਦਿਆਲੂ ਹਰੀ ਦੇ ਚਰਨਾਂ ਦੀ ਓਟ ਲੈਣੀ ਧਰਮ-ਲਖਣ ਹਨ, ਜੋ ਪ੍ਰਭੂ ਦੀ ਮਿਹਰ ਸਦਕਾ ਪ੍ਰਾਪਤ ਹੁੰਦੇ ਹਨ।

(ਧਰਮ-ਲਖਣ ਪ੍ਰਾਪਤ ਹੋਣ ਦੇ ਤੁਫ਼ੈਲ) ਬਿਖਮ ਸਥਾਨ ਸੁਖੈਨ ਹੋ ਜਾਂਦੇ ਹਨ, ਸਾਰੇ ਕਰੜੇ ਦੁੱਖ, ਸੁੱਖ ਹੋ ਨਿਬੜਦੇ ਹਨ। ਮੰਦੇ ਬਚਨਾਂ ਦੁਆਰਾ ਦਿਲਾਂ ਵਿਚ ਪਾੜੇ ਤੇ ਭਰਮ ਪੈਦਾ ਕਰਨ ਵਾਲੇ ਸਾਕਤ ਤੇ ਚੁਗ਼ਲ ਬੰਦੇ ਸੱਜਣ ਪੁਰਸ਼ ਬਣ ਜਾਂਦੇ ਹਨ। ਜੀਵਨ ਵਿਚ ਘਰ ਕਰੀ ਬੈਠਾ ਸੋਗ, ਖ਼ੁਸ਼ੀ ਵਿਚ ਬਦਲ ਜਾਂਦਾ ਹੈ ਤੇ ਡਰ ਵਿਚ ਭੁੱਗੇ ਹੋ ਚੁੱਕੇ ਵਿਅਕਤੀ ਨਿਡਰ ਹੋ ਜਾਂਦੇ ਹਨ। ਉਨ੍ਹਾਂ ਲਈ ਸੰਸਾਰ ਭਿਆਨਕ ਜੰਗਲ ਦੀ ਬਜਾਏ ਘੁੱਗ ਵੱਸਦੇ ਨਗਰ ਵਾਂਗ (ਸੁਹਾਵਣਾ ਤੇ ਸੁਖਦਾਇਕ) ਹੋ ਜਾਂਦਾ ਹੈ।੪੪।

***ਸਾਰੰਸ਼ :*** ਸੰਗਤ ਵਿਚ ਮਿਲ ਕੇ ਵਾਹਿਗੁਰੂ ਨਾਮ ਦਾ ਸਿਮਰਨ ਕੀਤਿਆਂ ਮਨੁੱਖ ਦਾ ਖੋਟਾ ਸੁਭਾਅ ਪਲਟ ਕੇ ਨੇਕ ਹੋ ਜਾਂਦਾ ਹੈ; ਪਰ ਇਹ ਪ੍ਰਾਪਤੀ ਵਾਹਿਗੁਰੂ ਦੀ ਕਿਰਪਾ ਨਾਲ ਹੀ ਹੁੰਦੀ ਹੈ। ਗੁਰਵਾਕ :

**ਸੰਗਤਿ ਕਾ ਗੁਨੁ ਬਹੁਤੁ ਅਧਿਕਾਈ ਪੜਿ ਸੂਆ ਗਨਕ ਉਧਾਰੇ ॥...੧॥...**
**ਸਤਸੰਗਤਿ ਮਿਲੈ ਤ ਦਿੜਤਾ ਆਵੈ ਹਰਿ ਰਾਮ ਨਾਮਿ ਨਿਸਤਾਰੇ ॥੩॥**

*(ਨਟ ਮਹਲਾ ੪, ਪੰਨਾ ੯੮੧)*

**ਹੇ ਅਜਿਤ ਸੂਰ ਸੰਗ੍ਰਾਮੰ**
**ਅਤਿ ਬਲਨਾ ਬਹੁ ਮਰਦਨਹ ॥**
**ਗਣ ਗੰਧਰਬ ਦੇਵ ਮਾਨੁਖ੍ੰ**
**ਪਸੁ ਪੰਖੀ ਬਿਮੋਹਨਹ ॥**
**ਹਰਿ ਕਰਣਹਾਰੰ ਨਮਸਕਾਰੰ**
**ਸਰਣਿ ਨਾਨਕ ਜਗਦੀਸ੍ਵਰਹ ॥੪੫॥** *(ਪੰਨਾ ੧੩੫੮)*

***ਉਚਾਰਣ-ਬੋਧ :*** ਮਰਦਨਹ, ਬਿਮੋਹਨਹ, ਜਗਦੀਸ੍ਵਰਹ ਇਨ੍ਹਾਂ ਸ਼ਬਦਾਂ ਦਾ ਅੰਤਲਾ 'ਹ' ਮੁਕਤਾ ਹੈ; 'ਹਿ' ਉਚਾਰਣ ਕਰਨਾ ਠੀਕ ਨਹੀਂ। ਮਾਨੁਖ੍ੰ—ਮਾਨੁੱਖਿਅੰ। ਜਗਦੀਸ੍ਵਰਹ—ਜਗਦੀਸੁਅਰਹ ਬੋਲੋ ਜੀ।

***ਪਦ ਅਰਥ :*** ਹੇ ਅਜਿਤ ਸੂਰ ਸੰਗ੍ਰਾਮੰ—ਹੇ ਸੰਗਰਾਮ ਵਿਚ ਨਾ ਜਿੱਤੇ ਜਾ ਸਕਣ ਵਾਲੇ ਸੂਰਮੇ (ਮੋਹ)! [ਸੰਗਰਾਮ—ਜੁੱਧ]। ਅਤਿ ਬਲਨਾ—ਅਤਿ ਬਲੀ, ਬਹੁਤ ਬਲਵਾਨ। ਮਰਦਨਹ—ਮਲ-ਦਲ ਦੇਣ ਵਾਲਾ। ਗਣ—ਦੇਵਤਿਆਂ ਦੇ ਸੇਵਕ। ਗੰਧਰਬ—ਦੇਵਤਿਆਂ ਦੇ ਰਾਗੀ। ਦੇਵ—ਦੇਵਤੇ। ਮਾਨੁਖ੍ੰ—ਮਨੁੱਖ।

ਬਿਮੋਹਨਹ—ਮੋਹਣ ਵਾਲਾ। ਹਰਿ ਕਰਣਹਾਰੰ—(ਮੋਹ ਵਰਗੀ ਬਲੀ ਸ਼ਕਤੀ ਨੂੰ ਪੈਦਾ) ਕਰਨਹਾਰ ਹਰੀ। ਜਗਦੀਸੁਰਹ—ਜਗਤ ਦਾ ਮਾਲਕ।੪੫।

ਪੰਜਾਂ ਵਿਕਾਰਾਂ ਵਿੱਚੋਂ ਪਹਿਲਾਂ ਮੋਹ ਦਾ ਵਰਣਨ ਕੀਤਾ ਹੈ:

***ਅਰਥ :*** ਹੇ ਜੁੱਧ ਦੇ ਅਜਿੱਤ ਸੂਰਮੇ (ਮੋਹ)! ਤੂੰ ਬਹੁਤ ਵੱਡੇ ਵੱਡੇ ਬਲੀ ਪੁਰਸ਼ਾਂ ਨੂੰ ਮਲ-ਦਲ ਦੇਣ ਵਾਲਾ ਹੈਂ। ਕੀ ਮਨੁੱਖ, ਕੀ ਦੇਵਤੇ, ਕੀ ਦੇਵਤਿਆਂ ਦੇ ਸੇਵਕ ਜਾਂ ਉਨ੍ਹਾਂ ਦੇ ਗੰਧਰਬ (ਏਥੋਂ ਤਕ ਕਿ) ਪਸ਼ੂ ਪੰਖੀਆਂ ਨੂੰ ਵੀ ਤੂੰ ਮੋਹ ਲੈਣ ਵਾਲਾ ਹੈਂ।

(ਮੋਹ ਵਰਗੀ ਬਲੀ ਸ਼ਕਤੀ ਨੂੰ ਪੈਦਾ) ਕਰਨਹਾਰ ਹਰੀ ਨੂੰ ਮੈਂ ਨਾਨਕ ਦੀ ਨਮਸਕਾਰ ਹੈ ਅਤੇ (ਮੋਹ-ਫਾਸ ਤੋਂ ਛੁਟਕਾਰੇ ਲਈ) ਮੈਂ ਉਸ ਜਗਤ-ਰਚਨਾ ਦੇ ਮਾਲਕ, ਸਰਬ-ਸ਼ਕਤੀਮਾਨ ਵਾਹਿਗੁਰੂ ਦੀ ਸ਼ਰਨ ਲੈਂਦਾ ਹਾਂ।੪੫।

***ਸਾਰੰਸ਼ :*** ਮੋਹ ਮਹਾਂ-ਬਲੀ ਹੈ। ਜਗ-ਰਚਨਾ ਦੇ ਸਾਰੇ ਜੀਵ ਇਸ ਦੀ ਫਾਹੀ ਵਿਚ ਫਸੇ ਹੋਏ ਹਨ। ਇਸ ਤੋਂ ਬਚਣ ਲਈ ਇਸ ਦੇ ਰਚਣਹਾਰ ਤੇ ਜਗਤ ਦੇ ਮਾਲਕ ਵਾਹਿਗੁਰੂ ਦੀ ਓਟ ਲੈਣੀ ਚਾਹੀਦੀ ਹੈ। ਗੁਰਵਾਕ:

**ਭ੍ਰਮ ਕੀ ਕੂਈ ਤ੍ਰਿਸਨਾ ਰਸ ਪੰਕਜ**
**ਅਤਿ ਤੀਖ੍ਣ ਮੋਹ ਕੀ ਫਾਸ॥**
**ਕਾਟਨਹਾਰ ਜਗਤ ਗੁਰ ਗੋਬਿਦ**
**ਚਰਨ ਕਮਲ ਤਾ ਕੇ ਕਰਹੁ ਨਿਵਾਸ॥੧॥੧੨੦॥**

[ਤੀਖ੍ਣ—ਉਚਾਰਨ · ਤੀਖਿਅਣ] *(ਗਉੜੀ ਮ: ੫, ਪੰਨਾ ੨੦੪)*

**ਹੇ ਕਾਮੰ ਨਰਕ ਬਿਸ੍ਰਾਮੰ**
**ਬਹੁ ਜੋਨੀ ਭ੍ਰਮਾਵਣਹ॥**
**ਚਿਤ ਹਰਣੰ ਤ੍ਰੈ ਲੋਕ ਗੰਮ੍ਯੰ**
**ਜਪ ਤਪ ਸੀਲ ਬਿਦਾਰਣਹ॥**
**ਅਲਪ ਸੁਖ ਅਵਿਤ ਚੰਚਲ**
**ਊਚ ਨੀਚ ਸਮਾਵਣਹ॥**
**ਤਵ ਭੈ ਬਿਮੁੰਚਿਤ ਸਾਧ ਸੰਗਮ**
**ਓਟ ਨਾਨਕ ਨਾਰਾਇਣਹ॥੪੬॥** *(ਪੰਨਾ ੧੩੫੮)*

***ਉਚਾਰਣ-ਬੋਧ :*** ਭ੍ਰਮਾਵਣਹ, ਬਿਦਾਰਣਹ, ਸਮਾਵਣਹ, ਨਾਰਾਇਣਹ

ਇਨ੍ਹਾਂ ਸ਼ਬਦਾਂ ਵਿਚ 'ਹ' ਉਚਾਰਨ 'ਹਿ' ਕਰਨਾ ਦਰੁੱਸਤ ਨਹੀਂ। ਗੰਮ੍ਹੰ—ਗੰਮਿਅੰ। ਬਿਮੁੰਚਿਤ—ਚੱਚੇ ਨੂੰ ਲੱਗੀ ਸਿਹਾਰੀ ਛੱਡਣੀ ਨਹੀਂ; ਉਚਾਰਣ ਦਾ ਹਿੱਸਾ ਬਨਾਣਾ ਹੈ। ਨਾਰਾਇਣਹ—'ਨੰਨੇ' ਨੂੰ ਲੱਗਾ 'ਕੰਨਾ' ਛੱਡਣਾ ਨਹੀਂ; ਉਚਾਰਣ ਦਾ ਹਿੱਸਾ ਬਣਾਓ ਜੀ।

***ਪਦ ਅਰਥ :*** ਨਰਕ ਬਿਸ੍ਰਾਮੰ—ਨਰਕਾਂ ਵਿਚ ਵਾਸਾ ਦੇਣ ਵਾਲਾ। ਭ੍ਰਮਾਵਣਹ—ਭਟਕਾਉਣ ਵਾਲਾ। ਚਿਤ ਹਰਣੰ—ਚਿੱਤ ਚੁਰਾ ਲੈਣ ਵਾਲਾ। ਤ੍ਰੈ ਲੋਕ ਗੰਮ੍ਹੰ—ਤਿੰਨਾਂ ਲੋਕਾਂ ਤਕ ਪਹੁੰਚ ਰੱਖਣ ਵਾਲਾ। ਸੀਲ—ਨਿਰਮਲ ਆਚਰਨ। ਬਿਦਾਰਣਹ—ਨਸ਼ਟ-ਭ੍ਰਸ਼ਟ ਕਰਨ ਵਾਲਾ। ਅਲਪ ਸੁਖ—ਤੁੱਛ ਮਾਤ੍ਰ ਸੁਆਦ। ਅਵਿਤ—ਵਿਤ ਰਹਿਤ, ਸਮਰੱਥਾ-ਹੀਨ। ਸਮਾਵਣਹ—ਸਮਾਇਆ ਹੋਇਆ। ਤਵ ਭੈ ਬਿਮੁੰਚਿਤ—ਤੇਰੇ ਡਰ ਦਾ ਨਾਸ ਹੁੰਦਾ ਹੈ। ਸਾਧ ਸੰਗਮ—ਸਤਸੰਗਤ ਵਿਚ।੪੬।

ਹੁਣ ਦੂਜੇ ਵਿਕਾਰ ਕਾਮ ਦੇ ਪ੍ਰਭਾਵ ਦਾ ਜ਼ਿਕਰ ਕਰਦੇ ਹੋਏ ਉਸ ਨੂੰ ਸੰਬੋਧਨ ਕਰਦੇ ਹਨ :

***ਅਰਥ :*** ਹੇ ਨਰਕ ਵਿਚ ਵਾਸਾ ਦੇਣ ਵਾਲੇ ਕਾਮ! ਤੂੰ ਜੀਵਾਂ ਨੂੰ (ਆਪਣੇ ਵੱਸ ਵਿਚ ਕਰ ਕੇ) ਬਹੁਤ ਜੂਨਾਂ ਵਿਚ ਭਰਮਾਉਣ ਵਾਲਾ ਹੈਂ, ਤੂੰ ਜੀਵਾਂ ਦੇ ਚਿੱਤ ਚੁਰਾ ਲੈਣ ਵਾਲਾ ਹੈਂ, ਤਿੰਨਾਂ ਲੋਕਾਂ ਦੇ ਜੀਵਾਂ ਤਕ ਗੰਮਤਾ (ਪਹੁੰਚ) ਰੱਖਣ ਵਾਲਾ ਹੈਂ। ਤੂੰ (ਜੀਵਾਂ ਦੇ) ਜਪ ਤਪ ਅਤੇ ਨਿਰਮਲ ਆਚਰਨ (ਸਾਊਪੁਣਾ) ਨਸ਼ਟ ਭ੍ਰਸ਼ਟ ਕਰਨ ਵਾਲਾ ਹੈਂ। ਤੁੱਛ ਮਾਤ੍ਰ ਸੁਆਦ ਬਦਲੇ ਤੂੰ ਜੀਵਾਂ ਨੂੰ ਚੰਚਲ ਤੇ ਸਮਰੱਥਾ-ਹੀਨ ਕਰ ਦਿੰਦਾ ਹੈਂ। ਉੱਚਿਆਂ ਤੇ ਨੀਵਿਆਂ, ਭਾਵ, ਅਮੀਰਾਂ ਤੇ ਗ਼ਰੀਬਾਂ ਸਾਰਿਆਂ ਵਿਚ ਤੂੰ ਇਕ-ਸਾਰ ਸਮਾਇਆ ਹੋਇਆ ਹੈਂ।

'ਨਾਨਕ' (ਮੁਹਰ-ਛਾਪ ਹੇਠ ਸਤਿਗੁਰ ਜੀ ਕਥਨ ਕਰਦੇ ਹਨ, ਹੇ ਕਾਮ!) ਸਾਧ ਸੰਗਤ ਵਿਚ ਜੁੜ ਕੇ ਨਾਰਾਇਣ ਪ੍ਰਭੂ ਦੀ ਓਟ ਲੈਣ ਨਾਲ ਤੇਰਾ ਡਰ ਨਾਸ ਹੋ ਜਾਂਦਾ ਹੈ।੪੬।

***ਸਾਰੰਸ਼ :*** ਕਾਮ-ਗ੍ਰਸਤ ਮਨੁੱਖ ਨਰਕ-ਗਾਮੀ ਹੁੰਦਾ ਹੈ, ਪਰ ਕਾਮ ਏਨਾ ਪ੍ਰਬਲ ਹੈ ਕਿ ਤ੍ਰੈ-ਲੋਕੀ ਦੇ ਸਭ ਜੀਵ-ਜੰਤੂਆਂ ਉੱਤੇ ਇਸ ਦਾ ਵਸੀਕਾਰ ਹੈ। ਇਸ ਤੋਂ ਬਚਾਅ ਸਾਧ ਸੰਗਤ ਵਿਚ ਜੁੜ ਕੇ, ਵਾਹਿਗੁਰੂ ਦੀ ਸ਼ਰਨ ਲਿਆਂ ਹੀ ਸੰਭਵ ਹੈ। ਗੁਰਵਾਕ :

**ਕਾਮੁ ਕ੍ਰੋਧੁ ਲੋਭੁ ਮੋਹੁ ਸੰਗਿ ਸਾਧਾ ਭਖੇ ॥ਪਉੜੀ ੨॥**

*(ਗਉੜੀ ਕੀ ਵਾਰ ਮ: ੫, ਪੰਨਾ ੩੧੮)*

**ਹੇ ਕਲਿ ਮੂਲ ਕ੍ਰੋਧੰ**
**ਕਦੰਚ ਕਰੁਣਾ ਨ ਉਪਰਜਤੇ ॥**
**ਬਿਖਯੰਤ ਜੀਵੰ ਵਸ੍ਯੰ ਕਰੋਤਿ**
**ਨਿਰਤ੍ਯੰ ਕਰੋਤਿ ਜਥਾ ਮਰਕਟਹ ॥**
**ਅਨਿਕ ਸਾਸਨ ਤਾੜੰਤਿ ਜਮਦੂਤਹ**
**ਤਵ ਸੰਗੇ ਅਧਮੰ ਨਰਹ ॥**
**ਦੀਨ ਦੁਖ ਭੰਜਨ ਦਯਾਲ ਪ੍ਰਭੁ ਨਾਨਕ**
**ਸਰਬ ਜੀਅ ਰਖ੍ਯਾ ਕਰੋਤਿ ॥੪੭॥** *(ਪੰਨਾ ੧੩੫੮)*

***ਉਚਾਰਣ-ਬੋਧ :*** ਕ੍ਰੋਧੰ—'ੋ' ਉਚਾਰਣ ਪੈਰ-ਅੱਖਰ '੍ਰ' ਨਾਲ ਮਿਲਵਾਂ ਕਰੋਧੰ ਵਾਂਗ। ਬਿਖਯੰਤ—ਬਿਖਅੰਤ ਬੋਲੋ ਜੀ। ਵਸ੍ਯੰ—ਵੱਸਿਅੰ। ਨਿਰਤ੍ਯੰ—ਨਿਰਤਿਅੰ ਵਾਂਗ ਬੋਲੋ ਜੀ। ਰਖ੍ਯਾ—ਰੱਖਿਆ।

***ਪਦ ਅਰਥ :*** ਕਲਿ ਮੂਲ—ਕਲ੍ਹਾ ਦਾ ਮੂਲ, ਝਗੜੇ ਦਾ ਮੁੱਢ। ਕਦੰਚ—ਕਦੇ ਵੀ। ਕਰੁਣਾ—ਤਰਸ, ਦਇਆ। ਉਪਰਜਤੇ—ਉਪਜਦਾ। ਬਿਖਯੰਤ ਜੀਵੰ—ਜੀਵਾਂ ਅੰਦਰ ਗ਼ੁੱਸੇ ਦੀ ਜ਼ਹਿਰ ਭਰ ਕੇ। ਵਸ੍ਯੰ ਕਰੋਤਿ—ਵੱਸ ਵਿਚ ਕਰ ਲੈਂਦਾ ਹੈਂ। ਨਿਰਤ੍ਯੰ—ਨਾਚ। ਜਥਾ—ਜਿਵੇਂ। ਮਰਕਟਹ—ਬਾਂਦਰ। ਅਨਿਕ ਸਾਸਨ ਤਾੜੰਤਿ—ਅਨੇਕਾਂ ਸਜ਼ਾਵਾਂ ਦੇਂਦੇ ਹਨ। ਜਮਦੂਤਹ—ਜਮ ਦੇ ਦੂਤ। ਤਵ ਸੰਗੇ—ਤੇਰਾ ਸੰਗ ਕਰ ਕੇ। ਅਧਮੰ—ਨੀਚ। ਨਰਹ—ਮਨੁੱਖ। ਦੀਨ ਦੁਖ ਭੰਜਨ ਦਯਾਲ ਪ੍ਰਭੁ—ਨਿਤਾਣਿਆਂ ਦੇ ਦੁੱਖ ਨਾਸ ਕਰਨ ਵਾਲਾ ਦਿਆਲੂ ਪ੍ਰਭੂ। ਰਖ੍ਯਾ ਕਰੋਤਿ—ਰੱਖਿਆ ਕਰਦਾ ਹੈ।੪੭।

ਤੀਜੇ ਵਿਕਾਰ ਨੂੰ ਸੰਬੋਧਨ ਕਰ ਕੇ ਕਹਿੰਦੇ ਹਨ :

***ਅਰਥ :*** ਹੇ ਕਲ੍ਹਾ ਦੇ ਮੂਲ ਕ੍ਰੋਧ ! ਤੇਰੇ ਵਿਚ ਅਥਵਾ ਤੇਰੇ ਵੱਸ ਹੋਏ ਮਨੁੱਖਾਂ ਵਿਚ ਕਦੇ ਤਰਸ ਨਹੀਂ ਉਪਜਦਾ। ਜੀਵਾਂ ਅੰਦਰ ਗ਼ੁੱਸੇ ਦੀ ਜ਼ਹਿਰ ਭਰ ਕੇ ਤੂੰ ਉਨ੍ਹਾਂ ਨੂੰ ਇਸ ਤਰ੍ਹਾਂ ਆਪਣੇ ਵੱਸ ਵਿਚ ਕਰ ਲੈਂਦਾ ਹੈਂ ਕਿ ਉਹ ਬਾਂਦਰ ਵਾਂਗ (ਤੇਰੇ ਨਚਾਏ ਹੋਏ) ਨੱਚਦੇ ਹਨ। ਤੇਰੇ ਨਾਲ ਲੱਗ ਕੇ ਜੀਵ ਨੀਚਤਾ 'ਤੇ ਉਤਰ ਆਉਂਦੇ ਹਨ, ਜਿਸ ਕਾਰਨ ਜਮਦੂਤ ਉਨ੍ਹਾਂ ਨੂੰ ਅਨੇਕ ਸਜ਼ਾਵਾਂ ਦੇਂਦੇ ਹਨ।

'ਨਾਨਕ' ! ਨਿਤਾਣਿਆਂ ਦੇ ਦੁੱਖ ਕੱਟਣ ਵਾਲਾ ਮਿਹਰਵਾਨ ਪ੍ਰਭੂ ਹੀ ਸਾਰੇ ਜੀਵਾਂ ਦੀ (ਬਲੀ ਕ੍ਰੋਧ ਤੋਂ) ਰੱਖਿਆ ਕਰਦਾ ਹੈ।੪੭।

***ਸਾਰੰਸ਼ :*** ਕ੍ਰੋਧੀ ਮਨੁੱਖ ਗ਼ੁੱਸੇ ਵਿਚ ਸੁੱਧ-ਬੁੱਧ ਭੁੱਲ ਜਾਂਦਾ ਹੈ ਤੇ ਕਈ ਨੀਚ ਕਰਤੂਤਾਂ ਕਰਦਾ ਹੈ, ਜਿਸ ਦੇ ਫਲਸਰੂਪ ਉਸ ਨੂੰ ਲੋਕ-ਪਰਲੋਕ ਵਿਚ ਨਮੋਸ਼ੀ ਹੁੰਦੀ ਹੈ ਤੇ ਦੰਡ ਮਿਲਦਾ ਹੈ। ਵਾਹਿਗੁਰੂ ਹੀ ਇਸ ਕ੍ਰੋਧ ਤੋਂ ਛੁਟਕਾਰਾ ਕਰਾ ਸਕਦਾ ਹੈ।

**ਹੇ ਲੋਭਾ ਲੰਪਟ ਸੰਗ ਸਿਰਮੋਰਹ**
**ਅਨਿਕ ਲਹਰੀ ਕਲੋਲਤੇ ॥**
**ਧਾਵੰਤ ਜੀਆ ਬਹੁ ਪ੍ਰਕਾਰੰ**
**ਅਨਿਕ ਭਾਂਤਿ ਬਹੁ ਡੋਲਤੇ ॥**
**ਨਚ ਮਿਤ੍ਰੰ ਨਚ ਇਸਟੰ ਨਚ ਬਾਧਵ**
**ਨਚ ਮਾਤ ਪਿਤਾ ਤਵ ਲਜਯਾ ॥**
**ਅਕਰਣੰ ਕਰੋਤਿ ਅਖਾਦ੍ਿ ਖਾਦ੍ੰ**
**ਅਸਾਜ੍ੰ ਸਾਜਿ ਸਮਜਯਾ ॥**
**ਤ੍ਰਾਹਿ ਤ੍ਰਾਹਿ ਸਰਣਿ ਸੁਆਮੀ**
**ਬਿਗ੍ਯ੍ਾਪ੍ਤਿ ਨਾਨਕ ਹਰਿ ਨਰਹਰਹ ॥੪੮॥** *(ਪੰਨਾ ੧੩੫੮)*

***ਉਚਾਰਣ-ਬੋਧ :*** ਲਜਯਾ—ਲੱਜਿਆ। ਅਖਾਦ੍ਿ—ਅਖਾਦਿਅ। ਖਾਦ੍ੰ—ਖਾਦਿਅੰ। ਅਸਾਜ੍ੰ—ਅਸਾਜਿਅੰ। ਸਮਜਯਾ—ਸਮੱਜਿਆ। ਬਿਗ੍ਯ੍ਾਪ੍ਤਿ—ਬਿਗਿਆਪਤਿ।

***ਪਦ ਅਰਥ :*** ਲੰਪਟ—ਲਿਪਟਿਆ ਹੋਇਆ, ਗ਼ਲਤਾਨ। ਸਿਰਮੋਰਹ—ਸ਼੍ਰੋਮਣੀ, ਮੁਖੀ ਬੰਦੇ। ਕਲੋਲਤੇ—ਕਲੋਲ ਕਰਦੇ ਹਨ। ਧਾਵੰਤ—ਦੌੜਦੇ ਹਨ। ਜੀਆ—ਪ੍ਰਾਣੀ। ਨਚ—ਨਹੀਂ ਹੈ। ਇਸਟੰ—ਪਿਆਰੇ। ਬਾਧਵ—ਸਨਬੰਧੀ। ਤਵ—ਤੇਰਿਆਂ ਨੂੰ, ਭਾਵ ਤੇਰੇ ਵੱਸ ਵਿਚ ਹੋਏ ਜੀਵਾਂ ਨੂੰ। ਲਜਯਾ—ਸ਼ਰਮ, ਹਯਾ। ਅਕਰਣੰ—ਨਾ ਕਰਨ ਜੋਗ। ਕਰੋਤਿ—ਕਰਦਾ ਹੈ। ਅਖਾਦ੍ਿ—ਨਾ ਖਾਣ ਜੋਗ, ਅਭੱਖ। ਖਾਦ੍ੰ—ਖਾਂਦਾ ਹੈ। ਅਸਾਜ੍ੰ—ਅਯੋਗ ਸਿਰਜਨਾ। ਸਾਜਿ—ਸਾਜਦਾ ਹੈ, ਰਚਦਾ ਹੈ। ਸਮਜਯਾ—ਸਮਾਜਕ ਤੌਰ 'ਤੇ, ਭਾਵ ਨਿਰਲੱਜ ਹੋ ਕੇ। ਤ੍ਰਾਹਿ—ਤ੍ਰਾਹਿਮਾਨ, ਰੱਖ ਲੈ, ਬਚਾਅ ਲੈ। ਬਿਗ੍ਯ੍ਾਪ੍ਤਿ—ਬੇਨਤੀ ਹੈ। ਹਰਿ ਨਰਹਰਹ—ਹਰੀ ਪ੍ਰਭੂ।੪੮।

ਹੁਣ ਚੌਥੇ ਵਿਕਾਰ ਨੂੰ ਸੰਬੋਧਨ ਕਰ ਕੇ ਕਹਿੰਦੇ ਹਨ :

***ਅਰਥ :*** ਹੇ ਲੋਭ! ਵੱਡੇ ਵੱਡੇ ਸਿਰਕੱਢ ਬੰਦੇ ਵੀ ਤੇਰੇ ਵਿਚ ਲੰਪਟ (ਗ਼ਲਤਾਨ) ਹੋਏ-ਹੋਏ, ਤੇਰੀਆਂ ਅਨਿਕ-ਭਾਂਤੀ ਲੋਭ-ਲਹਿਰਾਂ ਵਿਚ ਫਸੇ ਹੋਏ, ਅਜੀਬ ਅਜੀਬ ਕਲੋਲ (ਹਾਵ-ਭਾਵ) ਕਰਦੇ ਹਨ। (ਤੇਰੇ ਵੱਸ ਹੋਏ) ਜੀਵ ਬਹੁਤ ਭਟਕਦੇ ਫਿਰਦੇ ਹਨ ਅਤੇ ਕਈ ਤਰ੍ਹਾਂ (ਦੁਆਰਹਿ ਦੁਆਰਿ ਸੁਆਨ ਜਿਉ ਡੋਲਤ) ਡੋਲਦੇ ਫਿਰਦੇ ਹਨ। ਤੈਨੂੰ, ਅਥਵਾ ਤੇਰੇ ਵੱਸ ਹੋਏ ਜੀਵਾਂ ਨੂੰ ਨਾ ਮਿੱਤਰਾਂ ਦੀ, ਨਾ ਪਿਆਰਿਆਂ ਦੀ, ਨਾ ਸਨਬੰਧੀਆਂ ਦੀ ਅਤੇ ਨਾ ਮਾਤਾ-ਪਿਤਾ ਦੀ, (ਕਿਸੇ ਦੀ ਵੀ) ਸ਼ਰਮ ਹਯਾ ਨਹੀਂ ਰਹਿੰਦੀ। (ਲੋਭ-ਹਲਕਾਇਆ ਮਨੁੱਖ) ਨਾ ਕਰਨ ਜੋਗ ਕੰਮ ਕਰਦਾ ਹੈ, ਨਾ ਖਾਣ ਜੋਗ (ਅਭੱਖ) ਪਦਾਰਥ ਖਾਂਦਾ ਹੈ ਅਤੇ ਨਿਰਲੱਜ ਹੋ ਕੇ ਕਈ ਅਯੋਗ ਅਡੰਬਰ ਰਚਦਾ ਹੈ।

ਮੈਂ ਨਾਨਕ ਦੀ ਨਰਹਰ ਹਰੀ ਅੱਗੇ ਬੇਨਤੀ ਹੈ, ਹੇ ਸੁਆਮੀ! ਮੈਂ ਤੇਰੀ ਸ਼ਰਨ ਹਾਂ, (ਇਸ ਬੁਰੀ ਬਲਾ ਲੋਭ ਤੋਂ) ਮੈਨੂੰ ਬਚਾਅ ਲੈ! ਬਚਾਅ ਲੈ !! ।੪੮।

***ਸਾਰੰਸ਼ :*** ਲੋਭ-ਹਲਕਾਇਆ ਜੀਵ ਆਪਣਾ ਪਰਾਇਆ ਅਤੇ ਯੋਗ-ਅਯੋਗ ਨਹੀਂ ਵੇਖਦਾ, ਨਿਰਲੱਜ ਹੋ ਕੇ ਸ਼ਰਮਨਾਕ ਹਰਕਤਾਂ ਕਰਦਾ ਹੈ। ਵਾਹਿਗੁਰੂ ਦੀ ਸ਼ਰਨ ਲਇਆਂ ਹੀ ਇਸ ਲੋਭ ਤੋਂ ਬਚ ਸਕੀਦਾ ਹੈ। ਗੁਰਵਾਕ :

**ਜਿਉ ਕੂਕਰੁ ਹਰਕਾਇਆ ਧਾਵੈ ਦਹ ਦਿਸ ਜਾਇ ॥**
**ਲੋਭੀ ਜੰਤੁ ਨ ਜਾਣਈ ਭਖੁ ਅਭਖੁ ਸਭ ਖਾਇ ॥੨॥੨੧॥**

*(ਸਿਰੀਰਾਗੁ ਮ: ੫, ਪੰਨਾ ੫੦)*

**ਹੇ ਜਨਮ ਮਰਣ ਮੂਲੰ**
**ਅਹੰਕਾਰੰ ਪਾਪਾਤਮਾ ॥**
**ਮਿਤ੍ਰੰ ਤਜੰਤਿ ਸਤ੍ਰੰ ਦ੍ਰਿੜੰਤਿ**
**ਅਨਿਕ ਮਾਯਾ ਬਿਸ੍ਤੀਰਨਹ ॥**
**ਆਵੰਤ ਜਾਵੰਤ ਥਕੰਤ ਜੀਆ**
**ਦੁਖ ਸੁਖ ਬਹੁ ਭੋਗਣਹ ॥**
**ਭ੍ਰਮ ਭਯਾਨ ਉਦਿਆਨ ਰਮਣੰ**
**ਮਹਾ ਬਿਕਟ ਅਸਾਧ ਰੋਗਣਹ ॥**
**ਬੈਦ੍ਯੰ ਪਾਰਬ੍ਰਹਮ ਪਰਮੇਸ੍ਵਰ**
**ਆਰਾਧਿ ਨਾਨਕ ਹਰਿ ਹਰਿ ਹਰੇ ॥੪੯॥** *(ਪੰਨਾ ੧੩੫੮)*

***ਉਚਾਰਣ-ਬੋਧ :*** ਮਾਯਾ—ਮਾਇਆ। ਭਯਾਨ—ਭਇਆਨ। ਬੈਦੵੰ—ਬੈਦਿਅੰ। ਪਰਮੇਸੵਰ—ਪਰਮੇਸੁਅਰ। ਦ੍ਰਿੜੰਤਿ—'ਿ' ਉਚਾਰਣ ਪੈਰ-ਅੱਖਰ '੍ਰ' ਨਾਲ 'ਦਰਿੜੰਤਿ' ਵਾਂਗ। ਬਿਸੵੀਰਨਹ, ਭੋਗਣਹ, ਰੋਗਣਹ ਸ਼ਬਦਾਂ ਦਾ 'ਹ' ਮੁਕਤਾ ਹੈ, 'ਹਿ' ਉਚਾਰਣ ਨਹੀਂ ਕਰਨਾ।

***ਪਦ ਅਰਥ :*** ਪਾਪਾਤਮਾ—ਦੁਸ਼ਟ ਆਤਮਾ, ਭਾਵ ਆਤਮਾ ਨੂੰ ਭ੍ਰਿਸ਼ਟ ਕਰ ਦੇਣ ਵਾਲਾ। ਤਜੰਤਿ—ਛੱਡਦਾ ਹੈਂ। ਸਤ੍ਰੰ—ਸ਼ੱਤਰੂ, ਵੈਰੀ। ਦ੍ਰਿੜੰਤਿ—ਦ੍ਰਿੜ੍ਹ ਕਰਦਾ ਹੈ, ਪੱਕਾ ਕਰਦਾ ਹੈ। ਮਾਯਾ ਬਿਸੵੀਰਨਹ—ਮਾਇਆ ਦਾ ਖਿਲਾਰਾ ਖਿਲਾਰਦਾ ਹੈਂ। ਆਵੰਤ ਜਾਵੰਤ—ਆਉਂਦੇ ਜਾਂਦੇ, ਭਾਵ ਜੰਮਦੇ ਮਰਦੇ। ਥਕੰਤ—ਥੱਕ ਜਾਂਦਾ ਹੈ। ਭੋਗਣਹ—ਭੋਗਦਾ ਹੈ। ਭ੍ਰਮ ਭਯਾਨ ਉਦਿਆਨ—ਭਰਮਾਂ ਦੇ ਭਿਆਨਕ ਜੰਗਲਾਂ ਵਿਚ। ਰਮਣੰ—ਰਮਣ ਕਰਦਾ ਹੈ, ਭਟਕਦਾ ਹੈ। ਮਹਾ ਬਿਕਟ—ਬਹੁਤ ਡਰਾਉਣੇ। ਅਸਾਧ—ਲਾ-ਇਲਾਜ, ਜਿਸ ਦਾ ਇਲਾਜ ਨਹੀਂ ਹੋ ਸਕਦਾ। ਬੈਦੵੰ—ਵੈਦ।੪੯।

ਪੰਜਵੇਂ ਵਿਕਾਰ ਹੰਕਾਰ ਨੂੰ ਸੰਬੋਧਨ ਕਰਦਿਆਂ ਕਹਿੰਦੇ ਹਨ:

***ਅਰਥ :*** ਹੇ ਜਨਮ ਮਰਨ ਦੇ ਮੂਲ, ਆਤਮਾ ਨੂੰ ਭ੍ਰਿਸ਼ਟ ਕਰ ਦੇਣ ਵਾਲੇ ਹੰਕਾਰ! ਤੂੰ ਅਨਿਕ ਪ੍ਰਕਾਰੀ ਮਾਇਆ (ਦਾ ਖਿਲਾਰਾ ਇਸ ਤਰ੍ਹਾਂ) ਖਿਲਾਰਦਾ ਹੈਂ ਕਿ (ਤੇਰੇ ਅਸਰ ਅਧੀਨ) ਜੀਵ ਮਿੱਤਰਾਂ ਨੂੰ ਤਿਆਗਦੇ ਹਨ ਅਤੇ ਵੈਰੀਆਂ ਨਾਲ ਗੂੜ੍ਹੀ ਮਿੱਤਰਤਾ ਗੰਢਦੇ ਹਨ। ਤੇਰੇ ਵੱਸ ਹੋਏ ਜੀਵ ਆਉਂਦੇ ਜਾਂਦੇ, ਭਾਵ, ਜੰਮਦੇ ਮਰਦੇ ਹਾਰ-ਹੁੱਟ ਜਾਂਦੇ ਹਨ ਅਤੇ ਬਹੁ ਪ੍ਰਕਾਰੀ ਸੁੱਖ ਦੁੱਖ ਭੋਗਦੇ ਰਹਿੰਦੇ ਹਨ। (ਤੇਰੇ ਵੱਸ ਹੋਏ ਜੀਵ) ਭਰਮ ਦੇ ਕਾਰਨ ਡਰਾਉਣੇ ਜੰਗਲ ਵਿਚ ਭਟਕਦੇ ਰਹਿੰਦੇ ਹਨ, (ਤੂੰ ਜੀਵਾਂ ਨੂੰ) ਲਾ-ਇਲਾਜ ਭਿਆਨਕ ਰੋਗ ਹੋ ਕੇ ਚੰਬੜਿਆ ਹੋਇਆ ਹੈਂ।

'ਨਾਨਕ'! (ਇਸ ਅਸਾਧ ਰੋਗ-ਹੰਕਾਰ ਦੇ ਕਟਣਹਾਰ) ਵੈਦ ਪਰਮਾਤਮਾ ਪਰਮੇਸ਼ਰ ਜੀ ਹਨ, ਇਸ ਲਈ ਉਸ ਵਾਹਿਗੁਰੂ ਦੇ ਨਾਮ-ਜਾਪ ਨੂੰ ਮਨ-ਬਾਣੀ-ਸਰੀਰ ਕਰਕੇ ਜਪਣਾ ਚਾਹੀਏ।੪੯।

***ਸਾਰੰਸ਼ :*** ਹੰਕਾਰ ਦੇ ਨਸ਼ੇ ਵਿਚ ਅੰਨ੍ਹਾ ਹੋਇਆ ਹੋਇਆ ਜੀਵ ਆਪਣਿਆਂ ਨੂੰ ਬਿਗਾਨੇ ਬਣਾਂਦਾ ਹੈ। ਹੰਕਾਰ ਹੀ ਜਨਮ ਮਰਨ ਦੇ ਗੇੜ ਦਾ ਮੂਲ ਹੈ। ਇਹ ਅਸਾਧ ਰੋਗ ਹੈ ਤੇ ਇਸ ਦਾ ਕਟਣਹਾਰ ਵੈਦ ਵਾਹਿਗੁਰੂ ਹੈ। ਉਸੇ ਦਾ ਹੀ ਸਿਮਰਨ ਕਰਨਾ ਬਣਦਾ ਹੈ।

ਹੇ ਪ੍ਰਾਣ ਨਾਥ ਗੋਬਿੰਦਹ
ਕ੍ਰਿਪਾ ਨਿਧਾਨ ਜਗਦ ਗੁਰੋ ॥
ਹੇ ਸੰਸਾਰ ਤਾਪ ਹਰਣਹ
ਕਰੁਣਾਮੈ ਸਭ ਦੁਖ ਹਰੋ ॥
ਹੇ ਸਰਣਿ ਜੋਗ ਦਯਾਲਹ
ਦੀਨਾ ਨਾਥ ਮਯਾ ਕਰੋ ॥
ਸਰੀਰ ਸ੍ਵਸਥ ਖੀਣ ਸਮਏ
ਸਿਮਰੰਤਿ ਨਾਨਕ ਰਾਮ ਦਾਮੋਦਰ ਮਾਧਵਹ ॥੫੦॥

*(ਪੰਨਾ ੧੩੫੯)*

***ਉਚਾਰਣ-ਬੋਧ :*** ਗੋਬਿੰਦਹ, ਹਰਣਹ, ਦਯਾਲਹ, ਮਾਧਵਹ—'ਹ' ਉਚਾਰਣ 'ਹਿ' ਨਹੀਂ ਕਰਨਾ। ਕਰੁਣਾਮੈ—ਉਚਾਰਣ ਇਕੱਠਾ। ਸੰਸਕ੍ਰਿਤ ਦੇ 'ਮਯ' ਦਾ ਪੰਜਾਬੀ ਰੂਪ 'ਮੈ' ਹੈ। 'ਮੈ' ਜਦੋਂ ਪਿਛੇਤਰ ਰੂਪ ਵਿਚ ਆਵੇ ਤਾਂ ਇਸ ਦਾ ਉਚਾਰਣ ਨਾਸਿਕਤਾ ਰਹਿਤ ਹੋਵੇਗਾ। ਦਯਾਲਹ—ਦਇਆਲਹ। ਮਯਾ—ਮਇਆ। ਸ੍ਵਸਥ—ਸੁਅਸਥ। ਸਮਏ—ਇਕੱਠਾ ਬੋਲੋ ਜੀ। ਅੱਖਰ ਸਮੇਂ ਵਿਚ 'ਮ' ਨੂੰ ਲੱਗੀ ਲਾਂ ਦੇ ਲਮਕਾਅ ਲਈ 'ਏ' ਵਰਤਿਆ ਹੋਇਆ ਹੈ।

***ਪਦ ਅਰਥ :*** ਪ੍ਰਾਣ ਨਾਥ—ਪ੍ਰਾਣਾਂ ਦੇ ਮਾਲਕ। ਕ੍ਰਿਪਾ ਨਿਧਾਨ—ਕਿਰਪਾ ਦੇ ਖ਼ਜ਼ਾਨੇ। ਜਗਦ ਗੁਰੋ—ਜਗਤ ਦੇ ਗੁਰੂ। ਸੰਸਾਰ ਤਾਪ ਹਰਣਹ—ਸੰਸਾਰ ਦੇ ਤਾਪ ਨਾਸ ਕਰਨ ਵਾਲੇ। ਕਰੁਣਾਮੈ—ਕਿਰਪਾ ਸਰੂਪ, ਕਿਰਪਾ ਦੇ ਮੁਜੱਸਮੇ (ਪੁੰਜ)। ਹਰੋ—ਦੂਰ ਕਰੋ। ਸਰਣਿ ਜੋਗ—ਸ਼ਰਨ ਦੇਣ ਦੇ ਸਮਰੱਥ, ਸ਼ਰਨ-ਸੂਰ। ਦਯਾਲਹ—ਦਯਾ + ਆਲਯ, ਦਇਆ ਦੇ ਘਰ। ਦੀਨਾ ਨਾਥ—ਦੀਨਾਂ ਦੁਖੀਆਂ ਦੇ ਰਖਵਾਲੇ। ਮਯਾ—ਮਿਹਰ, ਕਿਰਪਾ। ਸ੍ਵਸਥ—ਅਰੋਗ। ਖੀਣ—ਨਿਰਬਲ, ਰੋਗੀ। ਦਾਮੋਦਰ ਮਾਧਵਹ—ਵਾਹਿਗੁਰੂ।੫੦।

***ਅਰਥ :*** ਹੇ ਪ੍ਰਾਣਾਂ ਦੇ ਮਾਲਕ, ਕਿਰਪਾ ਦੇ ਸਾਗਰ, ਜਗਤ ਦੇ ਗੁਰੂ ਗੋਬਿੰਦ ਜੀ! ਹੇ ਸੰਸਾਰ ਦੇ ਤਾਪ ਨਾਸ ਕਰਨ ਵਾਲੇ ਤੇ ਦਇਆ ਸਰੂਪ ਪ੍ਰਭੂ ਜੀ! ਮੇਰੇ ਸਾਰੇ ਹੀ ਦੁੱਖ-ਕਲੇਸ਼ ਦੂਰ ਕਰੋ ਜੀ।

ਹੇ ਸ਼ਰਨ-ਪਾਲਣ ਜੋਗ, ਦਇਆ ਦੇ ਘਰ, ਦੁਖੀਆਂ ਦੇ ਰਾਖੇ (ਪ੍ਰਭੂ ਜੀ)! ਇਹ ਤਰਸ ਕਰੋ ਜੀ, ਮੈਂ ਨਾਨਕ ਦਾ ਸਰੀਰ ਭਾਵੇਂ ਅਰੋਗ ਹੋਵੇ ਜਾਂ (ਰੋਗ ਕਰਕੇ)

ਖੀਨ ਅਥਵਾ ਨਿਰਬਲ ਹੋਵੇ, ਹਰ ਸਮੇਂ ਤੈਂ ਰਾਮ ਦਾਮੋਦਰ (ਵਾਹਿਗੁਰੂ) ਜੀ ਦਾ ਨਾਮ ਸਿਮਰਦਾ ਹੀ ਰਵ੍ਹੇ।੫੦।

***ਸਾਰੰਸ਼ :*** ਹਰ ਸਮੇਂ ਤੇ ਹਰ ਹਾਲਤ ਵਿਚ ਪ੍ਰਭੂ ਪਾਸੋਂ ਉਸ ਦੇ ਨਾਮ-ਸਿਮਰਨ ਦੀ ਹੀ ਜਾਚਨਾ ਕਰਨੀ ਚਾਹੀਦੀ ਹੈ। ਗੁਰਵਾਕ :

**ਜੇ ਸੁਖੁ ਦੇਹਿ ਤ ਤੁਝਹਿ ਅਰਾਧੀ ਦੁਖਿ ਭੀ ਤੁਝੈ ਧਿਆਈ ॥੨॥**

*(ਸੂਹੀ ਅਸਟਪਦੀਆ ਮ: ੪, ਪੰਨਾ ੭੫੭)*

**ਚਰਣ ਕਮਲ ਸਰਣੰ**
**ਰਮਣੰ ਗੋਪਾਲ ਕੀਰਤਨਹ ॥**
**ਸਾਧ ਸੰਗੇਣ ਤਰਣੰ**
**ਨਾਨਕ ਮਹਾ ਸਾਗਰ ਭੈ ਦੁਤਰਹ ॥੫੧॥** *(ਪੰਨਾ ੧੩੫੮)*

***ਪਦ ਅਰਥ :*** ਸਰਣੰ—ਸ਼ਰਨ, ਓਟ। ਰਮਣੰ—ਜਪਣ ਨਾਲ, ਉਚਾਰਣ ਨਾਲ। ਸਾਧ ਸੰਗੇਣ—ਸਾਧ ਸੰਗਤ। ਤਰਣੰ—ਤਰ ਜਾਈਦਾ ਹੈ। ਭੈ—ਭਿਆਨਕ। ਦੁਤਰਹ—ਔਖਾ ਤਰਿਆ ਜਾਣ ਵਾਲਾ (ਸੰਸਾਰ-ਸਮੁੰਦਰ)।੫੧।

***ਅਰਥ :*** 'ਨਾਨਕ'! (ਪ੍ਰਭੂ ਦੇ) ਚਰਨ ਕਮਲਾਂ ਦੀ ਓਟ ਲੈ ਕੇ, ਸਾਧ ਸੰਗਤ ਵਿਚ ਜੁੜ ਕੇ, ਗੋਪਾਲ ਪ੍ਰਭੂ ਦੇ ਗੁਣ ਗਾਇਨ ਕਰਨ ਨਾਲ ਮਹਾਂ ਭਿਆਨਕ ਅਤੇ ਔਖਾ ਤਰਿਆ ਜਾਣ ਵਾਲਾ ਭਵ-ਸਾਗਰ (ਸੁਖੈਨ ਹੀ) ਤਰਿਆ ਜਾ ਸਕਦਾ ਹੈ।੫੧।

***ਸਾਰੰਸ਼ :*** **ਇਹੁ ਸਾਗਰੁ ਸੋਈ ਤਰੈ ਜੋ ਹਰਿ ਗੁਣ ਗਾਏ ॥**
**ਸਾਧ ਸੰਗਤਿ ਕੈ ਸੰਗਿ ਵਸੈ ਵਡਭਾਗੀ ਪਾਏ ॥੧॥੫੨॥**

*(ਬਿਲਾਵਲੁ ਮ: ੫, ਪੰਨਾ ੮੧੩-੧੪)*

**ਸਿਰ ਮਸ੍ਤਕ ਰਖ੍ਯ੍ਯਾ ਪਾਰਬ੍ਰਹਮੰ**
**ਹਸ੍ਤ ਕਾਯਾ ਰਖ੍ਯ੍ਯਾ ਪਰਮੇਸ੍ਵਰਹ ॥**
**ਆਤਮ ਰਖ੍ਯ੍ਯਾ ਗੋਪਾਲ ਸੁਆਮੀ**
**ਧਨ ਚਰਣ ਰਖ੍ਯ੍ਯਾ ਜਗਦੀਸ੍ਵਰਹ ॥**
**ਸਰਬ ਰਖ੍ਯ੍ਯਾ ਗੁਰ ਦਯਾਲਹ**
**ਭੈ ਦੂਖ ਬਿਨਾਸਨਹ ॥**

**ਭਗਤਿ ਵਛਲ ਅਨਾਥ ਨਾਥੇ**
**ਸਰਣਿ ਨਾਨਕ ਪੁਰਖ ਅਚੁਤਹ ॥੫੨॥** *(ਪੰਨਾ ੧੩੫੮)*

***ਉਚਾਰਣ-ਬੋਧ :*** ਰਖ੍ਯ—ਰੱਖਿਆ। ਕਾਯਾ—ਕਾਇਆ। ਪਰਮੇਸ੍ਵਰਹ—ਪਰਮੇਸੁਅਰਹ। ਜਗਦੀਸ੍ਵਰਹ—ਜਗਦੀਸੁਅਰਹ। ਦਯਾਲਹ—ਦਇਆਲਹ। ਪਰਮੇਸ੍ਵਰਹ, ਜਗਦੀਸ੍ਵਰਹ, ਦਯਾਲਹ, ਬਿਨਾਸਨਹ, ਅਚੁਤਹ—ਅੰਤਲਾ 'ਹ' ਮੁਕਤਾ ਹੈ, 'ਹਿ' ਉਚਾਰਣ ਕਰਨਾ ਦਰੁੱਸਤ ਨਹੀਂ। ਅਨਾਥ ਨਾਥੇ ਨੂੰ ਨਾਥ ਨਾਥੇ ਨਹੀਂ ਉਚਾਰਣਾ; 'ਅ' ਉਚਾਰਣ ਦਾ ਹਿੱਸਾ ਬਣਾਓ ਜੀ।

***ਪਦ ਅਰਥ :*** ਮਸ੍ਤਕ—ਮਸਤਕ। ਰਖ੍ਯ—ਰੱਖਿਆ ਹੋਵੇ। ਹਸ੍ਤ—ਹਸਤ, ਹੱਥ। ਕਾਯਾ—ਕਾਇਆਂ, ਦੇਹੀ। ਆਤਮ—ਆਤਮਾ, ਜਿੰਦ। ਧਨ—ਧਨ-ਸੰਪਤੀ (ਦੈਵੀ-ਗੁਣਾਂ) ਨੂੰ। ਜਗਦੀਸ੍ਵਰਹ—ਜਗਤ ਦਾ ਈਸ਼ਵਰ, ਪ੍ਰਭੂ। ਗੁਰ—ਵੱਡਾ। ਦਯਾਲਹ—ਦਿਆਲੂ ਵਾਹਿਗੁਰੂ। ਗੁਰ ਦਯਾਲਹ—ਵੱਡਾ ਦਿਆਲੂ ਪ੍ਰਭੂ। ਭੈ ਦੂਖ ਬਿਨਾਸਨਹ—ਡਰਾਂ ਤੇ ਦੁੱਖਾਂ ਦਾ ਨਾਸ ਕਰਨ ਵਾਲਾ। ਭਗਤਿ ਵਛਲ—ਭਗਤੀ ਕਰਨ ਵਾਲਿਆਂ (ਭਗਤਾਂ) ਦਾ ਪਿਆਰਾ। ਪੁਰਖ ਅਚੁਤਹ—ਅਬਿਨਾਸ਼ੀ ਪੁਰਖ ਦੀ।੫੨।

***ਅਰਥ :*** ਸਿਰ ਅਤੇ ਮੱਥੇ ਨੂੰ ਪਾਰਬ੍ਰਹਮ ਦੀ ਰੱਖਿਆ ਹੋਵੇ। ਹੱਥਾਂ ਅਤੇ ਬਾਕੀ ਸਰੀਰ (ਦੇ ਅੰਗਾਂ) ਨੂੰ ਪਰਮੇਸ਼ਰ ਦੀ ਰੱਖਿਆ ਹੋਵੇ। ਆਤਮਾ ਨੂੰ ਗੋਪਾਲ ਸੁਆਮੀ ਦੀ ਰੱਖਿਆ ਹੋਵੇ। ਧਨ ਸੰਪਤੀ (ਦੈਵੀ ਗੁਣਾਂ) ਨੂੰ ਜਗਦੀਸ਼ਰ ਦੇ ਚਰਨਾਂ ਦੀ ਰੱਖਿਆ ਹੋਵੇ। ਹਰ ਤਰ੍ਹਾਂ ਨਾਲ ਡਰ ਅਤੇ ਦੁੱਖਾਂ ਦੇ ਨਾਸ਼ ਕਰਨ ਵਾਲੇ ਦਇਆਲ ਗੁਰੂ ਦੀ ਰੱਖਿਆ ਹੋਵੇ।

ਭਗਤੀ ਕਰਨ ਵਾਲੇ ਭਗਤਾਂ ਦੇ ਪਿਆਰੇ, ਅਨਾਥਾਂ ਦੇ ਨਾਥ, ਅਬਿਨਾਸ਼ੀ ਪੁਰਖ ਪ੍ਰਭੂ ਜੀ ਦੀ ਮੈਂ 'ਨਾਨਕ' ਚਰਨ-ਸ਼ਰਨ ਵਿਚ ਹਾਂ।੫੨।

***ਸਾਰੰਸ਼ :*** ਵਾਹਿਗੁਰੂ ਜੀ ਪ੍ਰਾਣੀ ਮਾਤਰ ਦੇ ਸਰੀਰ ਤੇ ਜਿੰਦ ਦੇ ਰਖਵਾਲੇ ਹਨ, ਇਸ ਲਈ ਸਦਾ ਉਹਨਾਂ ਦੀ ਸ਼ਰਨ ਲੈਣੀ ਬਣਦੀ ਹੈ।

**ਜੇਨ ਕਲਾ ਧਾਰਿਓ ਆਕਾਸੰ**
**ਬੈਸੰਤਰੰ ਕਾਸਟ ਬੇਸਟੰ ॥**
**ਜੇਨ ਕਲਾ ਸਸਿ ਸੂਰ ਨਖ੍ਯਤ੍ਰ ਜੋਤਿ੍ਯੰ**
**ਸਾਸੰ ਸਰੀਰ ਧਾਰਣੰ ॥**

**ਜੇਨ ਕਲਾ ਮਾਤ ਗਰਭ ਪ੍ਰਤਿਪਾਲੰ**
**ਨਹ ਛੇਦੰਤ ਜਠਰ ਰੋਗਣਹ ॥**
**ਤੇਨ ਕਲਾ ਅਸਥੰਭੰ ਸਰੋਵਰੰ**
**ਨਾਨਕ ਨਹ ਛਿਜੰਤਿ ਤਰੰਗ ਤੋਯਣਹ ॥੫੩॥**

*(ਪੰਨਾ ੧੩੫੮-੫੯)*

***ਉਚਾਰਣ-ਬੋਧ :*** ਨਖ੍ਹਤ੍ਰ—ਨੱਖਿਅਤ੍ਰ। ਜੋਤਿੰ—ਜੋਤਿਅੰ। ਤੋਯਣਹ—ਤੋਇਅਣਹ। ਪ੍ਰਤਿਪਾਲੰ—ਪ੍ਰਿਤਪਾਲੰ ਉਚਾਰਣ ਨਹੀਂ ਕਰਨਾ। ਆਕਾਸੰ—'ਅ' 'ਾ' ਛੱਡਣਾ ਨਹੀਂ; ਉਚਾਰਣ ਦਾ ਹਿੱਸਾ ਬਣਾਓ ਜੀ।

***ਪਦ ਅਰਥ :*** ਜੇਨ—ਜਿਸ ਨੇ। ਕਲਾ—ਸ਼ਕਤੀ, ਤਾਕਤ। ਬੈਸੰਤਰੰ—ਅਗਨੀ। ਕਾਸਟ—ਲੱਕੜੀ। ਬੇਸਟੰ—ਵੇੜ੍ਹਿਆ ਹੈ, ਸੰਪਟ ਕੀਤਾ ਹੈ। ਸਸਿ—ਚੰਦਰਮਾ। ਸੂਰ—ਸੂਰਜ। ਨਖ੍ਹਤ੍ਰ—ਤਾਰੇ। ਜੋਤਿੰ—ਜੋਤੀ, ਪ੍ਰਕਾਸ਼। ਸਾਸੰ—ਸਵਾਸ। ਧਾਰਣੰ—ਟਿਕਾਏ ਹੋਏ ਹਨ। ਮਾਤ ਗਰਭ—ਮਾਤਾ ਦੇ ਪੇਟ ਵਿਚ। ਪ੍ਰਤਿਪਾਲੰ—ਪ੍ਰਤਿਪਾਲਣਾ। ਛੇਦੰਤ—ਨਾਸ ਹੋਣਾ। ਜਠਰ ਰੋਗਣਹ—ਮਾਤਾ ਦੇ ਪੇਟ ਦੇ ਰੋਗ। ਤੇਨ—ਉਸ ਨੇ। ਅਸਥੰਭੰ—ਥੰਭ, ਸਹਾਰਾ, ਅਸਥਿਰਤਾ। ਸਰੋਵਰੰ—ਸਮੁੰਦਰ। ਨਹ ਛਿਜੰਤਿ—ਨਾਸ ਨਹੀਂ ਹੁੰਦੀ (ਧਰਤੀ)। ਤਰੰਗ ਤੋਯਣਹ—ਪਾਣੀ ਦੀਆਂ ਛੱਲਾਂ।੫੩।

***ਅਰਥ :*** ਜਿਸ (ਸ਼ਕਤੀਮਾਨ ਪ੍ਰਭੂ) ਨੇ ਆਪਣੀ ਸ਼ਕਤੀ ਨਾਲ ਆਕਾਸ਼ ਨੂੰ (ਥੰਮ੍ਹਾਂ ਦੇ ਬਗ਼ੈਰ) ਟਿਕਾਇਆ ਹੋਇਆ ਹੈ ਅਤੇ ਲੱਕੜੀ ਵਿਚ ਅਗਨੀ ਨੂੰ ਸੰਪਟ ਕੀਤਾ ਹੋਇਆ ਹੈ। ਜਿਸ (ਪ੍ਰਭੂ) ਨੇ ਆਪਣੀ ਸਤਿਆ ਨਾਲ (ਜਗਤ ਨੂੰ ਪ੍ਰਕਾਸ਼ ਦੇਣ ਵਾਲੇ) ਚੰਦਰਮਾ, ਸੂਰਜ ਤੇ ਤਾਰਿਆਂ ਨੂੰ ਸਦੀਵੀ ਜੋਤੀ ਬਖ਼ਸ਼ੀ ਹੋਈ ਹੈ ਅਤੇ (ਨੌਂ ਦੁਆਰਿਆਂ ਵਾਲੇ) ਸਰੀਰਾਂ ਵਿਚ ਸਵਾਸ ਟਿਕਾਏ ਹੋਏ ਹਨ। ਜਿਸ ਪ੍ਰਭੂ ਨੇ ਆਪਣੀ ਕਲਾ ਨਾਲ ਮਾਤਾ ਦੇ ਗਰਭ ਵਿਚ ਜੀਵ ਦੀ ਪ੍ਰਤਿਪਾਲਣਾ ਦੀ ਬਿਧਿ ਬਣਾਈ ਹੋਈ ਹੈ, ਜਿਸ ਸਦਕਾ ਜਠਰ (ਗਰਭ) ਰੋਗ (ਅਗਨੀ) ਜੀਵ ਨੂੰ ਨਾਸ ਨਹੀਂ ਕਰ ਸਕਦਾ।

'ਨਾਨਕ'! ਉਸੇ (ਪ੍ਰਭੂ) ਨੇ ਆਪਣੀ ਸ਼ਕਤੀ ਨਾਲ (ਜੀਵ ਨੂੰ) ਸੰਸਾਰ-ਸਮੁੰਦਰ ਵਿਚ ਵੀ ਆਸਰਾ ਦਿੱਤਾ ਹੋਇਆ ਹੈ, (ਜਿਸ ਸਦਕਾ) ਸੰਸਾਰ-ਸਾਗਰ ਦੀਆਂ ਮਾਰੂ ਛੱਲਾਂ ਜੀਵ ਦਾ ਨਾਸ ਨਹੀਂ ਕਰ ਸਕਦੀਆਂ।੫੩।

***ਸਾਰੰਸ਼ :*** ਬ੍ਰਹਿਮੰਡ ਦੇ ਸਾਰੇ ਨਖਿਅਤਰਾਂ ਤੇ ਪਦਾਰਥਾਂ ਵਿਚ ਪ੍ਰਭੂ ਦੀ ਸਤਿਆ ਕੰਮ ਕਰ ਰਹੀ ਹੈ। ਉਸੇ ਦੀ ਸਤਿਆ ਜੀਵਾਂ ਦੀ ਵਿਰੋਧੀ ਤਾਕਤਾਂ ਤੋਂ ਰੱਖਿਆ ਕਰਦੀ ਹੈ। ਗੁਰਵਾਕ :

**ਗਰਭ ਅਗਨਿ ਮਹਿ ਜਿਨਹਿ ਉਬਾਰਿਆ॥**
**ਰਕਤ ਕਿਰਮ ਮਹਿ ਨਹੀ ਸੰਘਾਰਿਆ॥**
**ਅਪਨਾ ਸਿਮਰਨੁ ਦੇ ਪ੍ਰਤਿਪਾਲਿਆ**
**ਓਹੁ ਸਗਲ ਘਟਾ ਕਾ ਮਾਲਕਾ॥੨॥੧੩॥**

*(ਮਾਰੂ ਮ: ੫ ਸੋਲਹੇ, ਪੰਨਾ ੧੦੮੪)*

## ਗੁਸਾਂਈ ਗਰਿਸ੍ਰ ਰੂਪੇਣ
## ਸਿਮਰਣੰ ਸਰਬਤ੍ਰ ਜੀਵਣਹ॥
## ਲਬਧੵੰ ਸੰਤ ਸੰਗੇਣ,
## ਨਾਨਕ, ਸ੍ਵਛ ਮਾਰਗ ਹਰਿ ਭਗਤਣਹ॥੫੪॥

*(ਪੰਨਾ ੧੩੫੯)*

***ਉਚਾਰਣ-ਬੋਧ :*** ਲਬਧੵੰ ਨੂੰ ਲਬਧਿਅੰ; ਸ੍ਵਛ ਨੂੰ ਸੁਅੱਛ ਬੋਲੋ ਜੀ। ਜੀਵਣਹ, ਭਗਤਣਹ—ਅੰਤਲਾ 'ਹ' ਮੁਕਤਾ ਹੈ, 'ਹਿ' ਉਚਾਰਣ ਨਹੀਂ ਕਰਨਾ ਜੀ।

***ਪਦ ਅਰਥ :*** ਗੁਸਾਂਈ—ਧਰਤੀ ਦਾ ਮਾਲਕ, ਪ੍ਰਭੂ। ਗਰਿਸ੍ਰ—ਗੌਰਵਤਾ ਵਾਲਾ। ਰੂਪੇਣ—ਅਤਿ ਸੁੰਦਰ। ਸਿਮਰਣੰ—ਸਿਮਰਨ। ਸਰਬਤ੍ਰ—ਸਾਰਿਆਂ ਦਾ। ਜੀਵਣਹ—ਜੀਵਨ। ਲਬਧੵੰ—ਲੱਭਦਾ ਹੈ। ਸੰਤ ਸੰਗੇਣ—ਸੰਤ-ਸਤਿਗੁਰੂ ਦੀ ਸੰਗਤ ਵਿਚ। ਸ੍ਵਛ—ਸਾਫ਼ ਸੁਥਰਾ, ਨਿਰਮਲ।੫੪।

***ਅਰਥ :*** ਧਰਤੀ ਦਾ ਮਾਲਕ (ਪ੍ਰਭੂ) ਵੱਡੇ ਗੌਰਵ ਵਾਲਾ ਅਤੇ ਸੁੰਦਰ ਰੂਪ ਵਾਲਾ ਹੈ, ਉਸ ਦਾ ਸਿਮਰਨ ਸਾਰੇ ਜੀਵਾਂ ਦਾ ਜੀਵਨ-ਆਧਾਰ ਹੈ। 'ਨਾਨਕ'! ਪ੍ਰਭੂ-ਸਿਮਰਨ ਸੰਤ-ਸਤਿਗੁਰੂ ਦੀ ਸੰਗਤ ਵਿੱਚੋਂ ਲੱਭਦਾ ਹੈ ਅਤੇ ਇਹ (ਸਿਮਰਨ ਦਾ) ਨਿਰਮਲ ਮਾਰਗ ਹਰੀ ਦੇ ਭਗਤ ਹੀ ਅਪਣਾਉਂਦੇ ਹਨ।੫੪।

***ਸਾਰੰਸ਼ :*** ਨਾਮ-ਸਿਮਰਨ ਜੀਵਨ ਦਾ ਸਹੀ ਆਧਾਰ ਅਤੇ ਨਿਰਮਲ ਮਾਰਗ ਹੈ। ਇਸ ਦੀ ਬਖ਼ਸ਼ਸ਼ ਸੰਤ-ਸਤਿਗੁਰੂ ਦੀ ਸੰਗਤ ਵਿੱਚੋਂ ਹੁੰਦੀ ਹੈ।

**ਮਸਕੰ ਭਗਨੰਤ ਸੈਲੰ**
**ਕਰਦਮੰ ਤਰੰਤ ਪਪੀਲਕਹ ॥**
**ਸਾਗਰੰ ਲੰਘੰਤਿ ਪਿੰਗੰ**
**ਤਮ ਪਰਗਾਸ ਅੰਧਕਹ ॥**
**ਸਾਧ ਸੰਗੇਣਿ ਸਿਮਰੰਤਿ ਗੋਬਿੰਦ**
**ਸਰਣਿ ਨਾਨਕ ਹਰਿ ਹਰਿ ਹਰੇ ॥੫੫॥** *(ਪੰਨਾ ੧੩੫੯)*

***ਪਦ ਅਰਥ :*** ਮਸਕੰ—ਮੱਛਰ। ਭਗਨੰਤ—ਭੰਨਦਾ ਹੈ। ਸੈਲੰ—ਪੱਥਰ, ਪਹਾੜ। ਕਰਦਮੰ—ਚਿੱਕੜ। ਤਰੰਤ—ਤਰਦੀ ਹੈ। ਪਪੀਲਕਹ—ਕੀੜੀ। ਸਾਗਰੰ—ਸਮੁੰਦਰ। ਲੰਘੰਤਿ—ਲੰਘਦਾ ਹੈ। ਪਿੰਗੰ—ਪਿੰਗਲਾ, ਲੂਲ੍ਹਾ। ਤਮ—ਹਨੇਰਾ। ਪਰਗਾਸ—ਪ੍ਰਕਾਸ਼, ਚਾਨਣ। ਅੰਧਕਹ—ਅੰਨ੍ਹੇ ਮਨੁੱਖ ਨੂੰ। ਸਾਧ ਸੰਗੇਣਿ—ਸਾਧ ਸੰਗਤ ਵਿਚ।੫੫।

ਇਸ ਸਲੋਕ ਦੇ ਅਰਥ ਆਖ਼ਰੀ ਪੰਗਤੀ ਤੋਂ ਚੁੱਕੇ ਗਏ ਹਨ :

***ਅਰਥ :*** 'ਨਾਨਕ'! ਸਾਧ ਸੰਗਤ ਵਿਚ ਜੁੜ ਕੇ, ਵਾਹਿਗੁਰੂ ਦੀ ਓਟ ਲੈ ਕੇ, ਉਸ ਦਾ ਮਨ-ਬਚਨ-ਕਰਮ ਕਰਕੇ ਸਿਮਰਨ ਕਰਨ ਨਾਲ (ਮਨੁੱਖ ਵਿਚ ਅਨੰਤ ਸ਼ਕਤੀ ਆ ਜਾਂਦੀ ਹੈ, ਜਿਸ ਸਦਕਾ ਉਹ ਅਦਭੁੱਤ ਕਾਰਨਾਮੇ ਕਰਨ ਦੇ ਸਮਰੱਥ ਹੋ ਜਾਂਦਾ ਹੈ, ਜਿਵੇਂ):

ਮੱਛਰ ਪਹਾੜ ਨੂੰ ਤੋੜ ਦੇਵੇ, ਕੀੜੀ ਚਿੱਕੜ ਵਿੱਚੋਂ ਤਰ ਕੇ ਲੰਘ ਜਾਵੇ, ਪਿੰਗਲਾ ਸਮੁੰਦਰ ਪਾਰ ਕਰ ਜਾਵੇ ਅਤੇ ਅੰਨ੍ਹੇ ਪੁਰਸ਼ ਨੂੰ ਅੰਨ੍ਹੇਰੇ ਵਿਚ ਪ੍ਰਕਾਸ਼ ਹੋ ਜਾਵੇ।੫੫।

***ਸਾਰੰਸ਼ :*** ਪ੍ਰਭੂ ਦੀ ਓਟ ਲੈ ਕੇ ਸਾਧ ਸੰਗਤ ਵਿਚ ਸਿਮਰਨ ਕਰਨ ਨਾਲ ਤੁੱਛ ਜਿੰਦਾਂ ਵੀ ਅਦਭੁੱਤ ਕਾਰਨਾਮੇ ਕਰਨ ਦੇ ਸਮਰੱਥ ਹੋ ਜਾਂਦੀਆਂ ਹਨ। ਜਿਵੇਂ ਗੁਰਵਾਕ :

**ਪਿੰਗੁਲ ਪਰਬਤ ਪਾਰਿ ਪਰੇ ਖਲ ਚਤੁਰ ਬਕੀਤਾ ॥**
**ਅੰਧੁਲੇ ਤ੍ਰਿਭਵਣ ਸੂਝਿਆ ਗੁਰ ਭੇਟਿ ਪੁਨੀਤਾ ॥੧॥**
**ਮਹਿਮਾ ਸਾਧੂ ਸੰਗ ਕੀ ਸੁਨਹੁ ਮੇਰੇ ਮੀਤਾ ॥**
**ਮੈਲੁ ਖੋਈ ਕੋਟਿ ਅਘ ਹਰੇ ਨਿਰਮਲ ਭਏ ਚੀਤਾ ॥੧॥ਰਹਾਉ॥੩੭॥**

*(ਬਿਲਾਵਲੁ ਮ: ੫, ਪੰਨਾ ੮੦੯)*

**ਤਿਲਕ ਹੀਣੰ ਜਥਾ ਬਿਪ੍ਰਾ**
**ਅਮਰ ਹੀਣੰ ਜਥਾ ਰਾਜਨਹ ॥**
**ਆਵਧ ਹੀਣੰ ਜਥਾ ਸੂਰਾ**
**ਨਾਨਕ ਧਰਮ ਹੀਣੰ ਤਥਾ ਬੈਸ੍ਨਵਹ ॥੫੬॥** *(ਪੰਨਾ ੧੩੫੯)*

***ਉਚਾਰਣ-ਬੋਧ :*** ਰਾਜਨਹ, ਬੈਸ੍ਨਵਹ—'ਹ' ਉਚਾਰਣ 'ਹਿ' ਨਹੀਂ। ਬੈਸ੍ਨਵਹ—'ਸ' ਪੈਰ ਅੱਖਰ 'ਨ' ਦਾ ਉਚਾਰਣ ਮਿਲਵਾਂ।

***ਪਦ ਅਰਥ :*** ਹੀਣੰ—ਬਿਨਾਂ, ਖ਼ਾਲੀ। ਜਥਾ—ਜਿਵੇਂ। ਬਿਪ੍ਰਾ—ਪੰਡਿਤ, ਬ੍ਰਾਹਮਣ। ਅਮਰ—ਹੁਕਮ। ਰਾਜਨਹ—ਰਾਜਾ। ਆਵਧ—ਸ਼ਸਤਰ। ਸੂਰਾ—ਸੂਰਮਾ, ਜੋਧਾ। ਤਥਾ—ਤਿਵੇਂ। ਬੈਸ੍ਨਵਹ—ਵਿਸ਼ਨੂੰ (ਪ੍ਰਭੂ) ਦਾ ਭਗਤ।੫੬।

***ਅਰਥ :*** ਤਿਲਕ (ਮੱਥੇ ਦੇ ਟਿੱਕੇ) ਤੋਂ ਵਿਰਵਾ ਜਿਵੇਂ (ਕੋਈ) ਬ੍ਰਾਹਮਣ ਹੋਵੇ, ਹੁਕਮ ਦੀ ਸਮਰੱਥਾ ਤੋਂ ਵਾਂਝਾ ਜਿਵੇਂ (ਕੋਈ) ਰਾਜਾ ਹੋਵੇ ਅਤੇ ਸ਼ਸਤਰ ਤੋਂ ਖ਼ਾਲੀ ਜਿਵੇਂ (ਕੋਈ) ਸੂਰਮਾ ਹੋਵੇ (ਆਪੋ-ਆਪਣੇ ਲਖਣ ਤੋਂ ਬਗ਼ੈਰ ਇਹ ਸਾਰੇ ਕਿਸੇ ਲੇਖੇ ਨਹੀਂ)।

ਤਿਵੇਂ ਹੀ 'ਨਾਨਕ'! ਧਰਮ ਤੋਂ ਖ਼ਾਲੀ ਪ੍ਰਭੂ-ਭਗਤ ਵੀ (ਕਿਸੇ ਲੇਖੇ ਨਹੀਂ) ਹੈ।੫੬।

***ਸਾਰੰਸ਼ :*** ਪ੍ਰਭੂ ਦੇ ਭਗਤ ਲਈ ਧਰਮ ਦਾ ਧਾਰਨੀ ਹੋਣਾ ਮੁੱਢਲੀ ਸ਼ਰਤ ਹੈ।

**ਨ ਸੰਖੰ ਨ ਚਕ੍ਰੰ, ਨ ਗਦਾ ਨ ਸਿਆਮੰ ॥**
**ਅਸ੍ਚਰਜ ਰੂਪੰ, ਰਹੰਤ ਜਨਮੰ ॥**
**ਨੇਤ ਨੇਤ ਕਥੰਤਿ ਬੇਦਾ ॥**
**ਊਚ ਮੂਚ ਅਪਾਰ ਗੋਬਿੰਦਹ ॥**
**ਬਸੰਤਿ ਸਾਧ ਰਿਦਯੰ ਅਚੁਤ**
**ਬੁਝੰਤਿ ਨਾਨਕ ਬਡਭਾਗੀਅਹ ॥੫੭॥** *(ਪੰਨਾ ੧੩੫੯)*

***ਉਚਾਰਣ-ਬੋਧ :*** ਗੋਬਿੰਦਹ, ਬਡਭਾਗੀਅਹ—ਅੰਤਲਾ 'ਹ' ਉਚਾਰਣ 'ਹਿ' ਨਹੀਂ ਕਰਨਾ। ਰਿਦਯੰ ਦਾ ਉਚਾਰਣ 'ਰਿਦਿਅੰ' ਵਾਂਗ।

***ਪਦ ਅਰਥ :*** ਸੰਖੰ—ਸੰਖ (ਜੋ ਵਜਾਈਦਾ ਹੈ)। ਚਕ੍ਰੰ—ਚੱਕਰ। ਗਦਾ—ਮੁਗਦਰ। ਸਿਆਮੰ—ਸਾਂਵਲਾ (ਕਾਲਾ) ਰੰਗ। ਅਸ੍ਚਰਜ—ਅਦਭੁੱਤ। ਰਹੰਤ—

ਰਹਿਤ। ਜਨਮੰ—ਜਨਮ ਲੈਣ ਤੋਂ। ਨੇਤ ਨੇਤ—ਨ ਇਤਿ, ਨ ਇਤਿ, ਨਹੀਂ ਹੈ ਉਸ ਜਿੱਡਾ ਹੋਰ ਕੋਈ। ਕਥੰਤਿ—ਕਥਦੇ ਹਨ। ਊਚ ਮੂਚ—ਉੱਚਾ ਤੇ ਵੱਡੇ ਵਿਸਥਾਰ ਵਾਲਾ। ਅਪਾਰ—ਜਿਸ ਦਾ ਪਾਰਾਵਾਰ ਨਾ ਲੱਭ ਸਕੇ। ਬਸੰਤਿ—ਵੱਸਦਾ ਹੈ। ਅਚੁਤ—ਅਬਿਨਾਸ਼ੀ ਪ੍ਰਭੂ ਦਾ ਨਾਮ। ਬੁਝੰਤਿ—ਬੁੱਝਦੇ ਹਨ। ਬਡਭਾਗੀਅਹ—ਵੱਡਿਆਂ ਭਾਗਾਂ ਵਾਲੇ।੫੭।

***ਅਰਥ :*** (ਨਿਰਗੁਣ ਪ੍ਰਭੂ ਦਾ ਚਿਹਨ) ਨਾ ਸੰਖ ਹੈ, ਨਾ ਚੱਕਰ ਹੈ, ਨਾ ਗਦਾ ਹੈ, ਨਾ ਸਿਆਮ ਰੰਗ ਹੈ। ਉਸ ਦੀ ਹਸਤੀ ਅਦਭੁੱਤ ਹੈ, ਜੋ ਜਨਮ ਮਰਨ ਤੋਂ ਰਹਿਤ ਹੈ। ਵੇਦ ਉਸ ਨੂੰ ਨੇਤ ਨੇਤ ਕਰ ਕੇ ਬਿਆਨ ਕਰਦੇ ਹਨ (ਭਾਵ, ਵੇਦ ਕਹਿੰਦੇ ਹਨ ਕਿ ਉਸ ਜਿੱਡਾ ਹੋਰ ਕੋਈ ਨਹੀਂ), ਉਹ ਗੋਬਿੰਦ ਬਹੁਤ ਹੀ ਉੱਚਾ ਤੇ ਵੱਡੇ ਵਿਸਥਾਰ ਵਾਲਾ ਹੈ ਅਤੇ ਉਸ ਦਾ ਕੋਈ ਪਾਰਾਵਾਰ ਨਹੀਂ। ਉਹ ਅਬਿਨਾਸ਼ੀ ਪ੍ਰਭੂ ਸੰਤਾਂ ਦੇ ਹਿਰਦੇ ਵਿਚ ਵੱਸਦਾ ਹੈ। 'ਨਾਨਕ'! ਵੱਡੇ ਭਾਗਾਂ ਵਾਲੇ ਬੰਦੇ ਹੀ (ਇਹ ਤੱਤ-ਸਾਰ) ਸਮਝਦੇ ਹਨ।੫੭।

***ਸਾਰੰਸ਼ :*** ਨਿਰਗੁਣ ਪ੍ਰਭੂ ਦਾ ਕੋਈ ਸਥੂਲ ਚਿਹਨ ਚੱਕਰ ਨਹੀਂ। ਉਹ ਅਦੁੱਤੀ ਹੈ। ਅਜਿਹਾ ਦਿਬ-ਜੋਤੀਸ਼ਵਰ ਪ੍ਰਭੂ ਸਤ-ਪੁਰਸ਼ਾਂ ਦੇ ਹਿਰਦੇ ਵਿਚ ਨਿਵਾਸ ਰੱਖਦਾ ਹੈ।

**ਉਦਿਆਨ ਬਸਨੰ ਸੰਸਾਰੰ**
**ਸਨਬੰਧੀ ਸ੍ਵਾਨ ਸਿਆਲ ਖਰਹ ॥**
**ਬਿਖਮ ਸਥਾਨ ਮਨ ਮੋਹ ਮਦਿਰੰ**
**ਮਹਾਂ ਅਸਾਧ ਪੰਚ ਤਸਕਰਹ ॥**
**ਹੀਤ ਮੋਹ ਭੈ ਭਰਮ ਭ੍ਰਮਣੰ**
**ਅਹੰ ਫਾਂਸ ਤੀਖ੍ਯਣ ਕਠਿਨਹ ॥**
**ਪਾਵਕ ਤੋਅ ਅਸਾਧ ਘੋਰੰ**
**ਅਗਮ ਤੀਰ ਨਹ ਲੰਘਨਹ ॥**
**ਭਜੁ ਸਾਧ ਸੰਗਿ ਗੁੋਪਾਲ ਨਾਨਕ**
**ਹਰਿ ਚਰਣ ਸਰਣ ਉਧਰਣ ਕ੍ਰਿਪਾ ॥੫੮॥** *(ਪੰਨਾ ੧੩੫੯)*

***ਉਚਾਰਣ-ਬੋਧ :*** ਸ੍ਵਾਨ—ਸੁਆਨ। ਤੀਖ੍ਯਣ—ਤੀਖਿਅਣ। ਖਰਹ, ਤਸਕਰਹ,

ਕਠਿਨਹ, ਲੰਘਨਹ ਸ਼ਬਦਾਂ ਦੇ ਅੰਤਲੇ 'ਹ' ਦਾ ਉਚਾਰਣ 'ਹਿ' ਕਰਨਾ ਠੀਕ ਨਹੀਂ। ਗੋੁਪਾਲ—'ਗ' ਅੱਖਰ ਨਾਲ ਦੋ ਲਗਾਂ ( ੋ ) ਤੇ ( ੁ ) ਹਨ। ਸ਼ਬਦ ਗੋਪਾਲ ਹੈ; ਏਥੇ 'ਗੁਪਾਲ' ਭਾਵ ( ੁ ) ਨਾਲ ਉਚਾਰਣ ਕਰਨਾ ਹੈ। ਤੋਅ—'ਅ' ਹੋੜੇ ਦਾ ਲਮਕਾਅ ਹੈ; 'ਤੋਆ' ਉਚਾਰਣ ਨਹੀਂ ਕਰਨਾ। ਉਧਰਣ—ਉਧਾਰਣ ਦਾ ਸੰਖੇਪ ਰੂਪ; ਇਸ ਦੇ ਉਚਾਰਣ ਵਿਚ 'ਧ' ਦੀ ਧੁਨੀ ਦਾ ਉਚਾਰਣ ਬਲ ਸਹਿਤ (ਉੱਧਰਣ ਵਾਂਗ)।

***ਪਦ ਅਰਥ :*** ਉਦਿਆਨ—ਉਜਾੜ, ਜੰਗਲ। ਬਸਨੰ—ਵਸੇਬਾ। ਸਨਬੰਧੀ—ਸਾਥੀ। ਸ੍ਵਾਨ—ਕੁੱਤੇ। ਸਿਆਲ—ਗਿੱਦੜ। ਖਰਹ—ਖੋਤੇ। ਬਿਖਮ ਸਥਾਨ—ਬਿਖੜਾ ਥਾਂ। ਮਦਿਰੰ—ਨਸ਼ਾ। ਅਸਾਧ—ਨਾ ਜਿੱਤੇ ਜਾ ਸਕਣ ਵਾਲੇ। ਤਸਕਰਹ—ਚੋਰ। ਹੀਤ—ਹਿੱਤੂ। ਭੈ—ਡਰ! ਭ੍ਰਮਣੰ—ਭਟਕ ਰਿਹਾ ਹੈ। ਅਹੰ ਫਾਂਸ—ਹਉਮੈ ਦੀ ਫਾਹੀ। ਤੀਖ੍ਣ—ਤਿੱਖੀ। ਕਠਿਨਹ—ਔਖੀ, ਬਿਖੜੀ। ਪਾਵਕ ਤੋਅ—ਪਾਣੀ ਦੀ ਥਾਂ ਤ੍ਰਿਸ਼ਨਾ ਦੀ ਅੱਗ। ਪਾਵਕ—ਅੱਗ। ਤੋਅ—ਪਾਣੀ। ਅਸਾਧ—ਜੋ ਸਾਧੀ ਨਾ ਜਾ ਸਕੇ, ਭਾਵ ਨਾ ਬੁਝਾਈ ਜਾ ਸਕਣ ਵਾਲੀ। ਘੋਰੰ—ਘਮਸਾਣ ਦੀ। ਅਗਮ ਤੀਰ—(ਪਾਰਲਾ) ਕੰਢਾ ਪਹੁੰਚ ਤੋਂ ਪਰੇ ਹੈ। ਭਜੁ—ਭਜਨ ਕਰ। ਉਧਰਣ—ਉਧਾਰ, ਪਾਰ-ਉਤਾਰਾ।੫੮।

***ਅਰਥ :*** (ਨਾਮ-ਸਿਮਰਨ ਤੋਂ ਬਗ਼ੈਰ) ਮਾਇਕੀ ਸੰਸਾਰ (ਜੋ ਵੇਖਣ ਨੂੰ ਬੜਾ ਸੁਹਾਵਣਾ ਤੇ ਰਮਣੀਕ ਜਾਪਦਾ ਹੈ) ਉਜਾੜ ਦਾ ਵਾਸਾ ਹੈ, ਇਸ ਵਿਚ ਕੁੱਤੇ, ਗਿੱਦੜ ਅਤੇ ਖੋਤੇ (ਪਸ਼ੂ ਸੁਭਾਅ) ਜੀਵ ਦੇ ਸਾਥੀ ਹਨ। ਮਾਇਆ-ਮੋਹ ਦੇ ਨਸ਼ੇ ਵਿਚ ਗ਼ਲਤਾਨ ਮਨ, ਨਾ-ਸਾਧੇ ਜਾਣ ਵਾਲੇ ਪੰਜ ਕਾਮਾਦਿਕ ਚੋਰਾਂ ਦੇ ਸੰਗ ਸਾਥ, ਬਿਖੜੇ ਥਾਂ 'ਤੇ ਵੱਸਦਾ ਹੈ। ਸੰਸਾਰਕ ਹਿੱਤੂਆਂ ਦੇ ਮੋਹ ਕਰਕੇ, ਡਰ ਤੇ ਤੌਖਲਿਆਂ ਦੇ ਕਾਰਨ ਜੀਵ ਭਟਕਦਾ ਰਹਿੰਦਾ ਹੈ, ਹੰਕਾਰ ਦੀ ਤਿੱਖੀ ਤੇ ਦੁਖਦਾਈ ਫਾਹੀ (ਇਸ ਦੇ ਗਲ ਵਿਚ) ਪਈ ਹੋਈ ਹੈ।

(ਇਸ ਸੰਸਾਰ-ਸਾਗਰ ਵਿਚ) ਪਾਣੀ ਦੀ ਥਾਵੇਂ ਨਾ ਬੁਝਾਈ ਜਾ ਸਕਣ ਵਾਲੀ (ਤ੍ਰਿਸ਼ਨਾ ਦੀ) ਭਿਆਨਕ ਅੱਗ ਮੱਚ ਰਹੀ ਹੈ। ਸਾਗਰ ਦਾ (ਪਾਰਲਾ) ਕੰਢਾ ਪਹੁੰਚ ਤੋਂ ਬਾਹਰ ਹੈ, ਭਾਵ, ਇਸ ਤੋਂ ਪਾਰ ਲੰਘਿਆ ਨਹੀਂ ਜਾ ਸਕਦਾ।

'ਨਾਨਕ'! ਸਾਧ ਸੰਗਤ ਵਿਚ ਜੁੜ ਕੇ ਗੋਪਾਲ ਦਾ ਭਜਨ ਕਰ। ਇੰਜ ਹਰੀ ਦੀ ਚਰਨ ਸ਼ਰਨ ਲੈਣ ਨਾਲ ਅਤੇ ਉਸ ਦੀ ਕਿਰਪਾ ਦੁਆਰਾ ਹੀ (ਸੰਸਾਰ-ਸਾਗਰ ਤੋਂ) ਪਾਰ-ਉਤਾਰਾ ਹੋ ਸਕਦਾ ਹੈ।੫੮।

***ਸਾਰੰਸ਼ :*** ਮਾਇਕੀ ਸੰਸਾਰ ਵਿਚ ਜੀਵ ਉੱਤੇ ਪਸ਼ੂ-ਬਿਰਤੀਆਂ ਹਾਵੀ ਰਹਿੰਦੀਆਂ ਹਨ। ਸਰੀਰਕ ਚਸਕੇ ਅਤੇ ਵਿਕਾਰ ਮਨੁੱਖ ਦੀ ਸਤਿਆ ਖੀਣ ਕਰ ਦਿੰਦੇ ਹਨ ਤੇ ਸੰਸਾਰ ਉਸ ਲਈ ਇਕ ਉਜਾੜ ਥਾਂ ਬਣ ਜਾਂਦਾ ਹੈ।

ਸੰਸਾਰ-ਸਾਗਰ ਤੋਂ ਪਾਰ-ਉਤਾਰੇ ਦਾ ਇੱਕੋ ਤਰੀਕਾ ਹੈ ਤੇ ਉਹ ਇਹ ਕਿ ਸਾਧ ਸੰਗਤ ਵਿਚ ਜੁੜ ਕੇ, ਪ੍ਰਭੂ ਦੀ ਓਟ ਲੈ ਕੇ ਉਸ ਦਾ ਭਜਨ ਕੀਤਾ ਜਾਵੇ।

**ਕ੍ਰਿਪਾ ਕਰੰਤ ਗੋਬਿੰਦ ਗੋਪਾਲਹ**
**ਸਗਲ੍ਯੰ ਰੋਗ ਖੰਡਣਹ ॥**
**ਸਾਧ ਸੰਗੇਣਿ ਗੁਣ ਰਮਤ ਨਾਨਕ**
**ਸਰਣਿ ਪੂਰਨ ਪਰਮੇਸੁਰਹ ॥੫੯॥** *(ਪੰਨਾ ੧੩੫੯)*

***ਉਚਾਰਣ-ਬੋਧ :*** ਕ੍ਰਿਪਾ—'ਿ' ਉਚਾਰਣ ਪੈਰ-ਅੱਖਰ '੍ਰ' ਨਾਲ ਮਿਲਵਾਂ (ਕਰਿਪਾ ਵਾਂਗ)। ਗੋਪਾਲਹ, ਖੰਡਣਹ, ਪਰਮੇਸੁਰਹ ਸ਼ਬਦਾਂ ਦੇ ਅੰਤਲੇ ਮੁਕਤੇ 'ਹ' ਦਾ ਉਚਾਰਣ 'ਹਿ' ਕਰਨਾ ਦਰੁੱਸਤ ਨਹੀਂ। ਸਗਲ੍ਯੰ—ਸਗਲਿਅੰ।

***ਪਦ ਅਰਥ :*** ਕਰੰਤ—ਕਰਦਾ ਹੈ। ਸਗਲ੍ਯੰ—ਸਾਰੇ। ਖੰਡਣਹ—ਨਾਸ ਹੋ ਜਾਂਦੇ ਹਨ। ਸਾਧ ਸੰਗੇਣਿ—ਸਾਧ ਸੰਗਤ ਵਿਚ। ਰਮਤ—ਉਚਾਰਦਾ ਹੈ।੫੯।

***ਅਰਥ :*** 'ਨਾਨਕ'! ਗੋਬਿੰਦ ਗੋਪਾਲ (ਵਾਹਿਗੁਰੂ) ਜਿਸ ਜੀਵ ਉੱਤੇ ਕਿਰਪਾ ਕਰਦਾ ਹੈ, ਉਸ ਦੇ ਸਾਰੇ ਰੋਗ ਨਾਸ ਹੋ ਜਾਂਦੇ ਹਨ। ਫਿਰ ਉਹ ਸਾਧ ਸੰਗਤ ਵਿਚ ਜੁੜ ਕੇ ਪੂਰਨ ਪਰਮੇਸ਼ਰ ਦੀ ਓਟ ਲੈ ਕੇ (ਜੀਵਨ-ਪ੍ਰਯੰਤ) ਪ੍ਰਭੂ ਦੇ ਗੁਣ ਗਾਇਨ ਕਰਦਾ ਰਹਿੰਦਾ ਹੈ।੫੯।

***ਸਾਰੰਸ਼ :*** ਪ੍ਰਭੂ ਦੀ ਕਿਰਪਾ ਸਦਕਾ ਹੀ ਜੀਵ ਨੂੰ ਸਾਧ ਸੰਗਤ ਅਤੇ ਸਿਫ਼ਤਿ-ਸਾਲਾਹ ਦੀ ਦਾਤਿ ਪ੍ਰਾਪਤ ਹੁੰਦੀ ਹੈ।

**ਸਿਆਮਲੰ ਮਧੁਰ ਮਾਨੁਖ੍ਯੰ**
**ਰਿਦਯੰ ਭੂਮਿ ਵੈਰਣਹ ॥**
**ਨਿਵੰਤਿ ਹੋਵੰਤਿ ਮਿਥਿਆ**
**ਚੇਤਨੰ ਸੰਤ ਸ੍ਵਜਨਹ ॥੬੦॥** *(ਪੰਨਾ ੧੩੫੯)*

***ਉਚਾਰਣ-ਬੋਧ :*** ਮਾਨੁਖ੍ਯੰ—ਮਾਨੁਖਿਅੰ। ਸ੍ਵਜਨਹ—ਸੁਅੱਜਨਹ।

***ਪਦ ਅਰਥ :*** ਸਿਆਮਲੰ—ਸਿਆਮ ਦੇ ਰੰਗ ਵਾਲਾ, ਸੁੰਦਰ। ਮਧੁਰ—ਮਿੱਠ-ਬੋਲਾ। ਮਾਨੁਖੵੰ—ਜੀਵ। ਰਿਦਯੰ ਭੂਮਿ—ਹਿਰਦੇ-ਰੂਪੀ ਧਰਤੀ। ਵੈਰਣਹ—ਵੈਰ। ਨਿਵੰਤਿ—ਨਿਊਣਾ। ਹੋਵੰਤਿ—ਹੁੰਦਾ ਹੈ। ਮਿਥਿਆ—ਝੂਠ, ਫ਼ਰੇਬ। ਚੇਤਨੰ—ਚੇਤੰਨ, ਸਾਵਧਾਨ। ਸੁਜਨਹ—ਭਲੇ ਪੁਰਸ਼।੬੦।

***ਅਰਥ :*** ਕੋਈ ਮਨੁੱਖ (ਬਾਹਰੋਂ ਦਿੱਸਣ ਨੂੰ ਭਾਵੇਂ) ਸਿਆਮ-ਰੰਗਾ, ਭਾਵ, ਸੁੰਦਰ ਅਤੇ ਮਿੱਠ-ਬੋਲਾ ਹੋਵੇ, ਪਰ ਜੇਕਰ ਉਸ ਦੀ ਹਿਰਦੇ-ਭੂਮੀ ਵਿਚ ਵੈਰ-ਭਾਵਨਾ ਹੋਵੇ ਤਾਂ ਉਸ ਦਾ ਨੀਵਾਂ ਹੋ ਹੋ ਪੈਣਾ ਨਿਰਾ ਫ਼ਰੇਬ ਹੁੰਦਾ ਹੈ। ਪ੍ਰਭੂ ਦੇ ਭਲੇ ਪੁਰਸ਼ ਸੰਤ ਜਨ (ਅਜਿਹੇ ਪਰਪੰਚੀ ਪੁਰਸ਼ ਤੋਂ ਸਦਾ) ਚੇਤੰਨ, ਅਥਵਾ, ਸਾਵਧਾਨ ਰਹਿੰਦੇ ਹਨ।੬੦।

***ਸਾਰੰਸ਼ :*** ਕਪਟੀ ਤੇ ਪਖੰਡੀ ਪੁਰਖਾਂ ਤੋਂ ਸਦਾ ਸਾਵਧਾਨ ਰਹਿਣਾ ਚਾਹੀਦਾ ਹੈ। ਗੁਰਵਾਕ :

**ਜਿਨ੍ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ ॥੧॥੧॥**

*(ਆਸਾ ਸੇਖ ਫਰੀਦ ਜੀਉ ਕੀ ਬਾਣੀ, ਪੰਨਾ ੪੮੮)*

**ਅਚੇਤ ਮੂੜਾ ਨ ਜਾਣੰਤ**
**ਘਟੰਤ ਸਾਸਾ ਨਿਤ ਪ੍ਰਤੇ ॥**
**ਛਿਜੰਤ ਮਹਾ ਸੁੰਦਰੀ ਕਾਂਇਆ**
**ਕਾਲ ਕੰਨਿਆ ਗ੍ਰਾਸਤੇ ॥**
**ਰਚੰਤਿ ਪੁਰਖਹ ਕੁਟੰਬ ਲੀਲਾ**
**ਅਨਿਤ ਆਸਾ ਬਿਖਿਆ ਬਿਨੋਦ ॥**
**ਭ੍ਰਮੰਤਿ ਭ੍ਰਮੰਤਿ ਬਹੁ ਜਨਮ ਹਾਰਿਓ**
**ਸਰਣਿ ਨਾਨਕ ਕਰੁਣਾਮਯਹ ॥੬੧॥** *(ਪੰਨਾ ੧੩੫੯)*

***ਉਚਾਰਣ-ਬੋਧ :*** ਲੀਲਾ—ਲੀਲ੍ਹਾ। ਕਰੁਣਾਮਯਹ—ਕਰੁਣਾ ਮਇਅਹ।

***ਪਦ ਅਰਥ :*** ਅਚੇਤ—ਗ਼ਾਫ਼ਲ। ਮੂੜਾ—ਮੂਰਖ। ਨ ਜਾਣੰਤ—ਨਹੀਂ ਜਾਣਦਾ। ਘਟੰਤ—ਘਟਦੇ ਹਨ। ਸਾਸਾ—ਸਵਾਸ। ਨਿਤ ਪ੍ਰਤੇ—ਹਰ ਰੋਜ਼, ਸਦਾ। ਛਿਜੰਤ—ਛਿਜ ਰਹੀ ਹੈ, ਖੀਣ ਹੋ ਰਹੀ ਹੈ। ਕਾਲ ਕੰਨਿਆ—ਕਾਲ ਦੀ ਪੁੱਤਰੀ, ਭਾਵ ਬਿਰਧ ਅਵਸਥਾ। ਗ੍ਰਾਸਤੇ—ਖਾ ਰਹੀ ਹੈ। ਰਚੰਤਿ—ਰਚਦਾ ਹੈ। ਪੁਰਖਹ—

ਮਨੁੱਖ। ਕੁਟੰਬ ਲੀਲਾ—ਕੁਟੰਬੀਆਂ ਦੇ ਚੋਜ-ਤਮਾਸ਼ਿਆਂ ਵਿਚ। ਅਨਿਤ ਆਸਾ—ਝੂਠੀ ਆਸਾ। ਬਿਖਿਆ ਬਿਨੋਦ—ਮਾਇਆ ਦੀਆਂ ਖ਼ੁਸ਼ੀਆਂ। ਭ੍ਰਮੰਤਿ ਭ੍ਰਮੰਤਿ—ਭਟਕ ਭਟਕ ਕੇ। ਕਰੁਣਾਮਯਹ—ਤਰਸ-ਸਰੂਪ।੬੧।

***ਅਰਥ :*** ਗ਼ਾਫ਼ਲ ਤੇ ਮੂਰਖ ਪ੍ਰਾਣੀ ਇਹ ਨਹੀਂ ਜਾਣਦਾ ਕਿ ਦਿਨ-ਬਦਿਨ ਸਵਾਸ ਘਟਦੇ ਜਾ ਰਹੇ ਹਨ। ਇਹ ਅਤਿ ਸੁੰਦਰ ਦੇਹੀ (ਸਮੇਂ ਦੇ ਗੇੜ ਨਾਲ) ਖੀਣ ਹੁੰਦੀ ਜਾ ਰਹੀ ਹੈ ਤੇ ਕਾਲ ਦੀ ਪੁੱਤਰੀ, ਭਾਵ ਬਿਰਧ ਅਵਸਥਾ ਇਸ ਨੂੰ ਆਪਣੀ ਬੁਰਕੀ ਬਣਾ ਰਹੀ ਹੈ। (ਗ਼ਾਫ਼ਲ) ਪ੍ਰਾਣੀ ਕੁਟੰਬੀਆਂ ਦੇ ਕਲੋਲਾਂ ਵਿਚ ਰਚਿਆ ਰਹਿੰਦਾ ਹੈ ਅਤੇ ਮਾਇਕੀ ਚੋਜ-ਤਮਾਸ਼ਿਆਂ ਵਿੱਚੋਂ ਅਨੰਦ ਦੀ ਝੂਠੀ ਆਸਾ ਲਾਈ ਰੱਖਦਾ ਹੈ। (ਅਜਿਹੀਆਂ ਮਾਨਸਿਕ ਪ੍ਰਸਥਿਤੀਆਂ ਕਾਰਨ) ਪ੍ਰਾਣੀ ਕਈ ਜਨਮਾਂ ਵਿਚ ਭਟਕ ਭਟਕ ਕੇ ਹਾਰ-ਹੰਭ ਜਾਂਦਾ ਹੈ। ਤਾਂ ਤੇ 'ਨਾਨਕ'! (ਇਸ ਭਟਕਣ ਦੇ ਚੱਕਰ ਤੋਂ ਬਚਣ ਲਈ) ਤਰਸ-ਸਰੂਪ ਵਾਹਿਗੁਰੂ ਦੀ ਸ਼ਰਨ ਲੈਣੀ ਚਾਹੀਦੀ ਹੈ।੬੧।

***ਸਾਰੰਸ਼ :*** ਗ਼ਾਫ਼ਲ ਮਨੁੱਖ ਮਾਇਕ ਰਸਾਂ-ਕਸਾਂ ਵਿਚ ਖਚਤ ਹੋ ਕੇ ਮਨੁੱਖਾ-ਜਨਮ ਅਜਾਈਂ ਗਵਾ ਲੈਂਦਾ ਹੈ ਤੇ ਅਨੇਕਾਂ ਜੂਨਾਂ ਦੇ ਗੇੜਿਆਂ ਵਿਚ ਭਟਕ ਭਟਕ ਕੇ ਦੁਖੀ ਹੁੰਦਾ ਹੈ। ਇਸ ਚੱਕਰ ਤੋਂ ਛੁਟਕਾਰਾ ਵਾਹਿਗੁਰੂ ਦੀ ਸ਼ਰਨ ਲੈਣ ਨਾਲ ਹੀ ਹੋ ਸਕਦਾ ਹੈ।

**ਹੇ ਜਿਹਬੇ ਹੇ ਰਸਗੇ**
**ਮਧੁਰ ਪ੍ਰਿਅ ਤੁਯੰ ॥**
**ਸਤ ਹਤੰ ਪਰਮ ਬਾਦੰ**
**ਅਵਰਤਏਥਹ ਸੁਧ ਅਛਰਣਹ ॥**
**ਗੋਬਿੰਦ ਦਾਮੋਦਰ ਮਾਧਵੇ ॥੬੨॥** *(ਪੰਨਾ ੧੩੫੯)*

***ਉਚਾਰਣ-ਬੋਧ :*** ਤੁਯੰ—ਤੁਅੰ। ਅਵਰਤਏਥਹ—ਪਦ-ਛੇਦ ਨਹੀਂ ਕਰਨਾ; ਪਾਠ ਇਕੱਠਾ।

***ਪਦ ਅਰਥ :*** ਹੇ ਜਿਹਬੇ—ਹੇ ਰਸਨਾ! ਰਸਗੇ—ਰਸ + ਗੇ, ਰਸਾਂ ਦੀ ਗਿਆਤਾ, ਰਸਾਂ ਦੀ ਪਰਖ-ਪਛਾਣ ਕਰਨ ਵਾਲੀ ਜੀਭਾ। ਮਧੁਰ—ਮਿੱਠੇ ਪਦਾਰਥ। ਪ੍ਰਿਅ—ਪਿਆਰੇ। ਤੁਯੰ—ਤੈਨੂੰ। ਸਤ—ਸਤਿ ਦਾ ਉਚਾਰਣ ਕਰਦਿਆਂ, ਭਾਵ ਸਤਿ ਸਰੂਪ ਵਾਹਿਗੁਰੂ। ਹਤੰ—ਹਤਣਾ, ਮਰਨਾ। ਪਰਮ—ਵੱਡੇ।

ਬਾਦੰ—ਝਗੜੇ ਫ਼ਸਾਦ। ਅਵਰਤਏਥਹ—(ਸੰ:) ਮੁੜ ਮੁੜ ਉਚਾਰਨ ਕਰ। ਸੁਧ ਅਛਰਣਹ—ਅੰਮ੍ਰਿਤ-ਸ਼ਬਦ। ਮਾਧਵੇ—ਵਾਹਿਗੁਰੂ।੬੨।

***ਅਰਥ :*** ਹੇ ਜੀਭਾ! ਹੇ ਰਸਾਂ ਨੂੰ ਪਰਖਣ ਤੇ ਮਾਨਣ ਵਾਲੀਏ! ਤੈਨੂੰ ਮਿੱਠੇ ਪਦਾਰਥ ਪਿਆਰੇ ਲੱਗਦੇ ਹਨ। (ਮਿੱਠੇ ਪਦਾਰਥ ਖਾ ਕੇ ਤੂੰ ਜ਼ਹਿਰ ਉਗਲਦੀ ਹੈਂ) ਵੱਡੇ ਵੱਡੇ ਝਗੜੇ ਖੜ੍ਹੇ ਕਰਦੀ ਹੈਂ, ਪਰ ਸਤਿ-ਸਰੂਪ ਵਾਹਿਗੁਰੂ ਦਾ ਨਾਮ ਉਚਾਰਣ ਕਰਨ ਵੇਲੇ ਤੈਨੂੰ ਮਰੀ ਪੈਂਦੀ ਹੈ।

(ਹਿਰਦਾ ਸੁੱਧ ਕਰਨ ਵਾਲੇ) ਅੰਮ੍ਰਿਤ-ਸ਼ਬਦ 'ਗੋਬਿੰਦ', 'ਦਾਮੋਦਰ', 'ਮਾਧੋ' ਮੁੜ ਮੁੜ ਉਚਾਰਣ ਕਰ।੬੨।

***ਸਾਰੰਸ਼ :*** **ਸਾ ਰਸਨਾ ਜਲਿ ਜਾਉ ਜਿਨਿ ਹਰਿ ਕਾ ਨਾਉ ਵਿਸਾਰਿਆ ॥**
**ਨਾਨਕ ਗੁਰਮੁਖਿ ਰਸਨਾ ਹਰਿ ਜਪੈ ਹਰਿ ਕੈ ਨਾਇ ਪਿਆਰਿਆ ॥੨॥੫॥**
*(ਬਿਹਾਗੜੇ ਕੀ ਵਾਰ, ਪੰਨਾ ੫੫੦)*

**ਗਰਬੰਤਿ ਨਾਰੀ ਮਦੋਨਮਤੰ ॥**
**ਬਲਵੰਤ ਬਲਾਤਕਾਰਣਹ ॥**
**ਚਰਨ ਕਮਲ ਨਹ ਭਜੰਤ**
**ਤ੍ਰਿਣ ਸਮਾਨਿ ਧ੍ਰਿਗੁ ਜਨਮਨਹ ॥**
**ਹੇ ਪਪੀਲਕਾ ਗ੍ਰਸਟੇ**
**ਗੋਬਿੰਦ ਸਿਮਰਣ ਤੁਯੰ ਧਨੇ ॥**
**ਨਾਨਕ ਅਨਿਕ ਬਾਰ ਨਮੋ ਨਮਹ ॥੬੩॥** *(ਪੰਨਾ ੧੩੫੯)*

***ਉਚਾਰਣ-ਬੋਧ :*** ਬਲਾਤਕਾਰਣਹ, ਨਹ, ਜਨਮਨਹ, ਨਮਹ ਸ਼ਬਦਾਂ ਵਿਚ 'ਹ' ਮੁਕਤਾ ਹੈ; 'ਹਿ' ਉਚਾਰਣ ਨਹੀਂ ਕਰਨਾ। ਤ੍ਰਿਣ, ਧ੍ਰਿਗੁ—'ਿ' ਉਚਾਰਣ ਪੈਰ-ਅੱਖਰ '੍ਰ' ਨਾਲ ਮਿਲਵਾਂ। ਤੁਯੰ ਉਚਾਰਣ ਤੁਅੰ ਕਰਨਾ ਹੈ।

***ਪਦ ਅਰਥ :*** ਗਰਬੰਤਿ—ਹੰਕਾਰ ਕਰਦਾ ਹੈ। ਮਦੋਨਮਤੰ—ਮਦਨ ਦਾ ਮੱਤਾ ਹੋਇਆ, ਕਾਮ-ਵਾਸ਼ਨਾ ਦਾ ਮੱਤਾ ਹੋਇਆ। ਬਲਵੰਤ—ਬਲਵਾਨ। ਬਲਾਤਕਾਰਣਹ—ਵਧੀਕੀਆਂ ਕਰਨ ਵਾਲਾ, ਧੱਕਾਸ਼ਾਹੀ, ਧਿੰਗੋਜ਼ੋਰੀ ਕਰਨ ਵਾਲਾ (ਵਹਿਸ਼ੀ ਮਨੁੱਖ)। ਨਹ ਭਜੰਤ—ਨਹੀਂ ਭੱਜਦਾ, ਨਹੀਂ ਸਿਮਰਦਾ। ਤ੍ਰਿਣ ਸਮਾਨਿ—ਤੀਲੇ ਬਰਾਬਰ। ਧ੍ਰਿਗੁ—ਫਿਟਕਾਰ ਜੋਗ। ਜਨਮਨਹ—ਜਨਮ,

ਜੀਵਨ। ਪਪੀਲਕਾ—ਕੀੜੀ। ਗ੍ਰਸਟੇ—ਭਾਰੀ, ਗੌਰਵ-ਸ਼ੀਲ, ਮਹਾਨ। ਤੁਯੰ ਧਨੇ—ਤੇਰਾ ਧਨ। ਨਮੋ ਨਮਹ—ਨਮਸਕਾਰ ਹੈ, ਨਮਸਕਾਰ ਹੈ।੬੩।

***ਅਰਥ :*** ਪਰ-ਨਾਰੀ ਦੀ ਕਾਮ-ਵਾਸ਼ਨਾ ਵਿਚ ਮੱਤਾ ਹੋਇਆ ਧੱਕਾ-ਸ਼ਾਹੀ ਕਰਨ ਵਾਲਾ (ਵਹਿਸ਼ੀ ਮਨੁੱਖ) ਆਪਣੇ ਬਲਵਾਨ ਹੋਣ ਦਾ ਹੰਕਾਰ ਕਰਦਾ ਹੈ। (ਅਜਿਹਾ ਮਨੁੱਖ) ਵਾਹਿਗੁਰੂ ਦੇ ਚਰਨ-ਕਮਲਾਂ ਨੂੰ ਨਹੀਂ ਸਿਮਰਦਾ, ਉਹ (ਗਲੀਆਂ ਦੇ) ਕੱਖਾਂ ਸਮਾਨ ਤੁੱਛ ਹੈ, ਉਸ ਦਾ ਜੀਵਨ ਫਿਟਕਾਰ ਜੋਗ ਹੈ।

ਹੇ (ਨਾਚੀਜ਼) ਕੀੜੀ ਜੀਵ-ਇਸਤਰੀਏ! ਜੇ ਗੋਬਿੰਦ ਪ੍ਰਭੂ ਦਾ ਨਾਮ-ਸਿਮਰਨ ਤੇਰਾ ਜੀਵਨ-ਸਰਮਾਇਆ ਹੈ ਤਾਂ ਤੂੰ (ਉਸ ਬਲਵਾਨ ਕਾਮੀ ਤੇ ਹੰਕਾਰੀ ਪੁਰਸ਼ ਦੇ ਮੁਕਾਬਲੇ 'ਤੇ) ਮਹਾਨ ਹੈਂ।

(ਜਿਸ ਗੋਬਿੰਦ-ਨਾਮ-ਧਨ ਸਦਕਾ ਤੂੰ ਮਹਾਨ ਹੋਈ ਹੈਂ) ਉਸ ਨੂੰ ਮੈਂ ਨਾਨਕ ਦੀ ਬਾਰੰ ਬਾਰ ਨਮਸਕਾਰ ਹੈ।੬੩।

***ਸਾਰੰਸ਼ :*** "ਸਮੁੰਦ ਸਾਹ ਸੁਲਤਾਨ ਗਿਰਹਾ ਸੇਤੀ ਮਾਲੁ ਧਨੁ ॥ ਕੀੜੀ ਤੁਲਿ ਨ ਹੋਵਨੀ ਜੇ ਤਿਸੁ ਮਨਹੁ ਨ ਵੀਸਰਹਿ ॥" ਦੇ ਭਾਵ ਅਨੁਸਾਰ ਪ੍ਰਭੂ ਤੋਂ ਭੁੱਲੇ ਹੋਏ ਬਲਵਾਨ ਤੇ ਧਨਵਾਨ ਬੰਦਿਆਂ ਨਾਲੋਂ ਉਹ ਕੀੜੀ ਮਹਾਨ ਹੈ, ਜਿਹੜੀ ਪ੍ਰਭੂ ਦੀ ਯਾਦ ਨੂੰ ਮਨ ਵਿਚ ਧਾਰਨ ਕਰਦੀ ਹੈ।

**ਤ੍ਰਿਣੰ ਤ ਮੇਰੰ, ਸਹਕੰ ਤ ਹਰੀਅੰ ॥**
**ਬੂਡੰ ਤ ਤਰੀਅੰ, ਊਣੰ ਤ ਭਰੀਅੰ ॥**
**ਅੰਧਕਾਰ ਕੋਟਿ ਸੂਰ ਉਜਾਰੰ ॥**
**ਬਿਨਵੰਤਿ ਨਾਨਕ ਹਰਿ ਗੁਰ ਦਯਾਰੰ ॥੬੪॥** *(ਪੰਨਾ ੧੩੫੯)*

***ਉਚਾਰਣ-ਬੋਧ :*** ਤ੍ਰਿਣੰ—'ਿ' ਅਤੇ ਪੈਰ-ਅੱਖਰ '੍ਰ' ਦਾ ਉਚਾਰਣ ਮਿਲਵਾਂ। ਸਹਕੰ—'ਹ' ਮੁਕਤਾ ਹੈ; 'ਸਹਿਕੰ' ਉਚਾਰਣ ਨਹੀਂ ਕਰਨਾ ਜੀ। ਦਯਾਰੰ—ਦਇਆਰੰ।

***ਪਦ ਅਰਥ :*** ਤ੍ਰਿਣੰ—ਤੀਲਾ। ਮੇਰੰ—ਪਹਾੜ। ਸਹਕੰ—ਖ਼ੁਸ਼ਕ, ਸੁੱਕਾ ਹੋਇਆ। ਹਰੀਅੰ—ਹਰਾ। ਬੂਡੰ—ਡੁੱਬਦਾ। ਊਣੰ—ਊਣਾ, ਸੱਖਣਾ, ਖ਼ਾਲੀ। ਅੰਧਕਾਰ—ਹਨੇਰੇ। ਕੋਟਿ—ਕਰੋੜ। ਸੂਰ—ਸੂਰਜ। ਉਜਾਰੰ—ਪ੍ਰਕਾਸ਼। ਬਿਨਵੰਤਿ—ਕਥਨ ਕਰਦਾ ਹੈ। ਦਯਾਰੰ—ਦਿਆਲ।੬੪।

ਇਸ ਸਲੋਕ ਦੇ ਅਰਥ ਅਖ਼ੀਰਲੀ ਤੁਕ ਤੋਂ ਚੁੱਕੇ ਗਏ ਹਨ:

***ਅਰਥ :*** ਨਾਨਕ ਕਥਨ ਕਰਦਾ ਹੈ ਕਿ ਜਦੋਂ ਹਰੀ-ਰੂਪ ਗੁਰੂ ਜੀ ਦਿਆਲ ਹੋ ਜਾਂਦੇ ਹਨ ਤਾਂ (ਤੁੱਛ) ਤੀਲਾ ਪਹਾੜ ਹੋ ਨਿਬੜਦਾ ਹੈ, ਸੁੱਕਾ ਹਰਿਆ ਹੋ ਜਾਂਦਾ ਹੈ, ਡੁੱਬਦਾ ਹੋਇਆ ਤਰ ਪੈਂਦਾ ਹੈ, ਖ਼ਾਲੀ ਹੋਇਆ ਹੋਇਆ ਭਰਿਆ ਜਾਂਦਾ ਹੈ ਅਤੇ ਘੁੱਪ-ਅੰਨ੍ਹੇਰੇ ਵਿਚ ਕਰੋੜਾਂ ਸੂਰਜਾਂ ਦਾ ਚਾਨਣ ਹੋ ਜਾਂਦਾ ਹੈ।੬੪।

***ਸਾਰੰਸ਼ :*** ਪ੍ਰਭੂ ਦੀ ਬਖ਼ਸ਼ਸ਼ ਵਿਚ ਹੀ ਬਲ-ਹੀਣ ਦੇ ਬਲਵਾਨ ਹੋਣ, ਗੁਣ-ਹੀਣ ਦੇ ਗੁਣਵਾਨ ਹੋਣ, ਤੇ ਗਿਆਨ-ਹੀਣ ਦੇ ਗਿਆਨਵਾਨ ਹੋਣ ਦਾ ਭੇਤ ਲੁਕਿਆ ਹੋਇਆ ਹੈ।

**ਬ੍ਰਹਮਣਹ ਸੰਗਿ ਉਧਰਣੰ**
**ਬ੍ਰਹਮ ਕਰਮ ਜਿ ਪੂਰਣਹ ॥**
**ਆਤਮ ਰਤੰ ਸੰਸਾਰ**
**ਗਹੰਤੇ ਨਰ ਨਾਨਕ ਨਿਹਫਲਹ ॥੬੫॥** *(ਪੰਨਾ ੧੩੬੦)*

***ਉਚਾਰਣ-ਬੋਧ :*** ਬ੍ਰਹਮਣਹ, ਪੂਰਣਹ, ਨਿਹਫਲਹ—ਅੰਤਲੇ 'ਹ' ਦਾ ਉਚਾਰਨ 'ਹਿ' ਕਰਨਾ ਠੀਕ ਨਹੀਂ।

***ਪਦ ਅਰਥ :*** ਬ੍ਰਹਮਣਹ ਸੰਗਿ—ਬ੍ਰਾਹਮਣ ਦੇ ਨਾਲ, ਬ੍ਰਾਹਮਣ ਦੀ ਸੰਗਤ ਵਿਚ। ਉਧਰਣੰ—ਪਾਰ-ਉਤਾਰਾ। ਬ੍ਰਹਮ ਕ੍ਰਮ—ਬ੍ਰਹਮ ਦੇ ਕਰਮ, ਪਾਰਬ੍ਰਹਮ ਨਾਲ ਸਾਂਝ ਪੱਕੀ ਕਰਨ ਵਾਲੇ ਕਰਮ। ਜਿ—ਜਿਹੜਾ। ਪੂਰਣਹ—ਪੂਰਨ, ਨਿਪੁੰਨ। ਆਤਮ—ਆਤਮਾ, ਮਨ। ਰਤੰ ਸੰਸਾਰ—ਸੰਸਾਰ ਦੇ ਭੋਗਾਂ (ਪਦਾਰਥਾਂ) ਵਿਚ ਗ਼ਲਤਾਨ। ਗਹੰਤੇ—ਗਛੰਤੇ, ਜਾਂਦੇ ਹਨ। ਨਿਹਫਲਹ—ਨਿਸਫਲ, ਖ਼ਾਲੀ।੬੫।

***ਅਰਥ :*** ਜਿਹੜਾ ਪ੍ਰਾਣੀ ਬ੍ਰਹਮ-ਕਰਮ (ਪਾਰਬ੍ਰਹਮ ਨਾਲ ਸਾਂਝ ਪੱਕੀ ਕਰਨ ਵਾਲੇ ਕਰਮ) ਕਰਨ ਵਿਚ ਨਿਪੁੰਨ ਹੈ, (ਉਹੀ ਸਹੀ ਅਰਥਾਂ ਵਿਚ ਬ੍ਰਾਹਮਣ ਹੈ)। ਅਜਿਹੇ ਬ੍ਰਾਹਮਣ ਦੀ ਸੰਗਤ ਵਿਚ ਸੰਸਾਰ-ਸਾਗਰ ਤੋਂ ਪਾਰ-ਉਤਾਰਾ ਹੋ ਜਾਂਦਾ ਹੈ।

ਪਰ ਹੇ ਨਾਨਕ ! ਜਿਹੜੇ ਮਨੁੱਖ ਮਨ ਕਰਕੇ ਸੰਸਾਰ (ਦੇ ਵਿਸ਼ੇ-ਭੋਗਾਂ) ਵਿਚ ਗ਼ਲਤਾਨ ਰਹਿੰਦੇ ਹਨ, ਉਹ (ਹੋਰਨਾਂ ਦੇ ਉੱਧਾਰ ਦੀ ਤਾਂ ਗੱਲ ਕਾਹਦੀ, ਆਪ ਵੀ ਸੰਸਾਰ ਤੋਂ) ਖ਼ਾਲੀ ਜਾਂਦੇ ਹਨ।੬੫।

***ਸਾਰੰਸ਼ :*** ਬ੍ਰਹਮ ਨੂੰ ਪਛਾਣਨ ਵਾਲਾ ਹੀ ਅਸਲ ਵਿਚ ਬ੍ਰਾਹਮਣ ਹੈ। ਉਹ ਆਪ ਤਰ ਜਾਂਦਾ ਹੈ ਤੇ ਹੋਰਨਾਂ ਨੂੰ ਵੀ ਤਾਰ ਲੈਂਦਾ ਹੈ, ਪਰ ਇਸ ਤੋਂ ਉਲਟ ਸੰਸਾਰਕ ਭੋਗਾਂ ਵਿਚ ਖੱਚਤ ਹੋਇਆ ਪ੍ਰਾਣੀ ਆਪਣਾ ਆਪ ਹੀ ਗੁਆ ਜਾਂਦਾ ਹੈ।

**ਕਹੁ ਕਬੀਰ ਜੋ ਬ੍ਰਹਮੁ ਬੀਚਾਰੈ ॥**
**ਸੋ ਬ੍ਰਾਹਮਣੁ ਕਹੀਅਤੁ ਹੈ ਹਮਾਰੈ ॥੪॥** *(ਗਉੜੀ ਕਬੀਰ ਜੀ, ਪੰਨਾ ੩੨੪)*

**ਪਰ ਦਰਬ ਹਿਰਣੰ ਬਹੁ ਵਿਘਨ ਕਰਣੰ**
**ਉਚਰਣੰ ਸਰਬ ਜੀਅ ਕਹ ॥**
**ਲਉ ਲਈ ਤ੍ਰਿਸਨਾ ਅਤਿਪਤਿ ਮਨ ਮਾਏ**
**ਕਰਮ ਕਰਤ ਸਿ ਸੂਕਰਹ ॥੬੬॥** *(ਪੰਨਾ ੧੩੬੦)*

***ਉਚਾਰਣ-ਬੋਧ :*** ਤ੍ਰਿਸਨਾ—(ੳ) 'ਿ' ਉਚਾਰਣ ਪੈਰ ਅੱਖਰ '੍ਰ' ਨਾਲ 'ਤਰਿਸਨਾ' ਵਾਂਗ। (ਅ) ਪੈਰ ਅੱਖਰ '੍ਰ' ਉਚਾਰਣ ਦਾ ਹਿੱਸਾ ਬਨਾਣਾ ਹੈ; ਛੱਡਣਾ ਨਹੀਂ। ਅਤਿਪਤਿ—'ਅ' ਤਿਪਤਿ ਦਾ ਅਗੇਤਰ ਹੈ; ਉਚਾਰਣ ਇਕੱਠਾ, 'ਅਤਿ ਪਤਿ' ਉਚਾਰਣ ਨਹੀਂ ਕਰਨਾ।

***ਪਦ ਅਰਥ :*** ਪਰ—ਪਰਾਇਆ। ਦਰਬ—ਧਨ। ਹਿਰਣੰ—ਚੋਰੀ ਕਰਨਾ। ਬਹੁ ਵਿਘਨ ਕਰਣੰ—ਬਹੁਤ ਵਿਘਨ (ਰੁਕਾਵਟਾਂ) ਪਾਉਣੇ। ਉਚਰਣੰ—ਉਚਾਰਣਾ, ਉਪਦੇਸ਼ ਕਰਨਾ। ਸਰਬ—ਸਾਰਿਆਂ ਨੂੰ। ਜੀਅ ਕਹ—ਜੀਵਾਂ ਪ੍ਰਤੀ, ਲੋਕਾਂ ਨੂੰ। ਲਉ ਲਈ ਤ੍ਰਿਸਨਾ—ਲੈਣ ਹੀ ਲੈਣ ਦੀ ਤ੍ਰਿਸ਼ਨਾ। ਅਤਿਪਤਿ—ਅਤ੍ਰਿਪਤੀ, ਅਸੰਤੋਖ। ਮਾਏ—ਮਾਇਆ। ਸਿ—ਸਦਰਸ਼, ਵਰਗੇ। ਸੂਕਰਹ—ਸੂਰ।੬੬।

***ਅਰਥ :*** (ਸੁਆਰਥੀ ਮਨੁੱਖ ਇਕ ਤਾਂ) ਪਰਾਇਆ ਧਨ ਚੁਰਾਂਦੇ ਹਨ ਅਤੇ (ਦੂਜਾ ਆਪਣੇ ਸੁਆਰਥ ਹਿੱਤ) ਦੂਜਿਆਂ ਦੇ ਕੰਮਾਂ ਵਿਚ ਕਈ ਰੁਕਾਵਟਾਂ ਪਾਂਦੇ ਹਨ। ਇਹ (ਮੁੱਖ/ਚੁੰਚ-ਗਿਆਨੀ) ਹੋਰ ਸਾਰੇ ਜੀਵਾਂ ਪ੍ਰਤੀ (ਮਾਇਆ ਤੋਂ ਬਚਣ ਦਾ) ਉਪਦੇਸ਼ ਕਰਦੇ ਹਨ। ਉਹਨਾਂ ਦੇ ਆਪਣੇ ਮਨ ਦੀ, ਮਾਇਆ ਇਕੱਤਰ ਕਰਨ ਦੀ, ਤ੍ਰਿਸ਼ਨਾ ਕਦੇ ਬੁਝਦੀ ਨਹੀਂ। (ਤ੍ਰਿਸ਼ਨਾ ਦੇ ਮੁੱਠੇ ਹੋਏ ਸਦਾ) ਸੂਰਾਂ ਵਰਗੇ (ਮਲੀਨ) ਕਰਮ ਕਰਦੇ ਰਹਿੰਦੇ ਹਨ।੬੬।

***ਸਾਰੰਸ਼ :*** ਮਾਇਆ ਦੀ ਤ੍ਰਿਸ਼ਨਾ ਮਨੁੱਖ ਦੀ ਜ਼ਮੀਰ ਨੂੰ ਮਾਰ ਕੇ ਉਸ ਤੋਂ ਘ੍ਰਿਣਤ ਕੰਮ ਕਰਵਾਉਂਦੀ ਹੈ।

**ਮਤੇ ਸਮੇਵ ਚਰਣੰ**
**ਉਧਰਣੰ ਭੈ ਦੁਤਰਹ ॥**
**ਅਨੇਕ ਪਾਤਿਕ ਹਰਣੰ**
**ਨਾਨਕ, ਸਾਧ ਸੰਗਮ ਨ ਸੰਸਯਹ ॥੬੭॥੪॥** *(ਪੰਨਾ ੧੩੬੦)*

***ਉਚਾਰਣ-ਬੋਧ :*** ਦੁਤਰਹ, ਸੰਸਯਹ—ਮੁਕਤਾ ਅੰਤਿਕ 'ਹ' ਉਚਾਰਣ 'ਹਿ' ਨਹੀਂ ਕਰਨਾ। ਸੰਸਯਹ—ਸੰਸਇਅਹ।

***ਪਦ ਅਰਥ :*** ਮਤੇ—ਮਸਤ। ਸਮੇਵ—ਸਮੇਉ, ਸਮਾਉਣਾ। ਚਰਣੰ—(ਪ੍ਰਭੂ) ਚਰਨਾਂ ਵਿਚ। ਉਧਰਣੰ—ਉਧਰਦੇ ਹਨ, ਪਾਰ ਹੋ ਜਾਂਦੇ ਹਨ। ਭੈ ਦੁਤਰਹ—ਡਰਾਉਣਾ ਤੇ ਔਖਾ ਤਰਿਆ ਜਾਣ ਵਾਲਾ ਸੰਸਾਰ-ਸਮੁੰਦਰ। ਪਾਤਿਕ—ਪਾਪ। ਹਰਣੰ—ਦੂਰ ਕਰਨ ਦੇ ਸਮਰੱਥ। ਸਾਧ ਸੰਗਮ—ਸਾਧਾਂ ਦੀ ਸੰਗਤ ਵਿਚ। ਨ ਸੰਸਯਹ—ਕੋਈ ਸੰਸਾ ਨਹੀਂ।੬੭।੪।

***ਅਰਥ :*** ਜਿਹੜੇ ਜੀਵ ਪ੍ਰਭੂ ਦੇ ਪਿਆਰ ਵਿਚ ਮਸਤ ਹੋਏ, ਉਸ ਦੇ ਚਰਨਾਂ ਵਿਚ ਸਮਾਏ ਰਹਿੰਦੇ ਹਨ, ਉਹ ਕਠਿਨ ਤੇ ਡਰਾਉਣੇ ਸੰਸਾਰ-ਸਾਗਰ ਤੋਂ ਪਾਰ ਹੋ ਜਾਂਦੇ ਹਨ।

'ਨਾਨਕ'! ਅਜਿਹੇ ਸਤ-ਪੁਰਸ਼ਾਂ ਦੀ ਸੰਗਤ ਅਨੇਕ ਪਾਪ ਨਾਸ ਕਰਨ ਦੇ ਸਮਰੱਥ ਹੈ; ਇਸ ਵਿਚ ਰਤੀ ਸੰਦੇਹ ਨਹੀਂ।੬੭।੪।

***ਸਾਰੰਸ਼ :*** ਪ੍ਰਭੂ-ਚਰਨਾਂ ਵਿਚ ਜੁੜੇ ਹੋਏ ਗੁਰਮੁਖਾਂ ਦੀ ਸੰਗਤ ਵਿਚ ਮਿਲਿਆਂ ਜਨਮ-ਜਨਮਾਂਤਰਾਂ ਦੇ ਪਾਪ ਕੱਟੇ ਜਾਂਦੇ ਹਨ।

ੴ ਸਤਿਗੁਰਪ੍ਰਸਾਦਿ ॥

# ਮਹਲਾ ੫ ਗਾਥਾ

ਗਾਥਾ—ਇਕ ਪ੍ਰਾਚੀਨ ਪ੍ਰਾਕ੍ਰਿਤ ਭਾਸ਼ਾ ਜਿਸ ਵਿਚ ਸੰਸਕ੍ਰਿਤ, ਪਾਲੀ ਅਤੇ ਹੋਰ ਬੋਲੀਆਂ ਦੇ ਸ਼ਬਦ ਲਿਖੇ ਹੋਏ ਮਿਲਦੇ ਹਨ।

**ਕਰਪੂਰ ਪੁਹਪ ਸੁਗੰਧਾ**
**ਪਰਸ ਮਾਨੁਖ੍ਯ ਦੇਹੰ ਮਲੀਣੰ ॥**
**ਮਜਾ ਰੁਧਿਰ ਦ੍ਰੁਗੰਧਾ**
**ਨਾਨਕ ਅਥਿ ਗਰਬੇਣ ਅਗ੍ਯਾਨਣੋ ॥੧॥** *(ਪੰਨਾ ੧੩੬੦)*

***ਉਚਾਰਣ-ਬੋਧ :*** ਮਾਨੁਖ੍ਯ—ਮਾਨੁਖਿਅ। ਮਜਾ—ਮੱਜਾ। ਅਗ੍ਯਾਨਣੋ—ਅਗਿਆਨਣੋ। ਰੁਧਿਰ—ਰੁਦਰ ਜਾਂ ਰੁਦਿਰ ਨਹੀਂ ਬੋਲਣਾ; 'ਧ' ਹੀ ਉਚਾਰਣਾ ਚਾਹੀਦਾ ਹੈ।

***ਪਦ ਅਰਥ :*** ਕਰਪੂਰ—ਮੁਸ਼ਕ ਕਪੂਰ (ਕਾਫ਼ੂਰ)। ਪੁਹਪ—ਫੁੱਲ। ਸੁਗੰਧਾ—ਸੁਗੰਧੀ ਵਾਲੇ ਪਦਾਰਥ। ਪਰਸ—ਛੁਹ [ਇਸਤ੍ਰੀ ਲਿੰਗ ਨਾਂਵ। ਜੇ 'ਪਰਸ' ਸ਼ਬਦ ਦੇ ਅੰਤਲੇ 'ਸ' ਅੱਖਰ ਨੂੰ ਸਿਹਾਰੀ ਲੱਗੀ ਹੁੰਦੀ ਤਾਂ ਇਹ ਪੂਰਬ-ਪੂਰਣ-ਕਾਦੰਤਕ ਬਣ ਜਾਂਦਾ। ਫਿਰ ਇਸ ਦਾ ਅਰਥ 'ਪਰਸ ਕੇ', 'ਛੁਹ ਕੇ' ਕੀਤਾ ਜਾਂਦਾ]। ਮਾਨੁਖ੍ਯ ਦੇਹੰ—ਮਨੁੱਖਾ ਦੇਹੀ। ਮਲੀਣੰ—ਮਲੀਨ, ਗੰਦੇ। ਮਜਾ—ਮਿੱਝ। ਰੁਧਿਰ—ਰਕਤ, ਲਹੂ। ਦ੍ਰੁਗੰਧਾ—ਦੁਰਗੰਧੀਆਂ। ਅਥਿ—ਇਸ ਉੱਤੇ। ਗਰਬੇਣ—ਗਰਬ, ਹੰਕਾਰ ਕਰਦਾ ਹੈ। ਅਗ੍ਯਾਨਣੋ—ਅਗਿਆਨੀ ਜੀਵ।੧।

***ਅਰਥ :*** ਮੁਸ਼ਕ ਕਪੂਰ, ਫੁੱਲ ਤੇ ਹੋਰ ਖ਼ੁਸ਼ਬੂਦਾਰ ਪਦਾਰਥ ਮਨੁੱਖਾ ਦੇਹੀ ਦੀ ਛੁਹ ਨਾਲ ਗੰਦੇ ਹੋ ਜਾਂਦੇ ਹਨ (ਕਿਉਂਕਿ ਇਸ ਦੇਹੀ ਅੰਦਰ) ਮਿੱਝ, ਲਹੂ ਤੇ ਹੋਰ ਦੁਰਗੰਧੀਆਂ ਹਨ। 'ਨਾਨਕ'! ਅਗਿਆਨੀ ਜੀਵ ਇਸ (ਦੁਰਗੰਧੀ ਨਾਲ ਭਰੀ ਦੇਹੀ) ਉੱਤੇ ਹੰਕਾਰ ਕਰਦਾ ਹੈ।੧।

***ਸਾਰੰਸ਼ :*** ਮਨੁੱਖਾ ਸਰੀਰ ਦੇ ਸੁੰਦਰ ਚੰਮ ਥੱਲੇ ਲਹੂ, ਮਿੱਝ ਅਤੇ ਹੋਰ ਦੁਰਗੰਧੀਆਂ ਢੱਕੀਆਂ ਹੋਈਆਂ ਹਨ। ਅਨੇਕ ਪ੍ਰਕਾਰ ਦੇ ਸੁਗੰਧੀ ਵਾਲੇ ਪਦਾਰਥ ਇਸ ਨਾਲ ਲੱਗ ਕੇ ਮਗਰੋਂ ਬਦਬੂ ਮਾਰਨ ਲੱਗ ਪੈਂਦੇ ਹਨ। ਇਸ ਮਲੀਨ ਸਰੀਰ ਦਾ ਹੰਕਾਰ ਕਰਨਾ ਨਿਰੀ ਮੂਰਖਤਾ ਹੈ। ਯਥਾ ਗੁਰਵਾਕ :

**ਰੂਪ ਧੂਪ ਸੋਗੰਧਤਾ ਕਾਪਰ ਭੋਗਾਦਿ ॥**
**ਮਿਲਤ ਸੰਗਿ ਪਾਪਿਸਟ ਤਨ ਹੋਏ ਦੁਰਗਾਦਿ ॥੨॥੮॥**

*(ਬਿਲਾਵਲੁ ਮ: ੫, ਪੰਨਾ ੮੧੦)*

**ਪਰਮਾਣੋ ਪਰਜੰਤ ਆਕਾਸਹ**
**ਦੀਪ ਲੋਅ ਸਿ ਖੰਡਣਹ ॥**
**ਗਛੇਣ ਨੈਣ ਭਾਰੇਣ**
**ਨਾਨਕ ਬਿਨਾ ਸਾਧੂ ਨ ਸਿਧ੍ਹਤੇ ॥੨॥** *(ਪੰਨਾ ੧੩੬੦)*

***ਉਚਾਰਣ-ਬੋਧ :*** ਆਕਾਸਹ—'ਅ' 'ਕੰਨਾ' ਛੱਡਣਾ ਨਹੀਂ, ਉਚਾਰਣ ਦਾ ਹਿੱਸਾ ਬਨਾਣਾ ਹੈ। ਆਕਾਸਹ, ਖੰਡਣਹ—ਮੁਕਤਾ ਅੰਤਿਕ 'ਹ' ਦੀ ਧੁਨੀ ਖੜੀ-ਤੜੀ ਹੁੰਦੀ ਹੈ; 'ਹਿ' ਉਚਾਰਣ ਕਰਨਾ ਦਰੁੱਸਤ ਨਹੀਂ। ਸਿਧ੍ਹਤੇ—ਸਿਧਿਅਤੇ।

***ਪਦ ਅਰਥ :*** ਪਰਮਾਣੋ—ਪਰਮਾਣੂ (ਪਰਮ + ਅਣੂ) ਅਤਿ ਸੂਖਮ ਅਣੂ। ਪਰਜੰਤ—ਪਰਯੰਤ, ਤੀਕ, ਤੋੜੀ। ਆਕਾਸਹ—ਆਕਾਸ਼। ਦੀਪ—ਜਜ਼ੀਰੇ, ਟਾਪੂ। ਲੋਅ—ਲੋਕ। ਖੰਡਣਹ—ਖੰਡ, ਬ੍ਰਹਿਮੰਡ ਦੇ ਹਿੱਸੇ। ਗਛੇਣ—ਗੱਛਣਾ, ਜਾਣਾ, ਜਾ ਆਵੇ। ਨੈਣ ਭਾਰੇਣ—ਅੱਖ ਦੇ ਪਲਕਾਰੇ ਵਿਚ। ਸਾਧੂ—ਸਤਿਗੁਰੂ। ਨ ਸਿਧ੍ਹਤੇ—ਸਫਲ ਨਹੀਂ ਹੁੰਦਾ।

***ਅਰਥ :*** ਹੇ 'ਨਾਨਕ'! ਜੇ ਕੋਈ ਪ੍ਰਾਣੀ (ਕਿਸੇ ਸਿਧੀ ਦੇ ਬਲ-ਬੋਤੇ) ਪਰਮਾਣੂ ਜਿੰਨਾ ਸੂਖਮ ਹੋ ਕੇ ਆਕਾਸ਼ਾਂ ਵਿਚ ਉੱਡਦਾ ਫਿਰੇ, ਬ੍ਰਹਿਮੰਡ ਦੇ ਸਾਰੇ ਦੀਪ (ਟਾਪੂ), ਲੋਅ (ਲੋਕ) ਅਤੇ ਖੰਡ ਅੱਖ ਦੇ ਪਲਕਾਰੇ ਵਿਚ ਫਿਰ ਆਵੇ (ਤਾਂ ਵੀ) ਸਾਧੂ-ਸਤਿਗੁਰੂ ਭੇਟੇ ਬਿਨਾਂ (ਜੀਵਨ-ਮਨੋਰਥ ਦੀ ਪ੍ਰਾਪਤੀ ਕਰਨ ਵਿਚ) ਸਫਲ ਨਹੀਂ ਹੋ ਸਕਦਾ।੨।

***ਸਾਰੰਸ਼ :*** ਸਤਿਗੁਰੂ ਦੀ ਸ਼ਰਨ ਲਏ ਬਿਨਾਂ ਮਨੁੱਖਾ ਜਨਮ ਸਫਲ ਨਹੀਂ ਹੋ ਸਕਦਾ, ਭਾਵੇਂ ਕੋਈ ਪ੍ਰਾਣੀ ਕਿੰਨੀਆਂ ਹੀ ਰਿਧੀਆਂ ਸਿਧੀਆਂ ਪ੍ਰਾਪਤ ਕਿਉਂ ਨਾ ਕਰ ਲਵੇ। ਜਿਵੇਂ :

[1]ਬਸਤਰਿ ਪਹਿਰੇ ਅਗਨਿ ਕੈ ਬਰਫ ਹਿਮਾਲੇ ਮੰਦਰੁ ਛਾਈ॥
ਕਰੇ ਰਸੋਈ ਸਾਰ ਦੀ ਸਗਲੀ ਧਰਤੀ ਨਥਿ ਚਲਾਈ॥
ਏਵਡੁ ਕਰੀ ਵਿਥਾਰ ਕਉ ਸਗਲੀ ਧਰਤੀ ਹਕੀ ਜਾਈ॥
ਤੋਲੀ ਧਰਤਿ ਅਕਾਸਿ ਦੁਇ ਪਿਛੇ ਛਾਬੇ ਟੰਕੁ ਚੜਾਈ॥
ਇਹ ਬਲੁ ਰਖਾ ਆਪਿ ਵਿਚਿ ਜਿਸੁ ਆਖਾ ਤਿਸੁ ਪਾਗਿ ਕਰਾਈ॥
ਸਤਿਨਾਮ ਬਿਨੁ ਬਾਦਰਿ ਛਾਈ॥੪੩॥ (੧) *(ਭਾਈ ਗੁਰਦਾਸ ਜੀ)*

**ਜਾਣੋ ਸਤਿ ਹੋਵੰਤੋ**
**ਮਰਣੋ ਦ੍ਰਿਸਟੇਣ ਮਿਥਿਆ॥**
**ਕੀਰਤਿ ਸਾਥਿ ਚਲੰਥੋ**
**ਭਣੰਤਿ ਨਾਨਕ ਸਾਧ ਸੰਗੇਣ॥੩॥** *(ਪੰਨਾ ੧੩੬੦)*

***ਪਦ ਅਰਥ :*** ਜਾਣੋ—ਸਮਝੋ। ਹੋਵੰਤੋ—ਸਦੀਵਕਾਲ ਹੋਂਦ ਵਾਲਾ। ਮਰਣੋ—ਬਿਨਸਨਹਾਰ। ਦ੍ਰਿਸਟੇਣ—ਦ੍ਰਿਸ਼ਟਮਾਨ, ਦਿੱਸਦਾ ਪਸਾਰਾ। ਮਿਥਿਆ—ਝੂਠਾ। ਕੀਰਤਿ—ਕੀਰਤੀ, ਵਾਹਿਗੁਰੂ ਦੀ ਸਿਫ਼ਤਿ-ਸਾਲਾਹ। ਚਲੰਥੋ—ਚੱਲਦੀ ਹੈ। ਸਾਥਿ ਚਲੰਥੋ—ਨਾਲ ਚੱਲਦੀ ਹੈ, ਨਾਲ ਨਿੱਭਦੀ ਹੈ। ਭਣੰਤਿ—ਕੀਤੀ ਹੋਈ। ਸਾਧ ਸੰਗੇਣ—ਸਾਧ ਸੰਗਤ ਵਿਚ।੩।

***ਅਰਥ :*** ਸਦੀਵਕਾਲ ਹੋਂਦ ਵਾਲੇ ਵਾਹਿਗੁਰੂ ਨੂੰ ਸਤਿ ਜਾਣੋ, ਦ੍ਰਿਸ਼ਟਮਾਨ ਪਸਾਰੇ ਨੂੰ ਮਿਥਿਆ ਸਮਝੋ, ਇਹ (ਅਵੱਸ਼) ਬਿਨਸਨਹਾਰ ਹੈ। 'ਨਾਨਕ'! ਸਾਧ ਸੰਗ ਵਿਚ ਜੁੜ ਕੇ ਕੀਤੀ ਹੋਈ (ਸਦੀਵਕਾਲ ਹੋਂਦ ਵਾਲੇ ਵਾਹਿਗੁਰੂ ਦੀ) ਸਿਫ਼ਤਿ-ਸਾਲਾਹ (ਮਰਨ ਮਗਰੋਂ ਵੀ ਮਨੁੱਖ ਦੇ) ਨਾਲ ਨਿੱਭਦੀ ਹੈ।੩।

***ਸਾਰੰਸ਼ :*** ਇਸ ਮਿਥਿਆ ਸੰਸਾਰ ਵਿੱਚੋਂ ਜੋ ਕੁਝ ਲੋਕ-ਪਰਲੋਕ ਵਿਚ ਮਨੁੱਖ ਦੇ ਨਾਲ ਨਿੱਭਦਾ ਹੈ ਤਾਂ ਉਹ ਹੈ ਸਾਧ ਸੰਗਤ ਵਿਚ ਜੁੜ ਕੇ ਕੀਤੀ ਪ੍ਰਭੂ ਦੀ ਸਿਫ਼ਤਿ-ਸਾਲਾਹ। ਗੁਰਵਾਕ :

ਸਾਥਿ ਨ ਚਾਲੈ ਬਿਨੁ ਭਜਨ ਬਿਖਿਆ ਸਗਲੀ ਛਾਰੁ॥
ਹਰਿ ਹਰਿ ਨਾਮੁ ਕਮਾਵਨਾ ਨਾਨਕ ਇਹੁ ਧਨੁ ਸਾਰੁ॥੧॥੧੯॥
*(ਗਉੜੀ ਸੁਖਮਨੀ ਮ: ੫, ਪੰਨਾ ੨੮੮)*

ਦ੍ਰਿਸਟਿਮਾਨ ਹੈ ਸਗਲ ਮਿਥੇਨਾ॥ *(ਮਾਰੂ ਮ: ੫, ਪੰਨਾ ੧੦੮੩)*

---

੧. *ਨੋਟ :* ਇਸ ਪਉੜੀ ਦੇ ਲਗਮਾਤ੍ਰੀ ਸਰੂਪ ਬਾਰੇ ਵੱਖ ਵੱਖ ਪ੍ਰਕਾਸ਼ਨਾਂ ਵਿਚ ਕਾਫ਼ੀ ਅੰਤਰ ਹੈ। ਇਸ ਬਾਰੇ ਪੰਥਕ ਪੱਧਰ 'ਤੇ ਧਿਆਨ ਦਿੱਤੇ ਜਾਣ ਦੀ ਲੋੜ ਹੈ।

**ਮਾਯਾ ਚਿਤ ਭਰਮੇਣ**
**ਇਸਟ ਮਿਤ੍ਰੇਖੁ ਬਾਂਧਵਹ ॥**
**ਲਬਧੵੰ ਸਾਧ ਸੰਗੇਣ**
**ਨਾਨਕ ਸੁਖ ਅਸਥਾਨੰ ਗੋਪਾਲ ਭਜਣੰ ॥੪॥** *(ਪੰਨਾ ੧੩੬੦)*

***ਉਚਾਰਣ-ਬੋਧ :*** ਮਾਯਾ—ਮਾਇਆ। ਲਬਧੵੰ—ਲਬਧਿਅੰ।

***ਪਦ ਅਰਥ :*** ਚਿਤ—ਮਨੁੱਖੀ ਮਨ। ਭਰਮੇਣ—ਭਰਮਾਂਦੀ ਹੈ, ਭਟਕਾਂਦੀ ਹੈ। ਇਸਟ—ਪਿਆਰੇ। ਮਿਤ੍ਰੇਖੁ—ਮਿੱਤਰਾਂ ਵਿਚ। ਬਾਂਧਵਹ—ਸਨਬੰਧੀਆਂ ਵਿਚ। ਲਬਧੵੰ—ਲੱਭਦਾ ਹੈ। ਸਾਧ ਸੰਗੇਣ—ਸਾਧ ਸੰਗਤ ਵਿਚ। ਸੁਖ ਅਸਥਾਨੰ—ਸੁੱਖਾਂ ਦਾ ਟਿਕਾਣਾ। ਗੋਪਾਲ ਭਜਣੰ—ਗੋਪਾਲ ਪ੍ਰਭੂ ਦਾ ਭਜਨ।੪।

***ਅਰਥ :*** ਮਾਇਆ (ਮਨੁੱਖੀ) ਮਨ ਨੂੰ ਪਿਆਰੇ ਮਿੱਤਰਾਂ ਤੇ ਸਨਬੰਧੀਆਂ (ਦੇ ਮੋਹ) ਵਿਚ ਭਟਕਾਈ ਫਿਰਦੀ ਹੈ।

'ਨਾਨਕ'! ਸੁੱਖਾਂ ਦਾ (ਅਚੱਲ) ਟਿਕਾਣਾ ਪ੍ਰਭੂ ਦਾ ਭਜਨ ਹੈ, ਜੋ ਸਾਧ ਸੰਗਤ ਵਿੱਚੋਂ ਲੱਭਦਾ ਹੈ।੪।

***ਸਾਰੰਸ਼ :*** ਇਹ ਸਾਰੇ ਸੰਸਾਰਕ ਸੰਬੰਧ ਮਾਇਆ ਦਾ ਹੀ ਪਸਾਰਾ ਹੈ। ਇਨ੍ਹਾਂ ਵਿਚ ਰਚ ਕੇ ਭਟਕਣਾ ਹੀ ਪੱਲੇ ਪੈਂਦੀ ਹੈ। ਸੱਚਾ ਸੁੱਖ ਕੇਵਲ ਪ੍ਰਭੂ-ਸਿਮਰਨ ਵਿਚ ਹੈ, ਜੋ ਸਾਧ ਸੰਗਤ ਦੁਆਰਾ ਪ੍ਰਾਪਤ ਹੋ ਸਕਦਾ ਹੈ। ਗੁਰਵਾਕ :

**ਸੁਖੁ ਨਾਹੀ ਰੇ ਹਰਿ ਭਗਤਿ ਬਿਨਾ ॥**
**ਜੀਤਿ ਜਨਮੁ ਇਹੁ ਰਤਨੁ ਅਮੋਲਕੁ**
**ਸਾਧ ਸੰਗਤਿ ਜਪਿ ਇਕ ਖਿਨਾ ॥੧॥੧੩੯॥**

*(ਗਉੜੀ ਮ: ੫, ਪੰਨਾ ੨੧੦)*

**ਮੈਲਾਗਰ ਸੰਗੇਣ**
**ਨਿੰਮੁ ਬਿਰਖ ਸਿ ਚੰਦਨਹ ॥**
**ਨਿਕਟਿ ਬਸੰਤੋ ਬਾਂਸੋ**
**ਨਾਨਕ ਅਹੰਬੁਧਿ ਨ ਬੋਹਤੇ ॥੫॥** *(ਪੰਨਾ ੧੩੬੦)*

***ਪਦ ਅਰਥ :*** ਮੈਲਾਗਰ—ਚੰਦਨ। ਸੰਗੇਣ—ਸੰਗ ਵਿਚ। ਨਿਕਟਿ—ਨੇੜੇ, ਕੋਲ। ਬਸੰਤੋ—ਵੱਸਦਾ ਹੈ। ਬਾਂਸੋ—ਬਾਂਸ। ਅਹੰਬੁਧਿ—ਹੰਕਾਰ ਵਾਲੀ ਬੁੱਧੀ ਕਰਕੇ। ਨ ਬੋਹਤੇ—ਸੁਗੰਧਤ ਨਹੀਂ ਹੁੰਦਾ।੫।

***ਅਰਥ :*** ਚੰਦਨ ਦੇ ਬੂਟੇ ਲਾਗੇ (ਉੱਗੇ ਹੋਏ) ਨਿੰਮ (ਵਰਗੇ ਕੌੜੇ ਤੇ ਤੁੱਛ) ਬ੍ਰਿਛ ਵੀ ਚੰਦਨ ਹੀ ਹੋ ਜਾਂਦੇ ਹਨ।

'ਨਾਨਕ'! ਬਾਂਸ ਵੀ (ਭਾਵੇਂ) ਚੰਦਨ ਦੇ ਨੇੜੇ ਵੱਸਦਾ ਹੈ, ਪਰ (ਉੱਚੇ ਹੋਣ ਦੀ) ਹੰਗਤਾ ਕਾਰਨ ਸੁਗੰਧਤ ਨਹੀਂ ਹੁੰਦਾ।੫।

***ਸਾਰੰਸ਼ :*** ਨਿੰਮ੍ਰਤਾ ਵਾਲੀ ਬੁੱਧੀ ਵਿਚ ਗੁਣ ਸਮੋ ਸਕਦੇ ਹਨ। ਹੰਕਾਰੀ ਬੁੱਧੀ ਗੁਣਾਂ ਦੀ ਸੋਭਾ ਤੋਂ ਵਿਰਵੀ ਹੀ ਰਹਿੰਦੀ ਹੈ। ਗੁਰਵਾਕ :

**ਕਬੀਰ ਚੰਦਨ ਕਾ ਬਿਰਵਾ ਭਲਾ, ਬੇੜ੍ਹਿਓ ਢਾਕ ਪਲਾਸ ॥**
**ਓਇ ਭੀ ਚੰਦਨੁ ਹੋਇ ਰਹੇ, ਬਸੇ ਜੁ ਚੰਦਨ ਪਾਸਿ ॥੧੧॥**
**ਕਬੀਰ ਬਾਂਸੁ ਬਡਾਈ ਬੂਡਿਆ, ਇਉ ਮਤ ਡੂਬਹੁ ਕੋਇ ॥**
**ਚੰਦਨ ਕੈ ਨਿਕਟੇ ਬਸੈ, ਬਾਂਸੁ ਸੁਗੰਧੁ ਨ ਹੋਇ ॥੧੨॥**

*(ਸਲੋਕ ਕਬੀਰ ਜੀ, ਪੰਨਾ ੧੩੬੫)*

**ਗਾਥਾ ਗੁੰਫ ਗੋਪਾਲ**
**ਕਥੰ ਮਥੰ ਮਾਨ ਮਰਦਨਹ ॥**
**ਹਤੰ ਪੰਚ ਸਤ੍ਰੇਣ**
**ਨਾਨਕ ਹਰਿ ਬਾਣੇ ਪ੍ਰਹਾਰਣਹ ॥੬॥** *(ਪੰਨਾ ੧੩੬੦)*

***ਉਚਾਰਣ-ਬੋਧ :*** ਮਰਦਨਹ, ਪ੍ਰਹਾਰਣਹ—ਅੰਤਲਾ 'ਹ' ਮੁਕਤਾ ਹੈ। 'ਹਿ' ਉਚਾਰਣ ਕਰਨਾ ਠੀਕ ਨਹੀਂ।

***ਪਦ ਅਰਥ :*** ਗਾਥਾ—ਕਥਾ, ਪ੍ਰਭੂ ਦੀ ਉਸਤਤ। ਗੁੰਫ—ਗੁੰਫਣਾ, ਗੁੰਦਣਾ। ਕਥੰ—ਕਥਨ ਨਾਲ। ਮਥੰ—ਵਿਚਾਰਨ ਨਾਲ। ਮਰਦਨਹ—ਦਲਿਆ ਮਲਿਆ ਜਾਂਦਾ ਹੈ, ਨਾਸ ਹੋ ਜਾਂਦਾ ਹੈ। ਹਤੰ—ਮਰ ਜਾਂਦੇ ਹਨ, ਨਾਸ ਹੋ ਜਾਂਦੇ ਹਨ। ਪੰਚ ਸਤ੍ਰੇਣ—ਪੰਜ ਕਾਮ ਕ੍ਰੋਧ ਆਦਿ ਵੈਰੀ। ਬਾਣੇ—ਤੀਰ। ਪ੍ਰਹਾਰਣਹ—ਪ੍ਰਹਾਰ ਕਰਨ ਨਾਲ, ਚਲਾਉਣ ਨਾਲ।੬।

***ਅਰਥ :*** ਗਾਥਾ (ਨਾਮ ਦੀ ਬਾਣੀ) ਵਿਚ ਗੋਪਾਲ ਪ੍ਰਭੂ ਦੀ ਕਥਾ ਗੁੰਦੀ ਹੋਈ ਹੈ। ਇਸ ਨੂੰ ਕਥਨ ਅਤੇ ਵਿਚਾਰਨ ਨਾਲ ਮਾਣ-ਹੰਕਾਰ ਦਲਿਆ ਮਲਿਆ ਜਾਂਦਾ ਹੈ। 'ਨਾਨਕ'! ਹਰਿ ਨਾਮ (ਸਿਮਰਨ) ਰੂਪ ਤੀਰ ਚਲਾਉਣ ਨਾਲ (ਕਾਮ ਕ੍ਰੋਧ ਲੋਭ ਮੋਹ ਹੰਕਾਰ) ਪੰਜੇ ਹੀ ਵੈਰੀ ਮਰ-ਮਿਟ ਜਾਂਦੇ ਹਨ।੬।

***ਸਾਰੰਸ਼ :*** ਨਾਮ-ਸਿਮਰਨ ਦੀ ਬਰਕਤ ਨਾਲ ਕਾਮ ਕ੍ਰੋਧ ਆਦਿਕ ਵਿਕਾਰ ਨਾਸ ਹੋ ਜਾਂਦੇ ਹਨ। ਗੁਰਵਾਕ :

**ਧਾਵਉ ਦਸਾ ਅਨੇਕ, ਪ੍ਰੇਮ ਪ੍ਰਭ ਕਾਰਣੇ ॥**
**ਪੰਚ ਸਤਾਵਹਿ ਦੂਤ, ਕਵਨ ਬਿਧਿ ਮਾਰਣੇ ॥**
**ਤੀਖਣ ਬਾਣ ਚਲਾਇ, ਨਾਮੁ ਪ੍ਰਭ ਧ੍ਯਾਈਐ ॥**
**ਹਰਿਹਾਂ, ਮਹਾਂ ਬਿਖਾਦੀ ਘਾਤ, ਪੂਰਨ ਗੁਰੁ ਪਾਈਐ ॥੧੬॥**

*(ਫੁਨਹੇ ਮ: ੫, ਪੰਨਾ ੧੩੬੩)*

**ਬਚਨ ਸਾਧ ਸੁਖ ਪੰਥਾ**
**ਲਹੰਥਾ ਬਡ ਕਰਮਣਹ ॥**
**ਰਹੰਤਾ ਜਨਮ ਮਰਣੇਨ**
**ਰਮਣੰ ਨਾਨਕ ਹਰਿ ਕੀਰਤਨਹ ॥੭॥** *(ਪੰਨਾ ੧੩੬੦)*

***ਉਚਾਰਣ-ਬੋਧ :*** ਕਰਮਣਹ, ਕੀਰਤਨਹ—ਅੰਤਲਾ 'ਹ' ਮੁਕਤਾ ਹੈ। ਇਸ ਦਾ ਉਚਾਰਨ 'ਹਿ' ਕਰਨਾ ਯੋਗ ਨਹੀਂ।

***ਪਦ ਅਰਥ :*** ਸਾਧ—ਸਤਿਗੁਰੂ। ਬਚਨ ਸਾਧ—ਸਤਿਗੁਰੂ ਦੇ ਬਚਨ, ਉਪਦੇਸ਼। ਸੁਖ ਪੰਥਾ—ਸੁੱਖਾਂ ਦਾ ਰਸਤਾ, ਮਾਰਗ। ਲਹੰਥਾ—ਲੱਭਦਾ ਹੈ। ਬਡ ਕਰਮਣਹ—ਵੱਡੇ ਭਾਗਾਂ ਨਾਲ। ਰਹੰਤਾ—ਰਹਿ ਜਾਂਦਾ ਹੈ। ਜਨਮ ਮਰਣੇਨ—ਜਨਮ ਮਰਨ ਦਾ ਚੱਕਰ। ਰਮਣੰ—ਉਚਾਰਣ ਨਾਲ।੭।

***ਅਰਥ :*** ਸਾਧੂ-ਸਤਿਗੁਰੂ ਦੇ ਬਚਨ (ਕਮਾਉਣੇ) ਜੀਵਨ ਦਾ ਸੁਖਦਾਇਕ ਮਾਰਗ ਹੈ, ਜੋ ਵੱਡੇ ਭਾਗਾਂ ਨਾਲ ਲੱਭਦਾ ਹੈ।

'ਨਾਨਕ'! ਪ੍ਰਭੂ ਦੀ ਕੀਰਤੀ (ਸਿਫ਼ਤਿ-ਸਾਲਾਹ) ਕਰਨ ਨਾਲ ਜਨਮ ਮਰਨ (ਦਾ ਗੇੜ) ਮੁੱਕ ਜਾਂਦਾ ਹੈ।੭।

***ਸਾਰੰਸ਼ :*** ਸਤਿਗੁਰੂ ਦੇ ਬਖ਼ਸ਼ੇ ਨਾਮ ਦੀ ਅਭਿਆਸ-ਕਮਾਈ ਕੀਤਿਆਂ ਜਨਮ ਮਰਨ ਦੇ ਗੇੜ ਤੋਂ ਛੁਟਕਾਰਾ ਮਿਲ ਸਕਦਾ ਹੈ। ਗੁਰਵਾਕ :

**ਕਥੜੀਆ ਸੰਤਾਹ, ਤੇ ਸੁਖਾਊ ਪੰਧੀਆ ॥**
**ਨਾਨਕ, ਲਧੜੀਆ ਤਿੰਨਾਹ, ਜਿਨਾ ਭਾਗੁ ਮਥਾਹੜੈ ॥੨॥੨੧॥**

*(ਮਾਰੂ ਵਾਰ ਡਖਣੇ, ਮ: ੫, ਪੰਨਾ ੧੧੦੧)*

**ਪਤ੍ਰ ਭੁਰਿਜੇਣ ਝੜੀਯੰ**
**ਨਹ ਜੜੀਅੰ ਪੇਡ ਸੰਪਤਾ ॥**
**ਨਾਮ ਬਿਹੂਣ ਬਿਖਮਤਾ**
**ਨਾਨਕ ਬਹੰਤਿ ਜੋਨਿ ਬਾਸਰੋ ਰੈਣੀ ॥੮॥** *(ਪੰਨਾ ੧੩੬੦)*

***ਪਦ ਅਰਥ :*** ਭੁਰਿਜੇਣ—(ਜਿਹੜੇ) ਪੱਤੇ ਸੁੱਕ ਕੇ (ਖ਼ੁਸ਼ਕ ਹੋ ਕੇ)। ਝੜੀਯੰ—ਝੜ ਜਾਂਦੇ ਹਨ। ਨਹ ਜੜੀਅੰ—ਨਹੀਂ ਜੜੇ ਜਾ ਸਕਦੇ। ਪੇਡ ਸੰਪਤਾ—ਬ੍ਰਿਛ ਦੀਆਂ ਟਾਹਣੀਆਂ। ਬਿਹੂਣ—ਖ਼ਾਲੀ, ਵਿਰਵੇ। ਬਿਖਮਤਾ—ਕਠਨਾਈ, ਮੁਸ਼ਕਲ। ਬਹੰਤਿ—ਵਹਿੰਦੇ ਹਨ, ਭਟਕਦੇ ਹਨ। ਜੋਨਿ—ਜੂਨਾਂ ਵਿਚ। ਬਾਸਰੋ—ਦਿਨ। ਰੈਣੀ—ਰਾਤ।੮।

***ਅਰਥ :*** (ਜਿਹੜੇ) ਪੱਤੇ ਖ਼ੁਸ਼ਕ ਹੋ ਕੇ ਬ੍ਰਿਛ ਦੀ ਟਾਹਣੀ ਨਾਲੋਂ ਡਿੱਗ ਪੈਂਦੇ ਹਨ, ਉਹ (ਮੁੜ) ਉਸ ਨਾਲ ਜੜੇ ਨਹੀਂ ਜਾ ਸਕਦੇ। (ਇਸੇ ਤਰ੍ਹਾਂ) 'ਨਾਨਕ'! ਨਾਮ ਤੋਂ ਵਿਰਵੇ ਮਨੁੱਖ ਬਿਪਤਾ ਝਾਗਦੇ ਹਨ ਅਤੇ ਦਿਨ ਰਾਤ, ਭਾਵ, ਸਦੀਵ-ਕਾਲ ਜੂਨਾਂ ਵਿਚ ਪਏ ਰਹਿੰਦੇ ਹਨ।੮।

***ਸਾਰੰਸ਼ :*** ਸਿਮਰਨ ਬਿਹੂਨ ਜੀਵਨ ਨਿਸਫਲ ਚਲਾ ਜਾਂਦਾ ਹੈ। ਗੁਰਵਾਕ :

**ਤਰਵਰ ਵਿਛੁੰਨੇ ਨਹ ਪਾਤ ਜੁੜਤੇ, ਜਮ ਮਗਿ ਗਉਨੁ ਇਕੇਲੀ ॥**
**ਬਿਨਵੰਤ ਨਾਨਕ ਬਿਨੁ ਨਾਮ ਹਰਿ ਕੇ, ਸਦਾ ਫਿਰਤ ਦੁਹੇਲੀ ॥੧॥**
*(ਬਿਹਾਗੜਾ ਮ: ੫ ਛੰਤ, ਪੰਨਾ ੫੪੬)*

**ਕਬੀਰ ਮਾਨਸ ਜਨਮੁ ਦੁਲੰਭੁ ਹੈ, ਹੋਇ ਨ ਬਾਰੈ ਬਾਰ ॥**
**ਜਿਉ ਬਨ ਫਲ ਪਾਕੇ ਭੁਇ ਗਿਰਹਿ, ਬਹੁਰਿ ਨ ਲਾਗਹਿ ਡਾਰ ॥੩੦॥**
*(ਸਲੋਕ ਕਬੀਰ ਜੀ, ਪੰਨਾ ੧੩੬੬)*

**ਭਾਵਨੀ ਸਾਧ ਸੰਗੇਣ**
**ਲਭੰਤੰ ਬਡ ਭਾਗਣਹ ॥**
**ਹਰਿ ਨਾਮ ਗੁਣ ਰਮਣੰ**
**ਨਾਨਕ ਸੰਸਾਰ ਸਾਗਰ ਨਹ ਬਿਆਪਣਹ ॥੯॥**
*(ਪੰਨਾ ੧੩੬੦)*

***ਉਚਾਰਣ-ਬੋਧ :*** ਭਾਗਣਹ, ਬਿਆਪਣਹ—ਅੰਤਲਾ 'ਹ' ਮੁਕਤਾ ਲਗ-ਰਹਿਤ ਹੈ, ਪਰ ਇਸ ਦਾ ਉਚਾਰਣ ਬਹੁਤ ਕਰਕੇ 'ਹਿ' ਵਾਂਗ ਕੀਤਾ ਜਾਣਾ

ਪ੍ਰਚਲਿਤ ਹੈ, ਜੋ ਠੀਕ ਨਹੀਂ। 'ਹ' ਮੁਕਤਾ ਦੀ ਧੁਨੀ ਖੜੀ-ਤੜੀ ਹੁੰਦੀ ਹੈ।

***ਪਦ ਅਰਥ :*** ਭਾਵਨੀ—ਸ਼ਰਧਾ। ਸਾਧ ਸੰਗੇਣ—ਸਾਧ ਸੰਗਤ ਵਿਚ। ਲਭੰਤੰ—ਲੱਭਦੀ ਹੈ। ਬਡ ਭਾਗਣਹ—ਵੱਡੇ ਭਾਗਾਂ ਨਾਲ। ਰਮਣੰ—ਉਚਾਰਣ ਨਾਲ। ਸੰਸਾਰ ਸਾਗਰ—ਸੰਸਾਰ-ਸਮੁੰਦਰ। ਨਹ ਬਿਆਪਣਹ—ਨਹੀਂ ਵਿਆਪ ਸਕਦੇ।੯।

***ਅਰਥ :*** (ਹਰੀ-ਪ੍ਰਭੂ ਪ੍ਰਤੀ) ਸ਼ਰਧਾ-ਭਾਵਨੀ ਸਾਧ ਸੰਗਤ ਵਿਚ ਜੁੜਨ ਨਾਲ ਉਪਜਦੀ ਹੈ, ਪਰ ਇਹ ਸਾਧ ਸੰਗਤ ਵੱਡੇ ਭਾਗਾਂ ਨਾਲ ਮਿਲਦੀ ਹੈ। 'ਨਾਨਕ'! (ਸਾਧ ਸੰਗਤ ਵਿਚ ਮਿਲ ਕੇ) ਹਰਿ ਨਾਮ ਸਿਮਰਨ ਕਰਨ, ਅਥਵਾ, ਪ੍ਰਭੂ ਦੇ ਗੁਣ ਗਾਇਨ ਕਰਨ ਦਾ ਸਦਕਾ ਜੀਵ ਨੂੰ ਸੰਸਾਰ-ਸਮੁੰਦਰ ਦੀਆਂ ਵਿਸ਼ੇ-ਵਿਕਾਰਾਂ ਰੂਪੀ ਲਹਿਰਾਂ ਨਹੀਂ ਵਿਆਪਦੀਆਂ।੯।

***ਸਾਰੰਸ਼ :*** ਸਾਧ ਸੰਗਤ ਵਿਚ ਜੁੜ ਕੇ ਨਾਮ ਸਿਮਰਨ ਕਰਨ ਨਾਲ ਜੀਵ ਉੱਤੇ ਸੰਸਾਰਕ-ਧੰਧਾ ਹਾਵੀ ਨਹੀਂ ਹੋ ਸਕਦਾ। ਗੁਰਵਾਕ :

**ਸੰਸਾਰ ਸਾਗਰੁ ਨਹ ਵਿਆਪੈ, ਅਮਿਉ ਹਰਿ ਰਸੁ ਚਾਖਿਆ ॥੪॥੩॥੧੨॥**

*(ਆਸਾ ਮਹਲਾ ੫, ਪੰਨਾ ੪੬੧)*

**ਹਰਿ ਭਾਉ ਲਗਾ ਬੈਰਾਗੀਆ, ਵਡਭਾਗੀ ਹਰਿ ਮਨਿ ਰਾਖੁ ॥**
**ਮਿਲਿ ਸੰਗਤਿ ਸਰਧਾ ਊਪਜੈ, ਗੁਰ ਸਬਦੀ ਹਰਿ ਰਸੁ ਚਾਖੁ ॥੧॥੪॥੬॥**

*(ਮਾਰੂ ਮ: ੪, ਪੰਨਾ ੯੯੭)*

**ਇਹੁ ਸਾਗਰੁ ਸੋਈ ਤਰੈ, ਜੋ ਹਰਿ ਗੁਣ ਗਾਏ ॥**
**ਸਾਧ ਸੰਗਤਿ ਕੈ ਸੰਗਿ ਵਸੈ, ਵਡਭਾਗੀ ਪਾਏ ॥੧॥੫੨॥**

*(ਬਿਲਾਵਲੁ ਮ: ੫, ਪੰਨਾ ੮੧੩-੧੪)*

**ਗਾਥਾ ਗੂੜ ਅਪਾਰੰ**
**ਸਮਝਣੰ ਬਿਰਲਾ ਜਨਹ ॥**
**ਸੰਸਾਰ ਕਾਮ ਤਜਣੰ**
**ਨਾਨਕ, ਗੋਬਿੰਦ ਰਮਣੰ ਸਾਧ ਸੰਗਮਹ ॥੧੦॥** *(ਪੰਨਾ ੧੩੬੦)*

***ਪਦ ਅਰਥ :*** ਗਾਥਾ—ਕਥਾ। ਗੂੜ—ਗੂੜ੍ਹੀ, ਡੂੰਘੀ। ਅਪਾਰੰ—ਅਪਾਰ ਪ੍ਰਭੂ ਦੀ। ਬਿਰਲਾ ਜਨਹ—ਕੋਈ ਵਿਰਲਾ ਪੁਰਸ਼। ਕਾਮ—ਕਾਮਨਾ, ਵਾਸ਼ਨਾ। ਸੰਸਾਰ ਕਾਮ—ਸੰਸਾਰਕ ਪਦਾਰਥਾਂ ਦੀ ਕਾਮਨਾ। ਤਜਣੰ—ਛੱਡਣਾ। ਗੋਬਿੰਦ

ਰਮਣੰ—ਗੋਬਿੰਦ ਦੇ ਗੁਣ ਗਾਉਣ ਨਾਲ। ਸਾਧ ਸੰਗਮਹ—ਸਾਧ ਸੰਗਤ ਵਿਚ।੧੦।

***ਅਰਥ :*** 'ਨਾਨਕ'! ਗਾਥਾ ਨਾਮ ਦੀ ਬਾਣੀ ਵਿਚ (ਗੁੰਫਤ) ਅਪਾਰ ਪ੍ਰਭੂ ਦੀ ਕਥਾ ਬੜੀ ਡੂੰਘੀ (ਰਹੱਸਮਈ) ਹੈ, (ਪਰ ਇਸ ਦੇ ਗੂੜ੍ਹ ਰਹੱਸ ਨੂੰ) ਕੋਈ ਵਿਰਲਾ ਜਨ ਹੀ ਸਮਝਦਾ ਹੈ। (ਜਿਹੜਾ ਸਮਝ ਲੈਂਦਾ ਹੈ) ਉਹ ਸੰਸਾਰਕ ਪਦਾਰਥਾਂ ਦੀ ਕਾਮਨਾ ਛੱਡ ਦਿੰਦਾ ਹੈ ਅਤੇ ਸਾਧ ਸੰਗਤ ਵਿਚ ਜੁੜ ਕੇ ਗੋਬਿੰਦ-ਪ੍ਰਭੂ ਦਾ ਸਿਮਰਨ ਕਰਦਾ ਰਹਿੰਦਾ ਹੈ।੧੦।

***ਸਾਰੰਸ਼ :*** ਸੰਸਾਰਕ ਕਾਮਨਾਵਾਂ ਤਿਆਗ ਕੇ, ਸਾਧ ਸੰਗਤ ਵਿਚ ਪ੍ਰਭੂ ਦੀ ਸਿਫ਼ਤਿ-ਸਾਲਾਹ ਕਰਨ ਨਾਲ ਗੁਰਬਾਣੀ ਦੇ ਗੂੜ੍ਹ ਭੇਦ ਖੁੱਲ੍ਹਦੇ ਹਨ।

**ਸੁਮੰਤ੍ਰ ਸਾਧ ਬਚਨਾ**
**ਕੋਟਿ ਦੋਖ ਬਿਨਾਸਨਹ ॥**
**ਹਰਿ ਚਰਣ ਕਮਲ ਧੵਾਨੰ**
**ਨਾਨਕ ਕੁਲ ਸਮੂਹ ਉਧਾਰਣਹ ॥੧੧॥** *(ਪੰਨਾ ੧੩੬੦)*

***ਉਚਾਰਣ-ਬੋਧ :*** ਸੁਮੰਤ੍ਰ—ਉਚਾਰਣ ਇਕੱਠਾ ਕਰਨਾ ਹੈ; 'ਸੁ ਮੰਤ੍ਰ' ਨਹੀਂ ਕਰਨਾ। ਬਿਨਾਸਨਹ, ਉਧਾਰਣਹ ਸ਼ਬਦਾਂ ਵਿਚ 'ਹ' ਮੁਕਤਾ ਹੈ। 'ਹਿ' ਉਚਾਰਣ ਨਹੀਂ ਕਰਨਾ ਜੀ। ਧੵਾਨੰ—ਧਿਆਨੰ।

***ਪਦ ਅਰਥ :*** ਸੁਮੰਤ੍ਰ—ਸ੍ਰੇਸ਼ਟ ਮੰਤਰ, ਉੱਤਮ ਉਪਦੇਸ਼। ਸਾਧ ਬਚਨਾ—ਸਾਧੂ-ਸਤਿਗੁਰੂ ਦੇ ਬਚਨ। ਕੋਟਿ ਦੋਖ—ਕਰੋੜਾਂ ਪਾਪ। ਬਿਨਾਸਨਹ—ਨਾਸ ਹੋ ਜਾਂਦੇ ਹਨ। ਧੵਾਨੰ—ਧਿਆਨ। ਕੁਲ ਸਮੂਹ—ਸਾਰੀਆਂ ਕੁਲਾਂ।੧੧।

***ਅਰਥ :*** ਸਾਧੂ-ਸਤਿਗੁਰੂ ਦੇ ਬਚਨ ਉੱਤਮ ਉਪਦੇਸ਼ ਹਨ, ਜੋ ਕਰੋੜਾਂ ਦੁੱਖ ਤੇ ਪਾਪ ਨਾਸ ਕਰ ਦਿੰਦੇ ਹਨ। 'ਨਾਨਕ'! ਪ੍ਰਭੂ ਦੇ ਚਰਨ ਕਮਲਾਂ ਦਾ ਧਿਆਨ ਸਾਰੀਆਂ ਕੁਲਾਂ ਦਾ ਉੱਧਾਰ ਕਰ ਦਿੰਦਾ ਹੈ।੧੧।

***ਸਾਰੰਸ਼ :*** ਸਤਿਗੁਰੂ ਦੁਆਰਾ ਦ੍ਰਿੜ੍ਹਾਏ ਨਾਮ ਸਿਮਰਨ ਦੀ ਬਰਕਤ ਨਾਲ ਕਰੋੜਾਂ ਜਨਮਾਂ ਦੇ ਪਾਪ ਨਾਸ ਹੋ ਜਾਂਦੇ ਹਨ, ਆਪ ਤਰ ਜਾਈਦਾ ਹੈ ਅਤੇ ਕੁਲਾਂ ਦਾ ਭੀ ਉੱਧਾਰ ਕਰ ਲਈਦਾ ਹੈ। ਗੁਰਵਾਕ :

**ਸਤਿਗੁਰ ਬਚਨ ਤੁਮ੍ਾਰੇ ॥**
**ਨਿਰਗੁਣ ਨਿਸਤਾਰੇ ॥੧॥ਰਹਾਉ॥**

**ਮਹਾ ਬਿਖਾਦੀ ਦੁਸਟ ਅਪਵਾਦੀ ਤੇ ਪੁਨੀਤ ਸੰਗਾਰੇ ॥੧॥**
**ਜਨਮ ਭਵੰਤੇ ਨਰਕਿ ਪੜੰਤੇ ਤਿਨ੍ ਕੇ ਕੁਲ ਉਧਾਰੇ ॥੨॥੧੪੧॥**

*(ਆਸਾ ਮ: ੫, ਪੰਨਾ ੪੦੬)*

## ਸੁੰਦਰ ਮੰਦਰ ਸੈਣਹ
## ਜੇਣ ਮਧ੍ਯ ਹਰਿ ਕੀਰਤਨਹ ॥
## ਮੁਕਤੇ ਰਮਣ ਗੋਬਿੰਦਹ
## ਨਾਨਕ ਲਬਧ੍ਯੰ ਬਡ ਭਾਗਣਹ ॥੧੨॥

*(ਪੰਨਾ ੧੩੬੦)*

***ਉਚਾਰਣ-ਬੋਧ :*** ਮਧ੍ਯ ਨੂੰ ਮਧਿਅ; ਲਬਧ੍ਯੰ ਨੂੰ ਲਬਧਿਅੰ ਬੋਲੋ ਜੀ। ਸੈਣਹ, ਕੀਰਤਨਹ, ਗੋਬਿੰਦਹ, ਭਾਗਣਹ—ਅੰਤਲੇ 'ਹ' ਦਾ ਉਚਾਰਣ 'ਹਿ' ਨਹੀਂ ਕਰਨਾ।

***ਪਦ ਅਰਥ :*** ਸੁੰਦਰ—ਸੋਹਣੇ, ਸੁਹਾਵਣੇ। ਮੰਦਰ—ਘਰ। ਸੈਣਹ—ਸੱਜਣਾਂ, ਸਾਧੂ ਸੱਜਣਾਂ ਦੇ। ਜੇਣ ਮਧ੍ਯ—ਜਿਨ੍ਹਾਂ ਵਿਚ। ਮੁਕਤੇ—ਮੁਕਤ। ਰਮਣ ਗੋਬਿੰਦਹ—ਗੋਬਿੰਦ ਦਾ ਜਸ ਗਾਉਣ ਵਾਲੇ। ਲਬਧ੍ਯੰ—ਲੱਭਦਾ ਹੈ। ਬਡ ਭਾਗਣਹ—ਵੱਡੇ ਭਾਗਾਂ ਨਾਲ।੧੨।

***ਅਰਥ :*** ਸਾਧੂ-ਸੱਜਣਾਂ ਦੇ ਘਰ-ਮੰਦਰ ਸੁਹਾਵਣੇ ਹਨ, ਜਿਨ੍ਹਾਂ ਵਿਚ (ਨਿਰੰਤਰ) ਪ੍ਰਭੂ ਦਾ ਕੀਰਤਨ ਗਾਇਨ ਹੁੰਦਾ ਰਹਿੰਦਾ ਹੈ। 'ਨਾਨਕ'! ਗੋਬਿੰਦ ਦਾ ਜਸ ਗਾਉਣ ਵਾਲੇ (ਸੰਸਾਰਕ ਕਾਮਨਾਵਾਂ ਤੋਂ ਅਤੇ ਜਨਮ ਮਰਨ ਦੇ ਗੇੜ ਤੋਂ) ਮੁਕਤ ਹੋ ਜਾਂਦੇ ਹਨ। (ਪਰ ਇਹ ਸਿਫ਼ਤਿ-ਸਾਲਾਹ ਦੀ ਦਾਤਿ) ਵੱਡੇ ਭਾਗਾਂ ਨਾਲ ਮਿਲਦੀ ਹੈ।੧੨।

***ਸਾਰੰਸ਼ :*** **ਜਿਥੈ ਬੈਸਨਿ ਸਾਧ ਜਨ ਸੋ ਥਾਨੁ ਸੁਹੰਦਾ ॥**
**ਓਇ ਸੇਵਨਿ ਸੰਮ੍ਰਿਥੁ ਆਪਣਾ ਬਿਨਸੈ ਸਭੁ ਮੰਦਾ ॥੫॥**

*(ਗਉੜੀ ਕੀ ਵਾਰ, ਪੰਨਾ ੩੧੯)*

ਅਥਵਾ—

**ਧੰਨੁ ਸੁ ਥਾਨੁ ਬਸੰਤ ਧੰਨੁ ਜਹ ਜਪੀਐ ਨਾਮੁ ॥੩॥੫੯॥**

*(ਬਿਲਾਵਲੁ ਮ: ੫, ਪੰਨਾ ੮੧੬)*

## ਹਰਿ ਲਬਧੋ ਮਿਤ੍ਰ ਸੁਮਿਤੋ ॥
## ਬਿਦਾਰਣ ਕਦੇ ਨ ਚਿਤੋ ॥

**ਜਾ ਕਾ ਅਸਥਲੁ ਤੋਲੁ ਅਮਿਤੋ ॥**
**ਸੁੋਈ ਨਾਨਕ ਸਖਾ ਜੀਅ ਸੰਗਿ ਕਿਤੋ ॥੧੩॥** *(ਪੰਨਾ ੧੩੬੦)*

***ਉਚਾਰਣ-ਬੋਧ :*** ਸੁਮਿਤੋ—ਉਚਾਰਨ ਇਕੱਠਾ ਕਰਨਾ ਹੈ ਜੀ। 'ਸੁ ਮਿਤੋ' ਪਦ-ਛੇਦ ਨਹੀਂ ਕਰਨਾ। ਸੁੋਈ—ਅੱਖਰ 'ਸ' ਦੇ ਨਾਲ ਦੋ ਲਗਾਂ ( ੋ) ਅਤੇ ( ੁ) ਹਨ। ਅਸਲ ਸ਼ਬਦ 'ਸੋਈ' ਹੈ, ਇਥੇ 'ਸੁਈ' ਪੜ੍ਹਨਾ ਹੈ।

***ਪਦ ਅਰਥ :*** ਲਬਧੋ—ਲੱਭਿਆ ਹੈ। ਮਿਤ੍ਰ ਸੁਮਿਤੋ—ਮਿੱਤਰਾਂ ਵਿੱਚੋਂ ਸ੍ਰੇਸ਼ਟ ਮਿੱਤਰ। ਬਿਦਾਰਣ—ਤੋੜਨ ਵਾਲਾ। ਚਿਤੋ—ਹਿਰਦਾ, ਦਿਲ। ਅਸਥਲੁ—ਅਸਥਾਨ, ਟਿਕਾਣਾ। ਤੋਲੁ—ਗੌਰਵ। ਅਮਿਤੋ—ਮਿਤ ਤੋਂ ਬਾਹਰ। ਸੁੋਈ ਸਖਾ ਕਿਤੋ—ਓਹੀ ਮਿੱਤਰ ਬਣਾਇਆ ਹੈ।੧੩।

***ਅਰਥ :*** ਮਿੱਤਰਾਂ ਵਿੱਚੋਂ ਸ੍ਰੇਸ਼ਟ ਮਿੱਤਰ ਹਰੀ-ਪ੍ਰਭੂ ਹੀ ਲੱਭਾ ਹੈ, ਜਿਹੜਾ ਕਦੇ ਵੀ ਕਿਸੇ ਦਾ ਦਿਲ ਤੋੜਨ ਵਾਲਾ ਨਹੀਂ, ਜਿਸ ਦਾ ਟਿਕਾਣਾ ਅਤੇ ਗੌਰਵ ਮਿਤ (ਅੰਦਾਜ਼ੇ) ਤੋਂ ਪਰੇ ਹੈ। 'ਨਾਨਕ'! ਓਹੀ (ਲੋਕ-ਪਰਲੋਕ ਵਿਚ) ਜੀਅ ਨਾਲ ਨਿੱਭਣ ਵਾਲਾ ਪ੍ਰਭੂ ਅਸਾਂ ਮਿੱਤਰ ਬਣਾਇਆ ਹੈ।੧੩।

***ਸਾਰੰਸ਼ :*** **ਸਜਣੁ ਮੈਡਾ ਚਾਈਆ ਹਭ ਕਹੀ ਦਾ ਮਿਤ੍ਰੁ ॥**
**ਹਭੇ ਜਾਣਨਿ ਆਪਣਾ ਕਹੀ ਨ ਠਾਹੇ ਚਿਤ੍ਰੁ ॥੨॥੭॥**
*(ਵਾਰ, ਮਾਰੂ ਮ: ੫, ਪੰਨਾ ੧੦੯੬)*

**ਅਪਜਸੰ ਮਿਟੰਤ ਸਤ ਪੁਤ੍ਰਹ ॥**
**ਸਿਮਰਤਬ੍ਯ ਰਿਦੈ ਗੁਰ ਮੰਤ੍ਰਣਹ ॥**
**ਪ੍ਰੀਤਮ ਭਗਵਾਨ ਅਚੁਤ ॥**
**ਨਾਨਕ ਸੰਸਾਰ ਸਾਗਰ ਤਾਰਣਹ ॥੧੪॥** *(ਪੰਨਾ ੧੩੬੦-੬੧)*

***ਉਚਾਰਣ-ਬੋਧ :*** ਸਿਮਰਤਬ੍ਯ—ਸਿਮਰਤਬਿਅ ਬੋਲੋ ਜੀ। ਪੁਤ੍ਰਹ, ਮੰਤ੍ਰਣਹ, ਤਾਰਣਹ—ਅੰਤਲਾ 'ਹ' ਮੁਕਤਾ ਹੈ; 'ਹਿ' ਉਚਾਰਣ ਕਰਨਾ ਠੀਕ ਨਹੀਂ।

***ਪਦ ਅਰਥ :*** ਅਪਜਸੰ—ਅਪ-ਕੀਰਤੀ, ਬਦਖੋਈ, ਬਦਨਾਮੀ। ਸਤ ਪੁਤ੍ਰਹ—ਪ੍ਰਭੂ ਦੇ ਪੁੱਤਰ, ਸੰਤ ਜਨ, ਸਤ ਪੁਰਸ਼। ਸਿਮਰਤਬ੍ਯ—ਸਿਮਰਨ ਕਰਨਾ। ਗੁਰ ਮੰਤ੍ਰਣਹ—ਗੁਰੂ ਦਾ ਮੰਤਰ। ਪ੍ਰੀਤਮ—ਪਿਆਰਾ। ਭਗਵਾਨ—ਮਾਲਕ ਪ੍ਰਭੂ। ਅਚੁਤ—ਅਬਿਨਾਸ਼ੀ।੧੪।

***ਅਰਥ :*** ਹਿਰਦੇ ਵਿਚ ਗੁਰ ਮੰਤ੍ਰ ਦਾ ਸਿਮਰਨ ਕਰਨ ਵਾਲੇ, ਪ੍ਰਭੂ ਦੇ

ਸਤਿਵਾਦੀ ਪੁੱਤਰਾਂ ਦੀ ਅਪ-ਕੀਰਤੀ ਮਿਟ ਜਾਂਦੀ ਹੈ। 'ਨਾਨਕ'! ਉਨ੍ਹਾਂ ਨੂੰ ਪਿਆਰਾ ਅਬਿਨਾਸ਼ੀ ਪ੍ਰਭੂ ਸੰਸਾਰ-ਸਾਗਰ ਤੋਂ ਤਾਰ ਲੈਂਦਾ ਹੈ।੧੪।

***ਸਾਰੰਸ਼ :*** ਨਾਮ ਸਿਮਰਨ ਦੇ ਤੁਫ਼ੈਲ ਲੋਕ-ਪਰਲੋਕ ਵਿਚ ਸ਼ੋਭਾ ਮਿਲਦੀ ਹੈ। ਯਥਾ ਗੁਰਵਾਕ :

**ਅਪਜਸੁ ਮਿਟੈ ਹੋਵੈ ਜਗਿ ਕੀਰਤਿ, ਦਰਗਹ ਬੈਸਣੁ ਪਾਈਐ ॥**
**ਜਮ ਕੀ ਤ੍ਰਾਸ ਨਾਸ ਹੋਇ ਖਿਨ ਮਹਿ**
**ਸੁਖ ਅਨਦ ਸੇਤੀ ਘਰਿ ਜਾਈਐ ॥੧॥੨੨॥**

*(ਗੂਜਰੀ ਮ: ੫, ਪੰਨਾ ੫੦੦)*

ਪੁਨਾ—

**ਸਫਲੁ ਜਨਮੁ ਹਰਿ ਜਨ ਕਾ ਉਪਜਿਆ, ਜਿਨਿ ਕੀਨੋ ਸਉਤੁ ਬਿਧਾਤਾ ॥**
**ਸਗਲ ਸਮੂਹ ਲੈ ਉਧਰੇ ਨਾਨਕ, ਪੂਰਨ ਬ੍ਰਹਮੁ ਪਛਾਤਾ ॥੨॥੨੧॥**

*(ਦੇਵਗੰਧਾਰੀ ਮ: ੫, ਪੰਨਾ ੫੩੨)*

**ਮਰਣੰ ਬਿਸਰਣੰ ਗੋਬਿੰਦਹ ॥**
**ਜੀਵਣੰ ਹਰਿ ਨਾਮ ਧ੍ਯ੍ਯਾਵਣਹ ॥**
**ਲਭਣੰ ਸਾਧ ਸੰਗੇਣ ॥**
**ਨਾਨਕ ਹਰਿ ਪੂਰਬਿ ਲਿਖਣਹ ॥੧੫॥** *(ਪੰਨਾ ੧੩੬੧)*

***ਉਚਾਰਣ-ਬੋਧ :*** ਗੋਬਿੰਦਹ, ਧ੍ਯ੍ਯਾਵਣਹ, ਲਿਖਣਹ ਸ਼ਬਦਾਂ ਦੇ ਅੰਤਲੇ 'ਹ' ਮੁਕਤੇ ਦਾ ਉਚਾਰਣ 'ਹਿ' ਕਰਨਾ ਦਰੁੱਸਤ ਨਹੀਂ। ਧ੍ਯ੍ਯਾਵਣਹ—ਧਿਆਵਣਹ।

***ਪਦ ਅਰਥ :*** ਮਰਣੰ—ਮਰਨਾ। ਬਿਸਰਣੰ—ਵਿਸਰਨਾ। ਧ੍ਯ੍ਯਾਵਣਹ—ਧਿਆਉਣਾ। ਸਾਧ ਸੰਗੇਣ—ਸਾਧੂ ਦੀ ਸੰਗਤ। ਪੂਰਬਿ ਲਿਖਣਹ—ਧੁਰ ਤੋਂ ਲਿਖੇ ਲੇਖ ਅਨੁਸਾਰ।੧੫।

***ਅਰਥ :*** ਗੋਬਿੰਦ-ਪ੍ਰਭੂ (ਦਾ ਨਾਮ) ਵਿਸਰ ਜਾਣਾ (ਆਤਮਕ) ਮੌਤ ਹੈ ਅਤੇ ਹਰੀ-ਨਾਮ ਦਾ ਧਿਆਵਣਾ ਹੀ (ਆਤਮਕ) ਜੀਵਨ ਹੈ। 'ਨਾਨਕ'! ਇਹ (ਹਰਿ-ਨਾਮ) ਪ੍ਰਭੂ ਵੱਲੋਂ ਧੁਰੋਂ ਲਿਖੇ ਲੇਖ ਅਨੁਸਾਰ ਸਾਧੂ-ਸਤਿਗੁਰੂ ਦੀ ਸੰਗਤ ਦੁਆਰਾ ਹੀ ਪ੍ਰਾਪਤ ਹੁੰਦਾ ਹੈ।੧੫।

***ਸਾਰੰਸ਼ :*** ਨਾਮ ਚਿਤ ਆਉਣਾ ਹੀ ਦਰਅਸਲ ਜ਼ਿੰਦਗੀ ਹੈ। ਇਹ ਬਖ਼ਸ਼ਸ਼ ਸਾਧੂ-ਸਤਿਗੁਰੂ ਦੁਆਰਾ ਹੀ ਹੁੰਦੀ ਹੈ। ਗੁਰਵਾਕ :

**ਜੀਵਨਾ ਹਰਿ ਜੀਵਨਾ ॥**
**ਜੀਵਨੁ ਹਰਿ ਜਪਿ ਸਾਧ ਸੰਗਿ ॥੧॥ਰਹਾਉ॥੫੬॥**

*(ਧਨਾਸਰੀ ਮ: ੫, ਪੰਨਾ ੬੮੪)*

ਤਥਾ—

**ਸੋ ਜੀਵਿਆ ਜਿਸੁ ਮਨਿ ਵਸਿਆ ਸੋਇ ॥**
**ਨਾਨਕ ਅਵਰੁ ਨ ਜੀਵੈ ਕੋਇ ॥੧॥** *(ਮ: ੧ ਸਲੋਕੁ, ਵਾਰ ਮਾਝ, ਪੰਨਾ ੧੪੨)*

## ਦਸਨ ਬਿਹੂਨ ਭੁਯੰਗੰ
## ਮੰਤ੍ੰ ਗਾਰੁੜੀ ਨਿਵਾਰੰ ॥
## ਬ੍ਯਾਧਿ ਉਪਾੜਣ ਸੰਤੰ ॥
## ਨਾਨਕ ਲਬਧ[1] ਕਰਮਣਹ ॥੧੬॥

*(ਪੰਨਾ ੧੩੬੧)*

***ਉਚਾਰਣ-ਬੋਧ :*** ਭੁਯੰਗੰ ਨੂੰ ਭੁਇਅੰਗੰ; ਬ੍ਯਾਧਿ ਨੂੰ ਬਿਆਧਿ ਬੋਲੋ ਜੀ। ਗਾਰੁੜੀ—'ਗਾਰੜੀ' ਉਚਾਰਣ ਨਹੀਂ ਕਰਨਾ; 'ਰ' '_' ਨੂੰ ਉਚਾਰਣ ਦਾ ਹਿੱਸਾ ਬਨਾਣਾ ਹੈ।

***ਪਦ ਅਰਥ :*** ਦਸਨ—ਦੰਦ। ਬਿਹੂਨ—ਬਿਨਾਂ। ਭੁਯੰਗੰ—ਸੱਪ। ਗਾਰੁੜੀ—ਸੱਪ ਦਾ ਜ਼ਹਿਰ ਦੂਰ ਕਰਨ ਵਾਲਾ, ਮਾਂਦਰੀ। ਮੰਤ੍ੰ ਗਾਰੁੜੀ—ਸੱਪ ਦਾ ਜ਼ਹਿਰ ਦੂਰ ਕਰਨ ਵਾਲਾ ਮੰਤਰ। ਨਿਵਾਰੰ—ਦੂਰ ਕਰਨਾ। ਬ੍ਯਾਧਿ—ਬਿਆਧ, ਰੋਗ। ਉਪਾੜਣ—ਨਾਸ ਕਰਨ ਵਾਲੇ। ਲਬਧ ਕਰਮਣਹ—ਭਾਗਾਂ ਨਾਲ ਲੱਭਦੇ ਹਨ।੧੬।

***ਅਰਥ :*** ਜਿਵੇਂ ਮਾਂਦਰੀ ਗਾਰੁੜੀ-ਮੰਤਰ ਦੁਆਰਾ ਸੱਪ ਨੂੰ ਦੰਦ-ਹੀਣਾ ਕਰ ਕੇ, ਉਸ ਦੀ ਜ਼ਹਿਰ ਕੱਢ ਦੇਂਦਾ ਹੈ, ਤਿਵੇਂ ਹੀ 'ਨਾਨਕ'! ਸੰਤ ਜਨ (ਨਾਮ ਬਾਣੀ ਦੁਆਰਾ ਜੀਵ ਦੇ) ਸਰਬ ਰੋਗ ਤੇ ਦੋਖ ਕਟਣਹਾਰ ਹਨ। ਅਜਿਹੇ ਗੁਰਮੁਖ ਜਨਾਂ ਦਾ ਸੰਗ ਭਾਗਾਂ ਨਾਲ ਪ੍ਰਾਪਤ ਹੁੰਦਾ ਹੈ।੧੬।

***ਸਾਰੰਸ਼ :*** ਗੁਰਮੁਖ ਸੰਤ ਜਨਾਂ ਦੇ ਸੰਗ ਵਿਚ ਸਭ ਰੋਗ ਤੇ ਦੋਖ ਕੱਟੇ ਜਾਂਦੇ ਹਨ। ਗੁਰੂ-ਵਰੋਸਾਇ ਗੁਰਮੁਖ ਜਨ ਵੱਡੇ ਭਾਗਾਂ ਨਾਲ ਮਿਲਦੇ ਹਨ। ਯਥਾ ਗੁਰਵਾਕ :

---

੧. *ਨੋਟ :* ਪੁਰਾਤਨ ਹੱਥ-ਲਿਖਤ ਬੀੜਾਂ ਵਿਚ ਪਾਠ 'ਲਬਧੰ' ਮਿਲਦਾ ਹੈ।

ਸਾਧ ਕੈ ਸੰਗਿ ਕਲੂਖਤ ਹਰੈ ॥
ਸਾਧ ਕੈ ਸੰਗਿ ਨਰਕ ਪਰਹਰੈ ॥੬॥੭॥ *(ਗਉੜੀ ਸੁਖਮਨੀ ਮ: ੫, ਪੰਨਾ ੨੭੨)*

**ਜਥ ਕਥ ਰਮਣੰ**
**ਸਰਣੰ ਸਰਬਤ੍ਰ ਜੀਅਣਹ ॥**
**ਤਥ ਲਗਣੰ ਪ੍ਰੇਮ ਨਾਨਕ ॥**
**ਪਰਸਾਦੰ ਗੁਰ ਦਰਸਨਹ ॥੧੭॥** *(ਪੰਨਾ ੧੩੬੧)*

***ਉਚਾਰਣ-ਬੋਧ :*** ਜੀਅਣਹ, ਦਰਸਨਹ—ਅੰਤਲੇ 'ਹ' ਮੁਕਤੇ ਦਾ ਉਚਾਰਣ 'ਹਿ' ਕਰਨਾ ਦਰੁੱਸਤ ਨਹੀਂ।

***ਪਦ ਅਰਥ :*** ਜਥ ਕਥ—ਜਿਥੇ ਕਿਥੇ, ਭਾਵ ਸਭ ਥਾਈਂ। ਰਮਣੰ—ਰਮ ਰਿਹਾ ਹੈ, ਵਿਆਪ ਰਿਹਾ ਹੈ। ਸਰਣੰ ਸਰਬਤ੍ਰ ਜੀਅਣਹ—ਸਾਰੇ ਜੀਵਾਂ ਲਈ ਸਰਣ-ਜੋਗ ਹੈ। ਤਥ—ਤਿਥੇ, ਉਸ (ਦੀ ਚਰਨ ਸ਼ਰਨ ਵਿਚ)। ਪਰਸਾਦੰ—ਕਿਰਪਾ, ਬਖ਼ਸ਼ਸ਼। ਗੁਰ ਦਰਸਨਹ—ਗੁਰੂ ਦੇ ਦਰਸ਼ਨ ਦੁਆਰਾ, ਗਿਆਨ ਦੁਆਰਾ, ਉਪਦੇਸ਼ ਦੁਆਰਾ।੧੭।

***ਅਰਥ :*** (ਰਮਤ ਰਾਮ) ਜਿਥੇ ਕਿਥੇ, ਭਾਵ, ਸਭਨੀਂ ਥਾਈਂ ਰਵ ਰਿਹਾ ਹੈ। ਉਹ ਸਾਰੇ ਜੀਵਾਂ ਲਈ ਸਰਣ-ਜੋਗ ਹੈ। 'ਨਾਨਕ'! ਗੁਰੂ ਦੀ ਬਖ਼ਸ਼ਸ਼ ਅਤੇ ਗੁਰੂ ਦੇ ਗਿਆਨ ਦੁਆਰਾ ਤਿਥੇ (ਉਸ ਦੀ ਚਰਨ-ਸ਼ਰਨ ਵਿਚ) ਪ੍ਰੇਮ ਲੱਗਦਾ ਹੈ।੧੭।

***ਸਾਰੰਸ਼ :*** ਸਤਿਗੁਰੂ ਦੀ ਬਖ਼ਸ਼ਸ਼ ਅਤੇ ਗਿਆਨ ਦੁਆਰਾ ਹੀ ਸਰਬ-ਵਿਆਪਕ ਵਾਹਿਗੁਰੂ ਨਾਲ ਪ੍ਰੀਤ ਅਤੇ ਪ੍ਰਤੀਤ ਬਣ ਆਉਂਦੀ ਹੈ। ਗੁਰਵਾਕ :

ਗੁਰਹਿ ਦਿਖਾਇਓ ਲੋਇਨਾ ॥੧॥ਰਹਾਉ॥
ਈਤਹਿ ਊਤਹਿ ਘਟਿ ਘਟਿ ਘਟਿ ਘਟਿ
ਤੂੰ ਹੀ ਤੂੰ ਹੀ ਮੋਹਿਨਾ ॥੧॥੪॥੧੪੪॥ *(ਆਸਾ ਮ: ੫, ਪੰਨਾ ੪੦੭)*

**ਚਰਣਾਰਬਿੰਦ ਮਨ ਬਿਧ੍ਹੰ ॥**
**ਸਿਧ੍ਹੰ ਸਰਬ ਕੁਸਲਣਹ ॥**
**ਗਾਥਾ ਗਾਵੰਤਿ ਨਾਨਕ**
**ਭਬ੍ਹੰ ਪਰਾ ਪੂਰਬਣਹ ॥੧੮॥** *(ਪੰਨਾ ੧੩੬੧)*

***ਉਚਾਰਣ-ਬੋਧ :*** ਬਿਧੵੰ ਨੂੰ ਬਿਧਿਅੰ; ਸਿਧੵੰ ਨੂੰ ਸਿਧਿਅੰ; ਭਬੵੰ ਨੂੰ ਭੱਬਿਅੰ ਬੋਲੋ ਜੀ। ਕੁਸਲਣਹ, ਪੂਰਬਣਹ—'ਹ' ਉਚਾਰਣ 'ਹਿ' ਨਹੀਂ।

***ਪਦ ਅਰਥ :*** ਚਰਣਾਰਬਿੰਦ—ਚਰਨ-ਅਰਬਿੰਦ, ਚਰਨ-ਕਮਲ। ਬਿਧੵੰ—ਵਿੰਨ੍ਹਿਆ ਜਾਂਦਾ ਹੈ। ਸਿਧੵੰ—ਸਿਧ ਹੁੰਦੇ ਹਨ, ਪ੍ਰਾਪਤ ਹੁੰਦੇ ਹਨ। ਕੁਸਲਣਹ—ਸੁੱਖ। ਗਾਥਾ—ਪ੍ਰਭੂ ਦੇ ਗੁਣਾਂ ਦੀ ਕਥਾ। ਭਬੵੰ—ਭਾਗ-ਸ਼ੀਲ ਪੁਰਸ਼, ਸ੍ਰੇਸ਼ਟ ਪੁਰਸ਼। ਪਰਾ ਪੂਰਬਣਹ—ਪੂਰਬਲੇ ਲਿਖੇ ਲੇਖ।੧੮।

***ਅਰਥ :*** (ਜਿਸ ਜੀਵ ਦਾ) ਮਨ ਪ੍ਰਭੂ ਦੇ ਚਰਨ-ਕਮਲਾਂ ਵਿਚ ਵਿੰਨ੍ਹਿਆ ਜਾਂਦਾ ਹੈ (ਉਸ ਨੂੰ) ਸਾਰੇ ਸੁੱਖ ਅਨੰਦ ਪ੍ਰਾਪਤ ਹੋ ਜਾਂਦੇ ਹਨ। 'ਨਾਨਕ'! ਓਹੋ ਭਾਗ-ਸ਼ੀਲ ਪੁਰਸ਼ ਪ੍ਰਭੂ ਦੀ ਸੁਖਦਾਈ ਗਾਥਾ ਗਾਉਂਦਾ ਹੈ, ਜਿਸ ਦੇ ਭਾਗਾਂ ਵਿਚ ਧੁਰੋਂ ਲਿਖਿਆ ਹੁੰਦਾ ਹੈ।੧੮।

***ਸਾਰੰਸ਼ :*** ਪ੍ਰਭੂ ਦੇ ਚਰਨ-ਕਮਲਾਂ ਵਿਚ ਲੀਨ ਹੋਇਆਂ ਸਾਰੇ ਸੁੱਖ ਮਿਲ ਜਾਂਦੇ ਹਨ। ਪ੍ਰਭੂ ਦੀ ਸਿਫ਼ਤਿ-ਸਾਲਾਹ ਭਾਗਾਂ ਵਾਲਿਆਂ ਨੂੰ ਪ੍ਰਾਪਤ ਹੁੰਦੀ ਹੈ। ਗੁਰਵਾਕ :

**ਗੁਣ ਨਿਧਾਨ ਗੁਣ ਤਿਨ ਹੀ ਗਾਏ, ਜਾ ਕਉ ਕਿਰਪਾ ਧਾਰੀ ॥**
**ਸੋ ਸੁਖੀਆ ਧੰਨੁ ਉਸੁ ਜਨਮਾ, ਨਾਨਕ ਤਿਸੁ ਬਲਿਹਾਰੀ ॥੨॥੨॥**

*(ਟੋਡੀ ਮ: ੫, ਪੰਨਾ ੭੧੨)*

**ਸੁਭ ਬਚਨ ਰਮਣੰ**
**ਗਵਣੰ ਸਾਧ ਸੰਗੇਣ ਉਧਰਣਹ[1] ॥**
**ਸੰਸਾਰ ਸਾਗਰੰ ਨਾਨਕ**
**ਪੁਨਰਪਿ ਜਨਮ ਨ ਲਭੵਤੇ ॥੧੯॥** *(ਪੰਨਾ ੧੩੬੧)*

***ਉਚਾਰਣ-ਬੋਧ :*** ਲਭੵਤੇ—ਲਭਿਅਤੇ।

***ਪਦ ਅਰਥ :*** ਰਮਣੰ—ਉਚਾਰਣ ਨਾਲ। ਗਵਣੰ—ਗਮਨ ਕਰਨ ਨਾਲ, ਜਾਣ ਨਾਲ। ਸਾਧ ਸੰਗੇਣ—ਸਾਧ ਸੰਗਤ ਵਿਚ। ਉਧਰਣਹ—ਉਧਰ ਜਾਈਦਾ ਹੈ, ਤਰ ਜਾਈਦਾ ਹੈ। ਸੰਸਾਰ ਸਾਗਰੰ—ਸੰਸਾਰ-ਸਮੁੰਦਰ ਤੋਂ। ਪੁਨਰਪਿ—ਮੁੜ ਕੇ, ਫੇਰ, ਪੁਨਾ। ਲਭੵਤੇ—ਲੱਭਦਾ, ਮਿਲਦਾ।੧੯।

---

੧. *ਨੋਟ :* ਸ਼ਬਦ 'ਉਧਰਣਹ' ਮਗਰੋਂ ਲੱਗੀਆਂ ਡੰਡੀਆਂ ਬਾਰੇ ਲਿਖਤੀ ਬੀੜਾਂ ਤੋਂ ਖੋਜ ਕੀਤੇ ਜਾਣ ਦੀ ਲੋੜ ਹੈ।

***ਅਰਥ :*** 'ਨਾਨਕ'! (ਨਿਤਾਪ੍ਰਤਿ) ਸਾਧ ਸੰਗਤ ਵਿਚ ਜਾਣ ਅਤੇ ਸਾਧੂ-ਸਤਿਗੁਰੂ ਦੇ ਸ਼ੁਭ ਬਚਨ (ਗੁਰਬਾਣੀ) ਉਚਾਰਣ ਕਰਨ ਨਾਲ ਸੰਸਾਰ-ਸਾਗਰ ਤੋਂ ਤਰ ਜਾਈਦਾ ਹੈ ਅਤੇ ਫਿਰ ਸੰਸਾਰ-ਸਮੁੰਦਰ ਵਿਚ ਜਨਮ ਨਹੀਂ ਲੈਣਾ ਪੈਂਦਾ।੧੯।

***ਸਾਰੰਸ਼ :*** ਸਾਧ ਸੰਗਤ ਵਿਚ ਜੁੜ ਕੇ ਸਤਿਗੁਰੂ ਦੀ ਬਾਣੀ ਗਾਉਣ ਨਾਲ ਜਨਮ ਮਰਨ ਦੇ ਗੇੜ ਕੱਟੇ ਜਾਂਦੇ ਹਨ। ਜਿਵੇਂ :

**ਗੁਰਮੁਖਿ ਸੁਖ ਫਲ ਸਾਧ ਸੰਗਿ, ਮਿਲਿ ਦੁਤਰੁ ਤਰਣੇ ॥੧੨॥**

*(ਭਾਈ ਗੁਰਦਾਸ ਜੀ, ਵਾਰ ੩੮)*

**ਬੇਦ ਪੁਰਾਣ ਸਾਸਤ੍ਰ ਬੀਚਾਰੰ ॥**
**ਏਕੰਕਾਰ ਨਾਮ ਉਰਧਾਰੰ ॥**
**ਕੁਲਹ ਸਮੂਹ ਸਗਲ ਉਧਾਰੰ ॥**
**ਬਡਭਾਗੀ ਨਾਨਕ ਕੋ ਤਾਰੰ ॥੨੦॥** *(ਪੰਨਾ ੧੩੬੧)*

***ਪਦ ਅਰਥ :*** ਏਕੰਕਾਰ—ਇੱਕੋ ਇਕ ਵਾਹਿਗੁਰੂ। ਉਰਧਾਰੰ—ਹਿਰਦੇ ਵਿਚ ਧਾਰਨ ਨਾਲ। ਕੁਲਹ ਸਮੂਹ—ਸਾਰੀਆਂ ਕੁਲਾਂ। ਉਧਾਰੰ—ਉੱਧਾਰ ਹੁੰਦਾ ਹੈ। ਕੋ—ਕੋਈ।੨੦।

***ਅਰਥ :*** ਇੱਕੋ ਇਕ ਅਦੁੱਤੀ ਵਾਹਿਗੁਰੂ ਦੇ ਨਾਮ ਨੂੰ ਹਿਰਦੇ ਅੰਦਰ ਧਾਰਨ ਕਰਨ ਵਿਚ ਹੀ ਵੇਦਾਂ, ਪੁਰਾਣਾਂ, ਸ਼ਾਸਤ੍ਰਾਂ ਦੀ ਵੀਚਾਰ ਆ ਜਾਂਦੀ ਹੈ। (ਇਸ ਤਰ੍ਹਾਂ ਸਿਮਰਨ ਦੀ ਬਰਕਤ ਨਾਲ ਜੀਵ ਦੀਆਂ) ਸਾਰੀਆਂ ਕੁਲਾਂ ਦਾ ਉੱਧਾਰ ਹੋ ਜਾਂਦਾ ਹੈ। 'ਨਾਨਕ'! (ਸਿਮਰਨ ਦੁਆਰਾ) ਕੋਈ ਵਿਰਲਾ ਵਡਭਾਗਾ ਮਨੁੱਖ ਹੀ ਆਪਣੇ ਆਪ ਨੂੰ ਤੇ ਕੁਲਾਂ ਨੂੰ ਤਾਰਨ ਵਾਲਾ ਹੁੰਦਾ ਹੈ।੨੦।

***ਸਾਰੰਸ਼ :*** ਨਾਮ-ਸਿਮਰਨ ਸ੍ਰੇਸ਼ਟ ਗਿਆਨ-ਵੀਚਾਰ ਹੈ, ਜਿਸ ਦੁਆਰਾ ਮਨੁੱਖ ਆਪ ਤਰ ਜਾਂਦਾ ਹੈ ਤੇ ਸਾਰੀਆਂ ਕੁਲਾਂ ਦਾ ਉੱਧਾਰ ਕਰ ਲੈਂਦਾ ਹੈ। ਗੁਰਵਾਕ :

**ਸੋ ਵਡਭਾਗੀ ਜਿਸੁ ਨਾਮਿ ਪਿਆਰੁ ॥**
**ਤਿਸ ਕੈ ਸੰਗਿ ਤਰੈ ਸੰਸਾਰੁ ॥੧॥ਰਹਾਉ॥**
**ਸੋਈ ਗਿਆਨੀ ਜਿ ਸਿਮਰੈ ਏਕ ॥**
**ਸੋ ਧਨਵੰਤਾ ਜਿਸੁ ਬੁਧਿ ਬਿਬੇਕ ॥੨॥੩੫॥੪੮॥**

*(ਭੈਰਉ ਮ: ੫, ਪੰਨਾ ੧੧੫੦)*

**ਸਿਮਰਣੰ ਗੋਬਿੰਦ ਨਾਮੰ**
**ਉਧਰਣੰ ਕੁਲ ਸਮੂਹਣਹ ॥**
**ਲਬਧਿਅੰ ਸਾਧ ਸੰਗੇਣ**
**ਨਾਨਕ ਵਡਭਾਗੀ ਭੇਟੰਤਿ ਦਰਸਨਹ ॥੨੧॥** *(ਪੰਨਾ ੧੩੬੧)*

***ਉਚਾਰਣ-ਬੋਧ :*** ਸਮੂਹਣਹ, ਦਰਸਨਹ ਸ਼ਬਦਾਂ ਵਿਚ ਅੰਤਲੇ 'ਹ' ਦਾ ਉਚਾਰਣ 'ਹਿ' ਨਹੀਂ ਕਰਨਾ।

***ਪਦ ਅਰਥ :*** ਗੋਬਿੰਦ ਨਾਮੰ—ਪ੍ਰਭੂ ਦਾ ਨਾਮ। ਉਧਰਣੰ—ਪਾਰ-ਉਤਾਰਾ ਹੁੰਦਾ ਹੈ। ਕੁਲ ਸਮੂਹਣਹ—ਸਾਰੀਆਂ ਕੁਲਾਂ। ਲਬਧਿਅੰ—ਲੱਭਦਾ ਹੈ। ਸਾਧ ਸੰਗੇਣ—ਸਾਧੂ ਦੀ ਸੰਗਤ ਵਿਚ। ਭੇਟੰਤਿ ਦਰਸਨਹ—ਦਰਸ਼ਨ ਪਰਸਦਾ ਹੈ।੨੧।

***ਅਰਥ :*** ਸ੍ਰਿਸ਼ਟੀ ਦੇ ਮਾਲਕ ਗੋਬਿੰਦ ਦੇ ਨਾਮ ਦਾ ਸਿਮਰਨ ਕਰਨ ਨਾਲ ਸਾਰੀਆਂ ਕੁਲਾਂ ਦਾ ਪਾਰ-ਉਤਾਰਾ ਹੋ ਜਾਂਦਾ ਹੈ। 'ਨਾਨਕ'! ਇਹ ਸਿਮਰਨ ਸਾਧੂ-ਸਤਿਗੁਰੂ ਦੀ ਸੰਗਤ ਵਿੱਚੋਂ ਲੱਭਦਾ ਹੈ, ਪਰ ਕੋਈ ਵਿਰਲਾ ਵਡਭਾਗਾ ਮਨੁੱਖ ਹੀ ਸਤਿਗੁਰੂ ਦਾ ਦਰਸ਼ਨ ਪਰਸਦਾ ਹੈ।੨੧।

***ਸਾਰੰਸ਼ :*** ਪ੍ਰਭੂ ਦਾ ਨਾਮ-ਸਿਮਰਨ ਸਭ ਕੁਲਾਂ ਦਾ ਉੱਧਾਰ ਕਰਦਾ ਹੈ, ਪਰ ਇਹ ਨਾਮ ਵੱਡੇ ਭਾਗਾਂ ਨਾਲ ਸਤਿਗੁਰੂ ਤੋਂ ਪ੍ਰਾਪਤ ਹੁੰਦਾ ਹੈ।

**ਸਰਬ ਦੋਖ ਪਰੰਤਿਆਗੀ**
**ਸਰਬ ਧਰਮ ਦ੍ਰਿੜੰਤਣਃ ॥**
**ਲਬਧੇਣਿ ਸਾਧ ਸੰਗੇਣਿ**
**ਨਾਨਕ ਮਸਤਕਿ ਲਿਖ੍ਹਣਃ ॥੨੨॥** *(ਪੰਨਾ ੧੩੬੧)*

***ਨੋਟ :*** ਚਿੰਨ੍ਹ (ঃ) ਵਿਸਰਗ ਹੈ, ਜਿਸਦਾ ਉਚਾਰਣ 'ਹ' ਵਾਂਗ ਹੁੰਦਾ ਹੈ।

***ਉਚਾਰਣ-ਬੋਧ :*** ਦ੍ਰਿੜੰਤਣਃ ਨੂੰ ਦ੍ਰਿੜੰਤਣਹ; ਲਿਖ੍ਹਣਃ ਨੂੰ ਲਿਖਿਅਣਹ ਬੋਲੋ ਜੀ।

***ਪਦ ਅਰਥ :*** ਸਰਬ ਦੋਖ—ਸਾਰੇ ਪਾਪ। ਪਰੰਤਿਆਗੀ—ਪੂਰੀ ਤਰ੍ਹਾਂ ਛੁਟਕਾਰਾ ਪਾਉਣ ਵਾਲਾ। ਸਰਬ ਧਰਮ—ਸਾਰੇ ਧਰਮ। ਦ੍ਰਿੜੰਤਣਃ—ਦ੍ਰਿੜ੍ਹ ਕਰਦਾ ਹੈ। ਲਬਧੇਣਿ—ਲੱਭਦੀ ਹੈ। ਸਾਧ ਸੰਗੇਣਿ—ਸਾਧੂ- ਸਤਿਗੁਰੂ ਦੀ ਸੰਗਤ। ਮਸਤਕਿ—ਮੱਥੇ ਉੱਤੇ। ਲਿਖ੍ਹਣਃ—ਲਿਖੇ ਲੇਖ ਅਨੁਸਾਰ।੨੨।

ਅਰਥ ਪਿਛਲੀ ਤੁੱਕ ਤੋਂ ਚੁੱਕਿਆ ਗਿਆ ਹੈ:

***ਅਰਥ :*** 'ਨਾਨਕ'! ਜਿਸ ਦੇ ਮੱਥੇ ਉੱਤੇ (ਸ਼ੁਭ) ਲੇਖ ਲਿਖਿਆ ਹੁੰਦਾ ਹੈ, ਉਸ ਨੂੰ ਸਾਧੂ-ਸਤਿਗੁਰੂ ਦੀ ਸੰਗਤ ਪ੍ਰਾਪਤ ਹੁੰਦੀ ਹੈ। ਉਹ ਮਨੁੱਖੀ ਫ਼ਰਜ਼ ਦ੍ਰਿੜ੍ਹ ਕਰਨ ਵਾਲਾ ਅਤੇ ਕਾਮਾਦਿਕ ਸਾਰੇ ਦੋਖੀਆਂ ਦਾ ਮੂਲੋਂ ਹੀ ਤਿਆਗੀ ਹੋ ਜਾਂਦਾ ਹੈ।੨੨।

***ਸਾਰੰਸ਼ :*** (੧) **ਮਹਿਮਾ ਸਾਧੂ ਸੰਗ ਕੀ, ਸੁਨਹੁ ਮੇਰੇ ਮੀਤਾ॥**
**ਮੈਲੁ ਖੋਈ ਕੋਟਿ ਅਘ ਹਰੇ, ਨਿਰਮਲ ਭਏ ਚੀਤਾ॥੧॥ਰਹਾਉ॥**
*(ਬਿਲਾਵਲੁ ਮ: ੫, ਪੰਨਾ ੮੦੯)*

(੨) **ਸਰਬ ਧਰਮ ਮਾਨੋ ਤਿਹ ਕੀਏ,**
**ਜਿਹ ਪ੍ਰਭ ਕੀਰਤਿ ਗਾਈ॥੨॥੨॥**
*(ਰਾਮਕਲੀ ਮ: ੯, ਪੰਨਾ ੯੦੨)*

**ਹੋਯੋ ਹੈ ਹੋਵੰਤੋ**
**ਹਰਣ ਭਰਣ ਸੰਪੂਰਣਃ॥**
**ਸਾਧੂ ਸਤਮ ਜਾਣੋ**
**ਨਾਨਕ ਪ੍ਰੀਤਿ ਕਾਰਣੰ॥੨੩॥** *(ਪੰਨਾ ੧੩੬੧)*

***ਉਚਾਰਣ-ਬੋਧ :*** ਹੋਯੋ ਨੂੰ ਹੋਇਓ; ਸੰਪੂਰਣਃ ਨੂੰ ਸੰਪੂਰਣਹ ਉਚਾਰਣ ਕਰੋ ਜੀ।

***ਪਦ ਅਰਥ :*** ਹੋਯੋ—ਜੋ ਪਹਿਲਾਂ ਸੀ। ਹੈ—ਜੋ ਹੁਣ ਹੈ। ਹੋਵੰਤੋ—ਜੋ ਅਗਾਂਹ ਨੂੰ ਹੋਵੇਗਾ। ਹਰਣ—ਹਰਣ ਵਾਲਾ, ਨਾਸ ਕਰਨ ਵਾਲਾ। ਭਰਣ—ਭਰਨ ਵਾਲਾ, ਪਾਲਣ ਵਾਲਾ। ਸੰਪੂਰਣਃ—ਸੰਪੂਰਣ, ਪਰੀਪੂਰਣ ਹੈ। ਸਾਧੂ—ਸਤਿਗੁਰੂ। ਸਤਮ ਜਾਣੋ—ਸੱਚ ਕਰ ਕੇ ਜਾਣੋ, ਨਿਸਚੇ ਕਰ ਕੇ ਜਾਣੋ।੨੩।

***ਅਰਥ :*** (ਸਰਬ ਜੀਵਾਂ ਦੇ) ਨਾਸ ਕਰਨ ਵਾਲਾ ਅਤੇ ਪ੍ਰਤਿਪਾਲਣ ਵਾਲਾ ਪੂਰਾ ਪ੍ਰਭੂ ਤਿੰਨਾਂ ਕਾਲਾਂ ਵਿਚ ਪਰੀਪੂਰਣ ਹੈ, ਭਾਵ ਪਿੱਛੇ ਸੀ, ਹੁਣ ਹੈ ਅਤੇ ਅੱਗੇ ਨੂੰ ਹੋਵੇਗਾ। 'ਨਾਨਕ'! ਇਹ ਨਿਸਚੇ ਕਰ ਕੇ ਜਾਣੋ ਕਿ (ਐਸੇ ਪ੍ਰਭੂ ਨਾਲ) ਪ੍ਰੀਤ ਪਾਉਣ ਦਾ ਵਸੀਲਾ (ਕੇਵਲ ਤੇ ਕੇਵਲ) ਸਾਧੂ-ਸਤਿਗੁਰੂ ਹੀ ਹੈ।੨੨।

***ਸਾਰੰਸ਼ :*** ਇਹ ਅਟੱਲ ਸੱਚਾਈ ਹੈ ਕਿ ਸਦੀਵਕਾਲ ਜੀਵਾਂ ਨੂੰ ਮਾਰਨ

ਜੀਵਾਲਣ ਵਾਲੇ ਸਰਬ-ਸਮਰੱਥ ਵਾਹਿਗੁਰੂ ਨਾਲ ਪਿਆਰ ਅਤੇ ਮੇਲ ਸਤਿਗੁਰੂ ਰਾਹੀਂ ਹੀ ਹੋ ਸਕਦਾ ਹੈ। ਗੁਰਵਾਕ :

**ਏਕੰਕਾਰੁ ਸਤਿਗੁਰ ਤੇ ਪਾਈਐ**
**ਹਉ ਬਲਿ ਬਲਿ ਗੁਰ ਦਰਸਾਇਣਾ॥** *(ਮਾਰੂ ਸੋਲਹੇ ਮ: ੫, ਪੰਨਾ ੧੦੭੮)*

**ਸੁਖੇਣ ਬੈਣ ਰਤਨੰ**
**ਰਚਨੰ ਕਸੁੰਭ ਰੰਗਣਃ॥**
**ਰੋਗ ਸੋਗ ਬਿਓਗੰ**
**ਨਾਨਕ ਸੁਖੁ ਨ ਸੁਪਨਹ ॥੨੪॥** *(ਪੰਨਾ ੧੩੬੧)*

***ਉਚਾਰਣ-ਬੋਧ :*** ਰੰਗਣਃ ਦਾ ਉਚਾਰਣ ਰੰਗਣਹ। ਸੁਪਨਹ—ਅੰਤਲੇ 'ਹ' ਦਾ ਉਚਾਰਣ 'ਹਿ' ਨਹੀਂ ਕਰਨਾ ਚਾਹੀਦਾ।

***ਪਦ ਅਰਥ :*** ਸੁਖੇਣ—ਸੁੱਖ ਦੇਣ ਵਾਲੇ, ਸੁਖਦਾਈ। ਬੈਣ—ਬਚਨ। ਰਚਨੰ—ਰਚਣ ਨਾਲ, ਖਚਤ ਹੋਇਆਂ। ਕਸੁੰਭ ਰੰਗਣਃ—ਕਸੁੰਭੇ ਦਾ ਕੱਚਾ ਰੰਗ, ਮਾਇਆ ਦਾ ਪਿਆਰ। ਸੋਗ—ਚਿੰਤਾ। ਬਿਓਗੰ—ਵਿਜੋਗ, ਵਿਛੋੜਾ। ਸੁਪਨਹ—ਸੁਪਨੇ ਵਿਚ।੨੪।

***ਅਰਥ :*** 'ਨਾਨਕ'! (ਗਾਥਾ ਵਿਚ ਗੁੰਦੇ, ਅਥਵਾ, ਅੰਕਿਤ ਕੀਤੇ) ਰਤਨਾਂ ਸਮਾਨ ਅਮੋਲਕ ਅਤੇ ਸੁਖਦਾਈ ਬਚਨਾਂ ਦੇ ਹੁੰਦਿਆਂ (ਜੋ ਮਨੁੱਖ) ਕਸੁੰਭੇ ਦੇ ਰੰਗ, ਭਾਵ, ਛਿਨ-ਭੰਗਰ ਮਾਇਆ ਦੇ ਪਿਆਰ ਵਿਚ ਖੱਚਤ ਹੁੰਦਾ ਹੈ, ਰੋਗ ਸੋਗ ਤੇ ਵਿਛੋੜਾ ਹੀ ਉਸ ਦੇ (ਪੱਲੇ ਪੈਂਦੇ) ਹਨ ਅਤੇ ਉਸ ਨੂੰ ਸੁਪਨੇ ਵਿਚ ਵੀ ਸੁੱਖ ਨਸੀਬ ਨਹੀਂ ਹੁੰਦਾ।੨੪।

***ਸਾਰੰਸ਼ :*** ਮਾਇਕ ਰਸਾਂ ਵਿਚ ਸੁੱਖ ਕਿਥੇ ? ਸੁੱਖ ਕੇਵਲ ਸਤਿਗੁਰੂ ਦੇ ਉਪਦੇਸ਼ ਨੂੰ ਧਾਰਨ ਕੀਤਿਆਂ ਹੀ ਮਿਲ ਸਕਦਾ ਹੈ। ਗੁਰਵਾਕ :

**ਇਸੁ ਜੁਗ ਮਹਿ ਸੋਭਾ ਨਾਮ ਕੀ**
**ਬਿਨੁ ਨਾਵੈ ਸੋਭ ਨ ਹੋਇ॥**
**ਇਹ ਮਾਇਆ ਕੀ ਸੋਭਾ ਚਾਰਿ ਦਿਹਾੜੇ**
**ਜਾਦੀ ਬਿਲਮੁ ਨ ਹੋਇ॥੫॥੧੩॥੩੫॥** *(ਆਸਾ ਮ: ੩, ਪੰਨਾ ੪੨੯)*

•

# ਜ਼ਰੂਰੀ ਜਾਣਕਾਰੀ

ਹਥਲੇ ਸਟੀਕ ਵਿਚ ਸ਼ਬਦਾਂ ਦੇ ਉਚਾਰਣ ਬਾਰੇ ਕੁਝ ਸੁਝਾਅ ਦਿੱਤੇ ਗਏ ਹਨ। ਜਿਨ੍ਹਾਂ ਸਾਧਾਰਨ ਪਾਠਕਾਂ ਨੂੰ ਨਾ ਹੀ ਪੰਜਾਬੀ ਵਿਆਕਰਣ ਦੀ ਅਤੇ ਨਾ ਹੀ ਗੁਰਬਾਣੀ ਵਿਆਕਰਣ ਦੀ ਕੋਈ ਜਾਣਕਾਰੀ ਹੈ, ਉਨ੍ਹਾਂ ਦੇ ਸੌਖ ਲਈ ਉਚਾਰਣ ਬਾਰੇ ਦਿੱਤੇ ਇਨ੍ਹਾਂ ਸੰਕੇਤਕ ਸ਼ਬਦਾਂ ਬਾਰੇ ਸੰਖੇਪ ਜਾਣਕਾਰੀ ਦਿੱਤੀ ਜਾਂਦੀ ਹੈ। ਗੁਰਬਾਣੀ ਵਿਚ ਸ਼ਬਦਾਂ ਦੇ ਅੰਤ ਵਿਚ ਲੱਗੀਆਂ ਲਗਾਂ ਮਾਤ੍ਰਾਂ ਕਿਸੇ ਨਿਯਮ ਅਧੀਨ ਹਨ, ਜਿਨ੍ਹਾਂ ਦਾ ਸੰਬੰਧ ਅਰਥਾਂ ਨਾਲ ਹੈ। ਅਰਥਾਂ ਨੂੰ ਮੁਖ ਰੱਖ ਕੇ ਇਨ੍ਹਾਂ ਲਗਾਂ ਮਾਤ੍ਰਾਂ ਦਾ ਉਚਾਰਣ ਵੀ ਸਹੀ ਜਾਨਣ ਲਈ ਇਹ ਸੰਕੇਤ, ਸ਼ਬਦਾਂ ਦੇ ਹੇਠ, ਨਾਲੋ ਨਾਲ ਦਿੱਤੇ ਗਏ ਹਨ:

**ਸੁਰ**—ਪੈਂਤੀ ਅੱਖਰੀ (ਪੰਜਾਬੀ ਲਿਪੀ) ਦੇ ਨਾਲ ਜੋ ਲਗਾਂ ਮਾਤ੍ਰਾਂ (ਮੁਕਤਾ/ਾ/ਿ/ੀ/ ੁ/ ੂ/ ੇ/ ੈ/ ੋ/ ੌ/ ੰ) ਲੱਗੀਆਂ ਹੋਈਆਂ ਹਨ, ਇਨ੍ਹਾਂ ਦਸ ਚਿੰਨ੍ਹਾਂ ਨੂੰ ਵਿਆਕਰਣ ਦੀ ਬੋਲੀ ਵਿਚ 'ਸੁਰ' ਕਿਹਾ ਜਾਂਦਾ ਹੈ। ਇਨ੍ਹਾਂ ਵਿੱਚੋਂ ਕੋਈ ਚਿੰਨ੍ਹ ਕਿਸੇ ਸ਼ਬਦ ਦੇ ਅੰਤ ਵਿਚ ਆਵੇ ਤਾਂ ਉਸ ਨੂੰ 'ਅੰਤਲਾ ਸੁਰ' ਆਖਿਆ ਜਾਂਦਾ ਹੈ; ਜਿਵੇਂ: ਨਾਉ, ਕਿਉ, ਏਦੂ, ਬੋਲਹੁ, ਪੁੜ੍ਹੀ, ਗਲਾ ਸ਼ਬਦਾਂ ਵਿਚ ਊੜੇ ਨੂੰ 'ਔਂਕੜ', ਦੱਦੇ ਨੂੰ 'ਦੁਲੈਂਕੜ', ਹਾਹੇ ਨੂੰ 'ਔਂਕੜ', ੜ੍ਹੀ ਨੂੰ 'ਬਿਹਾਰੀ', ਲੱਲੇ ਨਾਲ 'ਕੰਨਾ' ਅੰਤਲੇ ਸੁਰ ਹਨ।

**ਨਾਸਕੀ ਉਚਾਰਣ**—ਉਚਾਰਣ ਕਰਨ ਲੱਗਿਆਂ ਨਾਸਾਂ ਰਾਹੀਂ ਨਿਕਲੇ, ਅਥਵਾ ਆਵਾਜ਼ ਵਿਚ ਟਿੱਪੀ ਜਾਂ ਬਿੰਦੀ ਦੀ ਧੁਨੀ ਮਿਲੀ ਹੋਵੇ, ਅਜਿਹਾ ਉਚਾਰਣ ਨਾਸਕੀ ਹੁੰਦਾ ਹੈ।

**ਦੁੱਤ ਉਚਾਰਣ**—ਜਦੋਂ ਕਿਸੇ ਸ਼ਬਦ ਦੀ ਆਵਾਜ਼ ਨੂੰ ਦੂਹਰਾ ਕਰ ਕੇ ਉਚਾਰਦੇ ਹਾਂ, ਉਸ ਦੂਹਰੀ ਆਵਾਜ਼ ਦੇਣ ਵਾਲੀ ਧੁਨੀ ਨੂੰ ਦੁੱਤ ਕਰਨਾ ਕਿਹਾ ਜਾਂਦਾ ਹੈ। ਅਜੋਕੀ ਪੰਜਾਬੀ ਵਿਚ ਜਿਸ ਅੱਖਰ ਦੀ ਧੁਨੀ ਦੁੱਤ ਕਰਨੀ ਹੋਵੇ, ਉਸ ਦੇ ਅਤੇ ਉਸ ਤੋਂ ਪਹਿਲੇ ਅੱਖਰ ਦੇ ਵਿਚਕਾਰ ਉਪਰ ਵੱਲ ਅੱਧਕ (ੱ) ਲਾ ਦਿੱਤੀ ਜਾਂਦੀ ਹੈ; ਜਿਵੇਂ:

ਦਬਟੀਐ—(ਦਬੱਟੀਐ) 'ਟ' ਦੀ ਧੁਨੀ ਦੁੱਤ ਕਰ ਕੇ। ਪਲਟੀਐ—(ਪਲੱਟੀਐ) 'ਟ' ਦੀ ਧੁਨੀ ਦੁੱਤ ਕਰ ਕੇ।

ਮਸਕਤਿ—(ਮਸੱਕਤਿ) 'ਕ' ਦੀ ਧੁਨੀ ਦੁੱਤ ਕਰ ਕੇ। ਉਚਕਾ—(ਉਚੱਕਾ) 'ਕ' ਦੀ ਧੁਨੀ ਦੁੱਤ ਕਰ ਕੇ।

**ਵਿਸ਼ੇਸ਼ ਧੁਨੀ**—ਪੰਜਾਬੀ ਲਿਪੀ (ਪੈਂਤੀ ਅੱਖਰੀ) ਦੇ ਪੰਜ ਅੱਖਰਾਂ (ਸ, ਖ, ਗ, ਜ, ਫ) ਦੀਆਂ ਦੋ-ਦੋ ਧੁਨੀਆਂ ਹਨ। ਇਨ੍ਹਾਂ ਅੱਖਰਾਂ ਦੀ ਇਕ ਧੁਨੀ ਤਾਂ ਮੂਲਕ ਹੈ, ਪਰ ਦੂਜੀ 'ਵਿਸ਼ੇਸ਼ ਧੁਨੀ' ਨੂੰ ਦੱਸਣ ਲਈ ਅੱਜ-ਕੱਲ ਦੀ ਪੰਜਾਬੀ ਵਿਚ ਇਨ੍ਹਾਂ ਦੇ ਥੱਲੇ ਬਿੰਦੀ ਦੀ ਵਰਤੋਂ ਕਰ ਕੇ (ਸ਼, ਖ਼, ਗ਼, ਜ਼, ਫ਼) ਲਿਖਿਆ ਜਾਂਦਾ ਹੈ। ਥਲੜੀ ਬਿੰਦੀ ' . ' ਦੀ ਵਰਤੋਂ ਵਾਲੇ ਅੱਖਰਾਂ ਦਾ ਉਚਾਰਣ ਦੱਸਣ ਨੂੰ ਮੂਲਕ ਅੱਖਰਾਂ ਦੀ 'ਵਿਸ਼ੇਸ਼ ਧੁਨੀ' ਕਿਹਾ ਗਿਆ ਹੈ।

**'ਹ'**—'ਹ' ਮੁਕਤਾ ਦਾ ਉਚਾਰਣ ਬਹੁਤ ਕਰਕੇ ਸਿਹਾਰੀ ਹਾਹਾ ('ਹਿ') ਵਾਂਗ ਕੀਤਾ ਜਾਂਦਾ ਹੈ, ਜੋ ਠੀਕ ਨਹੀਂ। ਮੁਕਤਾ-ਅੰਤਿਕ 'ਹ' ਅੱਖਰ ਦੀ ਧੁਨੀ ਖੜੀ-ਤੜੀ ਹੁੰਦੀ ਹੈ।

**ਭਾਰ ਸਹਿਤ**—'ਹ' ਅੱਖਰ ਜਦੋਂ ਆਪਣੇ ਛੁਟੇਰੇ ਆਕਾਰ ਵਿਚ, ਚਿੰਨ੍ਹ ਰੂਪ ਹੋ ਕੇ, ਕਿਸੇ ਅੱਖਰ ਦੇ ਪੈਰ ਵਿਚ ਵਰਤਿਆ ਜਾਵੇ ਤਾਂ ਇਸ ਨੂੰ ਪੈਰ-ਚਿੰਨ੍ਹ ਵੀ ਕਿਹਾ ਜਾਂਦਾ ਹੈ। ਇਸ ਨਾਲ ਸੰਬੰਧਿਤ ਅੱਖਰ ਦੀ ਧੁਨੀ ਭਾਰੀ ਹੋ ਜਾਂਦੀ ਹੈ। ਸੋ 'ਭਾਰ ਸਹਿਤ ਉਚਾਰਣ' ਦਾ ਭਾਵ ਹੈ ਕਿ ਇਸ ਅੱਖਰ ਨੂੰ ਪੈਰੀਂ ਹਾਹਾ ਦੀ ਵਰਤੋਂ ਸਹਿਤ ਉਚਾਰਣਾ ਹੈ।

**ਸਮਾਸੀ ਸ਼ਬਦ**—ਜਦੋ ਦੋ ਵੱਖਰੇ-ਵੱਖਰੇ ਸ਼ਬਦਾਂ ਦਾ ਮੂਲਕ-ਰੂਪ ਵਿਚ ਜੋਟਾ ਬਣਾ ਕੇ ਇਕ ਜੁੜਵਾਂ ਸ਼ਬਦ ਬਣਾਇਆ ਜਾਵੇ ਤਾਂ ਉਸ ਜੁੜਵੇਂ ਸ਼ਬਦ ਨੂੰ 'ਸਮਾਸੀ ਸ਼ਬਦ' ਕਿਹਾ ਜਾਂਦਾ ਹੈ। ਜਿਵੇਂ: ਭਗਤ-ਬਾਣੀ (ਭਗਤਾਂ ਦੀ ਬਾਣੀ), ਨਾਮ-ਰਸ (ਨਾਮ ਦਾ ਰਸ), ਸੈ-ਡਾਲੀ (ਸੈ-ਡਾਲੀਆਂ ਵਾਲਾ), ਚਹੁ-ਜੁਗੀ (ਚਹੁੰਆਂ ਜੁਗਾਂ ਦਾ)।